@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
# Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 25 October 2025

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 25 ਅਕਤੂਬਰ 2025, 10 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 355, qpatrika@gmail.com ਫੋਨ : 9971359517 www.qaumipatrika.org

## ਕਾਂਗਰਸ ਦੇ ਐੱਮ. ਪੀ. ਇਮਰਾਨ ਨੇ ਹਮਾਸ ਦੀ ਤੁਲਨਾ ਕੀਤੀ ਸ਼ਹੀਦ ਭਗਤ ਸਿੰਘ ਨਾਲ

ਨਵੀਂ ਦਿੱਲੀ, 24 ਅਕਤੂਬਰ। ਕਾਂਗਰਸ ਦੇ ਸੰਸਦ ਮੈਂਬਰ ਇਮਰਾਨ ਮਸੂਦ ਨੇ ਫਲਸਤੀਨੀ ਸੰਗਠਨ ਹਮਾਸ ਦੀ ਤੁਲਨਾ ਸ਼ਹੀਦ ਭਗਤ ਸਿੰਘ ਨਾਲ ਕਰ ਕੇ ਵਿਵਾਦ ਛੇੜ ਦਿੱਤਾ ਪਰ ਬਾਅਦ 'ਚ ਉਨ੍ਹਾਂ ਆਪਣੀ ਟਿੱਪਣੀ ਵਾਪਸ ਲੈ ਲਈ। ਭਾਜਪਾ ਨੇ ਰਾਹੁਲ ਗਾਂਧੀ ਨੂੰ ਇਸ ਮੁੱਦੇ 'ਤੇ ਮੁਆਫ਼ੀ ਮੰਗਣ ਲਈ ਕਿਹਾ। ਵਿਵਾਦ ਪਿੱਛੋਂ ਮਸੂਦ ਨੇ ਆਪਣਾ ਬਿਆਨ ਵਾਪਸ ਲੈ ਲਿਆ ਤੇ ਦਾਅਵਾ ਕੀਤਾ ਕਿ ਉਨ੍ਹਾਂ ਕੋਈ ਤੁਲਨਾ ਨਹੀਂ ਕੀਤੀ। ਭਗਤ ਸਿੰਘ ਸ਼ਹੀਦ-ਏ-ਆਜ਼ਮ ਹਨ ਤੇ ਉਨ੍ਹਾਂ ਦੀ ਤੁਲਨਾ ਕਿਸੇ ਨਾਲ ਨਹੀਂ ਕੀਤੀ ਜਾ ਸਕਦੀ। ਭਾਜਪਾ ਨੇਤਾ ਅਤੇ ਇਸ ਦੇ ਆਈ. ਟੀ. ਵਿਭਾਗ ਦੇ ਮੁਖੀ ਅਮਿਤ ਮਾਲਵੀਆ ਨੇ 'ਐਕਸ' 'ਤੇ ਪੋਸਟ ਕਰਦੇ ਹੋਏ ਕਿਹਾ ਕਿ ਬਿਹਾਰ ਚੋਣਾਂ ਦੌਰਾਨ ਕਾਂਗਰਸ ਦੇ ਸੰਸਦ ਮੈਂਬਰ ਇਮਰਾਨ ਮਸੂਦ



ਵੱਲੋਂ ਭਗਤ ਸਿੰਘ ਦੀ ਤੁਲਨਾ ਅੱਤਵਾਦੀ ਸੰਗਠਨ ਹਮਾਸ ਨਾਲ ਕਰਨਾ ਇਕ ਯੋਜਨਾਬੱਧ ਰਣਨੀਤੀ ਦਾ ਹਿੱਸਾ ਹੈ। ਇਹ ਬਿਹਾਰੀਆਂ ਦਾ ਅਪਮਾਨ ਹੈ। ਭਗਤ ਸਿੰਘ ਦਾ ਬਿਹਾਰ ਨਾਲ ਡੂੰਘਾ ਸਬੰਧ ਸੀ। ਉਨ੍ਹਾਂ ਕਿਹਾ ਕਿ ਕੇਂਦਰੀ ਅਸੈਂਬਲੀ 'ਚ ਬੰਬ ਧਮਾਕੇ ਦੀ ਘਟਨਾ 'ਚ ਉਨ੍ਹਾਂ ਦੇ ਸਾਥੀ ਬਟੁਕੇਸ਼ਵਰ ਦੱਤ ਬਿਹਾਰ ਤੋਂ ਸਨ।

# ਪੰਜਾਬ ਸਰਕਾਰ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਦਾ ਆਰੰਭ ਅੱਜ ਦਿੱਲੀ ਤੋਂ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 24 ਅਕਤੂਬਰ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅੱਜ (25 ਅਕਤੂਬਰ) ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਦੇ ਆਰੰਭ ਮੌਕੇ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕਰਨਗੇ। ਇਸ ਬਾਰੇ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੇ ਇੱਕ ਬੁਲਾਰੇ ਨੇ ਅੱਜ ਇੱਥੇ ਦੱਸਿਆ ਕਿ ਸੂਬਾ ਸਰਕਾਰ ਸਿੱਖਾਂ ਦੇ ਨੌਵੇਂ ਗੁਰੂ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਮੀਰ ਵਿਰਾਸਤ ਨੂੰ ਅੱਗੇ ਤੋਰਨ ਦੇ ਉਦੇਸ਼ ਨਾਲ ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ ਲਈ 25 ਅਕਤੂਬਰ ਨੂੰ ਦਿੱਲੀ ਸਥਿਤ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਅਰਦਾਸ ਕਰੇਗੀ। ਸ਼ਾਮ ਨੂੰ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਵਿਖੇ ਕੀਰਤਨ ਦਰਬਾਰ ਕਰਵਾਇਆ ਜਾਵੇਗਾ ਜਿਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨਤਮਸਤਕ ਹੋਣਗੇ। ਇਸ ਕੀਰਤਨ ਦਰਬਾਰ ਵਿੱਚ ਪ੍ਰਸਿੱਧ ਰਾਗੀ ਭਾਈ ਅਮਰਜੀਤ ਸਿੰਘ ਤਾਨ, ਭਾਈ ਅਨੰਤਬੀਰ ਸਿੰਘ, ਭਾਈ ਚਮਨਜੀਤ ਸਿੰਘ ਲਾਲ, ਭਾਈ ਜੋਗਿੰਦਰ ਸਿੰਘ ਰਿਆੜ, ਭਾਈ ਦਵਿੰਦਰ ਸਿੰਘ ਸੋਢੀ, ਭਾਈ ਜਸਕਰਨ ਸਿੰਘ ਅਤੇ ਹੋਰ ਪ੍ਰਮੁੱਖ ਰਾਗੀ ਕੀਰਤਨ ਕਰਨਗੇ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਪਹਿਲਾਂ ਹੀ ਇਸ ਇਤਿਹਾਸਕ ਅਤੇ ਅਹਿਮ ਮੌਕੇ ਨੂੰ ਰਾਜ ਭਰ ਵਿੱਚ ਪ੍ਰਭਾਵਸ਼ਾਲੀ ਤਰੀਕੇ ਨਾਲ ਮਨਾਉਣ ਲਈ ਕਈ ਸਮਾਗਮ ਉਲੀਕੇ ਗਏ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਦੇ ਇਤਿਹਾਸਕ ਮੌਕੇ 'ਤੇ ਪੰਜਾਬ ਸਰਕਾਰ ਵੱਲੋਂ ਅਹਿਮ ਅਤੇ ਇਤਿਹਾਸਕ ਸਮਾਗਮ ਕਰਵਾਏ ਜਾਣਗੇ। ਇਹ ਸਮਾਗਮਾਂ ਦੀ ਲੜੀ ਪੂਰੇ ਸੂਬੇ ਵਿੱਚ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਕਰਵਾਈ ਜਾਵੇਗੀ ਅਤੇ ਇਹ ਇਤਿਹਾਸਕ ਸਮਾਗਮ ਮੁੱਖ ਤੌਰ 'ਤੇ ਸੂਬਾ ਸਰਕਾਰ ਦੀ ਦੇਖਰੇਖ ਹੇਠ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਹੋਣਗੇ। ਇਨ੍ਹਾਂ ਸਮਾਗਮਾਂ ਦੀ ਲੜੀ ਦਾ ਮੁੱਖ ਸੰਦੇਸ਼ ਲੋਕਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧਰਮ ਨਿਰਪੱਖਤਾ, ਮਨੁੱਖਤਾਵਾਦ ਅਤੇ ਕੁਰਬਾਨੀ ਦੀ ਭਾਵਨਾ ਦੇ ਉੱਚ ਆਦਰਸ਼ਾਂ 'ਤੇ ਚੱਲਣ ਲਈ ਪ੍ਰੇਰਿਤ ਕਰਨਾ ਹੋਵੇਗਾ, ਜਿਨ੍ਹਾਂ ਨੇ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੇ ਨਾਲ-ਨਾਲ ਧਰਮ ਨਿਰਪੱਖ ਕਦਰਾਂ-ਕੀਮਤਾਂ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕੀਤਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਹ ਸਰਵਉੱਚ ਕੁਰਬਾਨੀ ਮਨੁੱਖਤਾ ਦੇ



ਇਤਿਹਾਸ ਵਿੱਚ ਅਨੋਖੀ ਅਤੇ ਬੇਮਿਸਾਲ ਹੈ ਅਤੇ ਇਹ ਬੇਇਨਸਾਫ਼ੀ, ਜ਼ੁਲਮ ਅਤੇ ਅੱਤਿਆਚਾਰ ਵਿਰੁੱਧ ਧਰਮ ਯੁੱਧ ਦਾ ਪ੍ਰਤੀਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖੀ ਏਕਤਾ, ਵਿਸ਼ਵਵਿਆਪੀ ਭਾਈਚਾਰਾ, ਬਹਾਦਰੀ, ਧਰਮ ਅਤੇ ਦਇਆ ਦਾ ਉਪਦੇਸ਼ ਦਿੰਦੀ ਹੈ। ਸੂਬਾ ਸਰਕਾਰ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਦੀ ਇਹ ਲੜੀ ਮਹਾਨ ਸਿੱਖ ਗੁਰੂ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਅਤੇ ਲੋਕਾਂ ਨੂੰ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਸੱਚੀ ਭਾਵਨਾ ਨਾਲ ਚੱਲਣ ਲਈ ਪ੍ਰੇਰਿਤ ਕਰੇਗੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਫਲਸਫਾ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ ਅਤੇ ਇਹ ਸਮਾਗਮ ਇੱਕ ਪਾਸੇ ਇਸ ਮਹਾਨ ਵਿਰਾਸਤ ਨੂੰ ਅੱਗੇ ਵਧਾਉਣ ਵਿੱਚ ਸਹਾਇਕ ਹੋਣਗੇ ਅਤੇ ਦੂਜੇ ਪਾਸੇ ਫਿਰਕੂ ਸਦਭਾਵਨਾ, ਭਾਈਚਾਰਕ ਸਾਂਝ ਅਤੇ ਸ਼ਾਂਤੀ ਨੂੰ ਹੋਰ ਮਜ਼ਬੂਤ ਕਰਨਗੇ। ਇਨ੍ਹਾਂ ਸਮਾਗਮਾਂ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਮਹਾਨ ਗੁਰੂ ਸਾਹਿਬ ਦੀ ਸ਼ਾਨਦਾਰ ਵਿਰਾਸਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਇਆ ਜਾਵੇ।

# ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਸੁਧਾਰਾਂ ਦੀ ਤੁਰੰਤ ਲੋੜ : ਜੈਸ਼ੰਕਰ

ਕੌਮੀ ਪਤ੍ਰਿਕਾ

ਨਵੀਂ ਦਿੱਲੀ 24 ਅਕਤੂਬਰ। ਭਾਰਤ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ (ਯੂ. ਐੱਨ. ਐੱਸ. ਸੀ.) 'ਚ ਸੁਧਾਰਾਂ ਦੀ ਤੁਰੰਤ ਲੋੜ 'ਤੇ ਜ਼ੋਰ ਦਿੰਦੇ ਹੋਏ ਸ਼ੁੱਕਰਵਾਰ ਨੂੰ ਕਿਹਾ ਕਿ ਇਨ੍ਹਾਂ ਦੀ ਘਾਟ 'ਚ ਗਲੋਬਲ ਸੰਸਥਾ ਦਾ ਕੰਮਕਾਜ 'ਰੁਕ' ਗਿਆ ਹੈ। ਭਾਰਤ ਨੇ ਪਹਿਲਗਾਮ ਹਮਲੇ ਦੀ ਜ਼ਿੰਮੇਵਾਰੀ ਲੈਣ ਵਾਲੇ ਅੱਤਵਾਦੀ ਸੰਗਠਨ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਬਚਾਉਣ ਦੀਆਂ ਪਾਕਿਸਤਾਨ ਦੀਆਂ ਕੋਸ਼ਿਸ਼ਾਂ ਦਾ ਹਵਾਲਾ ਦਿੰਦੇ ਹੋਏ ਇਹ ਟਿੱਪਣੀ ਕੀਤੀ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਗਲੋਬਲ ਰਣਨੀਤੀ ਦੇ ਨਾਂ 'ਤੇ ਅੱਤਵਾਦ ਦੇ ਪੀੜ?ਤਾਂ ਅਤੇ ਗੁਨਾਹਗਾਰਾਂ ਨੂੰ ਇਕ ਬਰਾਬਰ ਮੰਨਣ ਵਾਲਿਆਂ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਨੇ ਇਹ ਟਿੱਪਣੀ ਭਾਰਤ ਅਤੇ ਪਾਕਿਸਤਾਨ ਨੂੰ ਇਕ ਹੀ ਪੈਮਾਨੇ 'ਤੇ ਤੋਲਣ ਦੀ ਸੋਚ ਵੱਲ ਇਸ਼ਾਰਾ ਕਰਦੇ ਹੋਏ ਕੀਤੀ, ਖਾਸ ਕਰ ਕੇ ਹਾਲ 'ਚ ਹੋਏ ਅੱਤਵਾਦੀ ਹਮਲੇ ਦੇ ਸੰਦਰਭ 'ਚ। ਜੈਸ਼ੰਕਰ ਨੇ ਸੰਯੁਕਤ ਰਾਸ਼ਟਰ (ਯੂ. ਐੱਨ.) ਦੀ 80ਵੀਂ ਵਰ੍ਹੇਗੰਢ ਦੇ ਮੌਕੇ ਆਯੋਜਿਤ ਇਕ ਪ੍ਰੋਗਰਾਮ 'ਚ ਕਿਹਾ ਕਿ ਸੰਯੁਕਤ ਰਾਸ਼ਟਰ 'ਚ 'ਸਭ ਕੁਝ ਠੀਕ ਨਹੀਂ ਹੈ', ਕਿਉਂਕਿ ਸੰਯੁਕਤ ਰਾਸ਼ਟਰ 'ਚ ਹੋਣ ਵਾਲੀਆਂ ਬਹਿਸਾਂ ਹੁਣ ਬਹੁਤ ਜ਼ਿਆਦਾ ਵੰਡੀਆਂ ਹੋਈਆਂ ਹਨ ਅਤੇ ਉਸ ਦਾ ਕੰਮਕਾਜ ਸਾਫ਼ ਤੌਰ 'ਤੇ 'ਰੁਕਿਆ ਹੋਇਆ ਦਿਸ ਰਿਹਾ ਹੈ'। ਉਨ੍ਹਾਂ ਕਿਹਾ, "ਕਿਸੇ ਵੀ ਸਾਰਥਕ ਸੁਧਾਰ ਨੂੰ ਉਸ ਦੀ ਆਪਣੀ ਪ੍ਰਕਿਰਿਆ ਰਾਹੀਂ ਹੀ ਰੋਕਿਆ ਜਾ ਰਿਹਾ ਹੈ।" ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਨੂੰ ਬਣਾਈ ਰੱਖਣਾ ਅਤੇ ਇਸ ਦੇ ਮੁੜਨਿਰਮਾਣ ਦੀ ਮੰਗ ਕਰਨਾ ਸਪੱਸ਼ਟ ਤੌਰ 'ਤੇ ਦੁਨੀਆ ਦੇ ਸਾਹਮਣੇ ਇਕ ਵੱਡੀ ਚੁਣੌਤੀ ਹੈ। ਜੈਸ਼ੰਕਰ ਨੇ ਕਿਹਾ, 'ਕੁਝ ਉਦਾਹਰਣਾਂ ਅੱਤਵਾਦ ਪ੍ਰਤੀ ਸੰਯੁਕਤ ਰਾਸ਼ਟਰ ਦੀ ਪ੍ਰਤੀਕਿਰਿਆ ਨਾਲੋਂ ਜ਼ਿਆਦਾ ਉਸ ਦੇ ਸਾਹਮਣੇ ਦੀ ਮੌਜੂਦਾ ਚੁਣੌਤੀਆਂ ਨੂੰ ਦਰਸਾਉਂਦੀਆਂ ਹਨ। ਜਦੋਂ ਸੁਰੱਖਿਆ ਕੌਂਸਲ ਦਾ ਇਕ ਮੌਜੂਦਾ ਮੈਂਬਰ ਉਸੇ ਸੰਗਠਨ ਦਾ ਖੁੱਲ੍ਹੇਆਮ ਬਚਾਅ ਕਰਦਾ ਹੈ, ਜਿਸ ਨੇ ਪਹਿਲਗਾਮ ਵਰਗੇ ਘਿਨਾਉਣੇ ਅੱਤਵਾਦੀ ਹਮਲੇ ਦੀ ਜ਼ਿੰਮੇਵਾਰੀ ਲਈ ਹੈ, ਤਾਂ ਇਸ ਨਾਲ ਬਹੁਪੱਖਵਾਦ ਦੀ ਭਰੋਸੇਯੋਗਤਾ 'ਤੇ ਕੀ ਅਸਰ ਪੈਂਦਾ ਹੈ?" ਜੈਸ਼ੰਕਰ ਨੇ ਹਾਲਾਂਕਿ



ਸਿੱਧੇ ਤੌਰ 'ਤੇ ਪਾਕਿਸਤਾਨ ਦਾ ਨਾਂ ਨਹੀਂ ਲਿਆ ਪਰ ਉਨ੍ਹਾਂ ਦੀ ਟਿੱਪਣੀ ਤੋਂ ਇਹ ਸਪੱਸ਼ਟ ਸੀ ਕਿ ਉਹ ਉਸੇ ਦੇਸ਼ ਦਾ ਜ਼ਿਕਰ ਕਰ ਰਹੇ ਸਨ।

## ਅੰਮ੍ਰਿਤਸਰ ਤੋਂ ਸਹਰਸਾ ਜਾ ਰਹੀ ਜਨਸੇਵਾ ਐਕਸਪ੍ਰੈਸ ਨੂੰ ਲੱਗੀ ਭਿਆਨਕ ਅੱਗ

ਨੈਸ਼ਨਲ ਡੈਸਕ 24 ਅਕਤੂਬਰ। ਅੰਮ੍ਰਿਤਸਰ ਤੋਂ ਬਿਹਾਰ ਦੇ ਸਹਰਸਾ ਜਾ ਰਹੀ ਜਨਸੇਵਾ ਐਕਸਪ੍ਰੈੱਸ ਵਿੱਚ ਬੁੱਧਵਾਰ ਸਵੇਰੇ ਵੱਡਾ ਹਾਦਸਾ ਹੋਇਆ। ਰੇਲ ਦੀ ਇੱਕ ਬੋਗੀ ਵਿੱਚ ਅਚਾਨਕ ਭਿਆਨਕ ਅੱਗ ਲੱਗ ਗਈ, ਜਿਸ ਨਾਲ ਯਾਤਰੀਆਂ ਵਿੱਚ ਭਾਜੜ ਮਚ ਗਈ। ਇਹ ਘਟਨਾ ਸੋਨਵਰਸ਼ਾ ਕਚਿਹਰੀ ਸਟੇਸ਼ਨ ਦੇ ਨੇੜੇ ਵਾਪਰੀ। ਰੇਲਵੇ ਅਧਿਕਾਰੀਆਂ ਅਤੇ ਸਟੇਸ਼ਨ ਸਟਾਫ ਨੇ ਤੁਰੰਤ ਹੀ ਮੌਕੇ 'ਤੇ ਪਹੁੰਚ ਕੇ ਬਚਾਅ ਅਤੇ ਅੱਗ ਬੁਝਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਸੂਚਨਾ ਮਿਲਦੇ ਹੀ ਅੱਗ ਬੁਝਾਊ ਵਿਭਾਗ ਦੀ ਟੀਮ ਵੀ ਪਹੁੰਚ ਗਈ ਅਤੇ ਕਾਫੀ ਮਿਹਨਤ ਤੋਂ ਬਾਅਦ ਅੱਗ 'ਤੇ ਕਾਬੂ ਪਾ ਲਿਆ ਗਿਆ। ਖੁਸ਼ਕਿਸਮਤੀ ਨਾਲ, ਇਸ ਹਾਦਸੇ ਵਿੱਚ ਕਿਸੇ ਵੀ ਯਾਤਰੀ ਦੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ।

# ਕਾਰਤੀ ਨੂੰ ਰਾਹਤ, ਜਾਂਚ ਏਜੰਸੀਆਂ 'ਤੇ ਉੱਠੇ ਸਵਾਲ

ਨੈਸ਼ਨਲ ਡੈਸਕ 24 ਅਕਤੂਬਰ। ਕਾਂਗਰਸ ਦੇ ਸੀਨੀਅਰ ਨੇਤਾ ਤੇ ਮਨਮੋਹਨ ਸਿੰਘ ਸਰਕਾਰ 'ਚ ਗ੍ਰਹਿ ਮੰਤਰੀ ਰਹੇ ਪੀ. ਚਿਦਾਂਬਰਮ ਦੇ ਬੇਟੇ ਤੇ ਤਾਮਿਲਨਾਡੂ ਦੇ ਸ਼ਿਵਗੰਗਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਕਾਰਤੀ ਨੂੰ ਅਦਾਲਤ ਤੋਂ ਵੱਡੀ ਰਾਹਤ ਮਿਲੀ ਹੈ। ਉਨ੍ਹਾਂ 'ਤੇ ਆਈ. ਐੱਨ. ਐਕਸ. ਮੀਡੀਆ ਘਪਲੇ ਸਮੇਤ ਕਈ ਮਾਮਲਿਆਂ 'ਚ ਸ਼ਾਮਲ ਹੋਣ ਦੋਸ਼ ਲਾਏ ਗਏ ਹਨ। ਉਨ੍ਹਾਂ ਕੁਝ ਸਮਾਂ ਜੇਲ 'ਚ ਵੀ ਬਿਤਾਇਆ ਹੈ। ਉਨ੍ਹਾਂ ਦਾ ਪਾਸਪੋਰਟ ਪਹਿਲਾਂ ਜ਼ਬਤ ਕਰ ਲਿਆ ਗਿਆ ਸੀ। ਜਦੋਂ ਵੀ ਉਨ੍ਹਾਂ ਵਿਦੇਸ਼ੀ ਦੌਰੇ 'ਤੇ ਜਾਣਾ ਹੁੰਦਾ ਸੀ ਤਾਂ ਉਨ੍ਹਾਂ ਨੂੰ ਅਦਾਲਤ ਤੋਂ ਪਹਿਲਾਂ ਇਜਾਜ਼ਤ ਲੈਣੀ ਪੈਂਦੀ ਸੀ। ਘੱਟੋ-ਘੱਟ 2 ਹਫ਼ਤੇ ਪਹਿਲਾਂ ਸਫਰ ਦੀ ਜਾਣਕਾਰੀ ਦੇਣੀ ਪੈਂਦੀ ਸੀ। ਹੁਣ ਦਿੱਲੀ ਹਾਈ ਕੋਰਟ ਨੇ ਵੱਡੀ ਰਾਹਤ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਵਿਦੇਸ਼ੀ ਦੌਰੇ 'ਤੇ ਜਾਣ ਸਮੇ ਪਹਿਲਾਂ ਇਜਾਜ਼ਤ ਲੈਣ ਦੀ ਲੋੜ ਨਹੀਂ । ਇਸ ਨੂੰ ਖਤਮ ਕਰ ਦਿੱਤਾ ਗਿਆ ਹੈ। ਇਸ ਦਾ ਮਤਲਬ ਇਹ ਹੈ ਕਿ ਕਾਰਤੀ ਹੁਣ ਅਦਾਲਤ ਦੀ ਆਗਿਆ ਤੋਂ ਬਿਨਾਂ ਹੀ ਵਿਦੇਸ਼ੀ ਦੌਰਾ ਕਰ ਸਕਦੇ ਹਨ। ਅਦਾਲਤ ਦੇ ਫੈਸਲੇ 'ਤੇ ਕੋਈ ਸਵਾਲ ਨਹੀਂ ਉਠਾ ਸਕਦਾ ਪਰ ਕਾਰਤੀ ਨੂੰ ਮਿਲੀ ਇਸ ਰਾਹਤ ਦਾ ਸਮਾਂ ਧਿਆਨ ਖਿੱਚ ਰਿਹਾ ਹੈ। ਉਨ੍ਹਾਂ ਜਾਂਚ ਏਜੰਸੀਆਂ ਦੀ ਭੂਮਿਕਾ 'ਤੇ ਸਵਾਲ ਉਠਾਏ ਜਾ ਰਹੇ ਹਨ ਜਿਨ੍ਹਾਂ ਨੇ ਅਦਾਲਤ ਦੇ ਸਾਹਮਣੇ ਉਨ੍ਹਾਂ ਨੂੰ ਇਹ ਛੋਟ ਦੇਣ ਦਾ ਵਿਰੋਧ ਨਹੀਂ ਕੀਤਾ। ਇਹ ਰਾਹਤ ਉਸ ਸਮੇਂ ਮਿਲੀ ਹੈ ਜਦੋਂ ਉਨ੍ਹਾਂ ਦੇ ਪਿਤਾ ਪੀ. ਚਿਦਾਂਬਰਮ ਨੇ ਕਾਂਗਰਸ ਪਾਰਟੀ ਲਈ ਅਸਹਿਜ ਰੁਖ਼ ਅਪਣਾਉਣਾ ਸ਼ੁਰੂ ਕਰ ਦਿੱਤਾ ਹੈ। ਇਕ ਤਾਜ਼ਾ ਬਿਆਨ 'ਚ ਚਿਦਾਂਬਰਮ ਨੇ ਅਸਿੱਧੇ ਤੌਰ 'ਤੇ ਕਾਂਗਰਸ 'ਤੇ ਵਿਦੇਸ਼ੀ ਦਬਾਅ ਅੱਗੇ ਝੁਕਣ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ 26/11 ਦੇ ਮੁੰਬਈ ਅੱਤਵਾਦੀ ਹਮਲਿਆਂ ਤੋਂ ਬਾਅਦ ਭਾਰਤ ਪਾਕਿਸਤਾਨ ਵਿਰੁੱਧ ਕਾਰਵਾਈ ਕਰਨਾ ਚਾਹੁੰਦਾ ਸੀ ਪਰ ਅਮਰੀਕੀ ਦਬਾਅ ਕਾਰਨ ਅਜਿਹਾ ਕਰਨ 'ਚ ਅਸਮਰੱਥ ਸੀ। ਭਾਜਪਾ ਇਹ ਦੋਸ਼ ਲੰਬੇ ਸਮੇਂ ਤੋਂ ਲਾਉਂਦੀ ਆ ਰਹੀ ਹੈ, ਪਰ ਹੁਣ ਚਿਦਾਂਬਰਮ ਨੇ ਖੁਦ ਇਸ ਦੀ ਪੁਸ਼ਟੀ ਕੀਤੀ ਹੈ। ਇਸੇ ਤਰ੍ਹਾਂ 1984 'ਚ ਹੋਏ ਆਪ੍ਰੇਸ਼ਨ ਬਲਿਊ ਸਟਾਰ ਬਾਰੇ ਚਿਦਾਂਬਰਮ ਨੇ ਕਿਹਾ ਕਿ ਇਹ ਇਕ ਗਲਤ ਫੈਸਲਾ ਸੀ, ਜਿਸ ਦੀ ਕੀਮਤ ਇੰਦਰਾ ਗਾਂਧੀ ਨੇ ਆਪਣੀ ਜਾਨ ਦੇ ਕੇ ਅਦਾ ਕੀਤੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ 'ਚ ਉਹ ਅਜਿਹੇ ਹੋਰ ਬਿਆਨ ਦੇ ਸਕਦੇ ਹਨ ਜੋ ਕਾਂਗਰਸ ਪਾਰਟੀ ਲਈ ਨੁਕਸਾਨਦੇਹ ਸਾਬਤ ਹੋ ਸਕਦੇ ਹਨ।

## ਜੰਮੂ-ਕਸ਼ਮੀਰ ਦੇ ਵਿਧਾਨ ਸਭਾ ਕੰਪਲੈਕਸ ਵਿਖੇ ਵੋਟਿੰਗ ਜਾਰੀ

ਸ਼੍ਰੀਨਗਰ 24 ਅਕਤੂਬਰ। ਜੰਮੂ-ਕਸ਼ਮੀਰ ਦੇ ਵਿਧਾਨ ਸਭਾ ਕੰਪਲੈਕਸ ਵਿੱਚ ਰਾਜ ਸਭਾ ਦੀਆਂ ਚਾਰ ਸੀਟਾਂ ਲਈ ਵੋਟਿੰਗ ਜਾਰੀ ਹੈ। ਵੋਟਿੰਗ ਸ਼ੁਰੂ ਹੋਣ ਦੌਰਾਨ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸਭ ਤੋਂ ਪਹਿਲਾਂ ਆਪਣੀ ਵੋਟ ਪਾਈ। ਅਧਿਕਾਰੀਆਂ ਅਨੁਸਾਰ ਵੋਟਿੰਗ ਪ੍ਰਕਿਰਿਆ ਸਵੇਰੇ 9 ਵਜੇ ਸ਼ੁਰੂ ਹੋਈ ਅਤੇ ਸਵੇਰੇ 10:30 ਵਜੇ ਤੱਕ ਵਿਧਾਨ ਸਭਾ ਦੇ ਕੁੱਲ 50 ਮੈਂਬਰਾਂ ਨੇ ਆਪਣੀਆਂ ਵੋਟਾਂ ਪਾਈਆਂ। 50 ਵੋਟਾਂ ਵਿੱਚੋਂ ਨੈਸ਼ਨਲ ਕਾਨਫਰੰਸ ਨੇ 28, ਭਾਰਤੀ ਜਨਤਾ ਪਾਰਟੀ (ਭਾਜਪਾ) ਨੇ 20 ਅਤੇ ਕਾਂਗਰਸ ਅਤੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਨੇ ਇੱਕ-ਇੱਕ ਵੋਟ ਪਾਈ। ਰਿਪੋਰਟਾਂ ਅਨੁਸਾਰ ਮੁੱਖ ਮੰਤਰੀ ਉਮਰ ਅਬਦੁੱਲਾ, ਉਪ ਮੁੱਖ ਮੰਤਰੀ ਸੁਰੇਂਦਰ ਚੌਧਰੀ ਅਤੇ ਹੋਰ ਮੰਤਰੀ ਅਤੇ ਵਿਧਾਨ ਸਭਾ ਮੈਂਬਰ ਸਵੇਰੇ ਜਲਦੀ ਹੀ ਵਿਧਾਨ ਸਭਾ ਕੰਪਲੈਕਸ ਵਿੱਚ ਵੋਟ ਪਾਉਣ ਲਈ ਪਹੁੰਚੇ। ਅਧਿਕਾਰੀਆਂ ਅਨੁਸਾਰ ਵਿਧਾਨ ਸਭਾ ਕੰਪਲੈਕਸ ਵਿੱਚ ਬਣਾਏ ਗਏ ਤਿੰਨ ਵੱਖ-ਵੱਖ ਪੋਲਿੰਗ ਸਟੇਸ਼ਨਾਂ 'ਤੇ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਵੋਟਿੰਗ ਹੋਵੇਗੀ। ਵੋਟਾਂ ਦੀ ਗਿਣਤੀ ਸ਼ਾਮ 5 ਵਜੇ ਸ਼ੁਰੂ ਹੋਵੇਗੀ ਅਤੇ ਕੁਝ ਹੀ ਮਿੰਟਾਂ ਵਿੱਚ ਪੂਰੀ ਹੋਣ ਦੀ ਉਮੀਦ ਹੈ। ਰਾਜਨੀਤਿਕ ਵਿਸ਼ਲੇਸ਼ਕਾਂ ਦੇ ਅਨੁਸਾਰ ਨੈਸ਼ਨਲ ਕਾਨਫਰੰਸ ਦੀ ਤਿੰਨ ਸੀਟਾਂ 'ਤੇ ਜਿੱਤ ਯਕੀਨੀ ਹੈ ਪਰ ਚੌਥੀ ਸੀਟ ਲਈ ਮੁਕਾਬਲਾ ਬਹੁਤ ਦਿਲਚਸਪ ਹੋਣ ਵਾਲਾ ਹੈ, ਕਿਉਂਕਿ ਕਾਂਗਰਸ, ਪੀਡੀਪੀ ਅਤੇ ਆਜ਼ਾਦ ਵਿਧਾਇਕ ਸ਼ਬੀਰ ਕਾਲੇ ਵੱਲੋਂ ਨੈਸ਼ਨਲ ਕਾਨਫਰੰਸ ਨੂੰ ਸਮਰਥਨ ਦੇਣ ਤੋਂ ਬਾਅਦ ਭਾਜਪਾ ਨੂੰ ਲੀਡ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਨੀ ਪੈ ਸਕਦੀ ਹੈ।

# 'ਸ਼ਾਰੀਰਕ ਸੰਬੰਧ ਬਣਾਉਣ ਦਾ ਲਾਇਸੈਂਸ ਨਹੀਂ ਦੋਸਤੀ', ਦਿੱਲੀ ਹਾਈ ਕੋਰਟ ਵੱਲੋਂ ਦੋਸ਼ੀ ਦੀ ਜ਼ਮਾਨਤ ਅਰਜ਼ੀ ਖਾਰਜ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 24 ਅਕਤੂਬਰ। ਦਿੱਲੀ ਹਾਈ ਕੋਰਟ ਨੇ 17 ਸਾਲ ਦੀ ਲੜਕੀ ਨਾਲ ਯੌਨ ਸ਼ੋਸ਼ਣ, ਕੁੱਟਮਾਰ ਅਤੇ ਘਰ ਵਿੱਚ ਬੰਦ ਕਰਨ ਦੇ ਦੋਸ਼ਾਂ ਵਾਲੇ ਇਕ ਨੌਜਵਾਨ ਨੂੰ ਅਗਾਊਂ ਜ਼ਮਾਨਤ (anticipatory bail) ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਦੋਸ਼ੀ ਨੇ ਅਦਾਲਤ ਵਿੱਚ ਇਹ ਕਹਿ ਕੇ ਜ਼ਮਾਨਤ ਮੰਗੀ ਸੀ ਕਿ ਉਹ ਲੜਕੀ ਦਾ ਦੋਸਤ ਹੈ ਅਤੇ ਦੋਵਾਂ ਦੇ ਸੰਬੰਧ ਸਹਿਮਤੀ ਨਾਲ ਬਣੇ ਸਨ। ਪਰ ਅਦਾਲਤ ਨੇ ਕਿਹਾ ਕਿ ਦੋਸਤੀ ਕਿਸੇ ਨੂੰ ਯੌਨ ਸ਼ੋਸ਼ਣ ਜਾਂ ਹਿੰਸਾ ਕਰਨ ਦਾ ਜਾਇਜ਼ ਹੱਕ ਨਹੀਂ ਦੇ ਸਕਦੀ। ਅਦਾਲਤ ਨੇ ਇਹ ਵੀ ਕਿਹਾ ਕਿ ਐਫ਼.ਆਈ.ਆਰ. ਦੇਰੀ ਨਾਲ ਦਰਜ ਹੋਈ, ਇਸਦਾ ਕਾਰਨ ਲੜਕੀ ਦਾ ਡਰ ਅਤੇ ਸਦਮਾ ਸੀ, ਇਸ ਲਈ ਇਸਨੂੰ ਜ਼ਮਾਨਤ ਦਾ ਆਧਾਰ ਨਹੀਂ ਬਣਾਇਆ ਜਾ ਸਕਦਾ। ਰਿਪੋਰਟਾਂ ਅਨੁਸਾਰ, ਦੋਸ਼ੀ ਦੀ ਜ਼ਮਾਨਤ ਦੀ ਅਰਜ਼ੀ ਪਹਿਲਾਂ ਵੀ ਚਾਰ ਵਾਰ ਰੱਦ ਜਾਂ ਵਾਪਸ ਲੈ ਲਈ ਗਈ ਸੀ, ਪਰ ਫਿਰ ਵੀ ਉਹ ਜਾਂਚ ਵਿੱਚ ਸ਼ਾਮਲ ਨਹੀਂ ਹੋਇਆ। ਆਪਣੇ ਫੈਸਲੇ ਵਿੱਚ, ਜਸਟਿਸ ਸਵਰਨ ਕਾਂਤ ਸ਼ਰਮਾ ਨੇ ਕਿਹਾ ਕਿ ਦੋਸਤੀ ਨੂੰ ਜਿਨਸੀ ਹਮਲੇ, ਕੈਦ ਜਾਂ




ਸਰੀਰਕ ਹਿੰਸਾ ਲਈ ਬਚਾਅ ਵਜੋਂ ਨਹੀਂ ਵਰਤਿਆ ਜਾ ਸਕਦਾ। ਅਦਾਲਤ ਨੇ ਕਿਹਾ ਕਿ ਭਾਵੇਂ ਦੋਵੇਂ ਦੋਸਤ ਸਨ, ਇਸ ਨਾਲ ਆਰੋਪੀ ਨੂੰ ਨਾਬਾਲਿਗ ਲੜਕੀ ਨਾਲ ਜ਼ਬਰਦਸਤੀ ਸੰਬੰਧ ਬਣਾਉਣ, ਉਸਨੂੰ ਘਰ ਵਿੱਚ ਬੰਦ ਕਰਨ ਜਾਂ ਕੁੱਟਮਾਰ ਕਰਨ ਦੀ ਛੁੱਟ ਨਹੀਂ ਮਿਲਦੀ। ਪੀੜਿਤਾ ਦੇ ਬਿਆਨ ਅਤੇ ਮੈਡੀਕਲ ਸਬੂਤਾਂ ਤੋਂ ਸਪਸ਼ਟ ਹੈ ਕਿ ਘਟਨਾ ਜ਼ਬਰਦਸਤੀ ਨਾਲ ਹੋਈ ਸੀ। ਦੋਸ਼ੀ ਨੇ ਕਿਹਾ ਸੀ ਕਿ ਐਫ਼.ਆਈ.ਆਰ. 11 ਦਿਨ ਦੇਰੀ ਨਾਲ ਦਰਜ ਹੋਈ, ਇਸ ਲਈ ਇਹ ਮਾਮਲਾ ਗਲਤ ਹੈ। ਪਰ ਜਸਟਿਸ ਸ਼ਰਮਾ ਨੇ ਕਿਹਾ ਕਿ ਨਾਬਾਲਿਗ ਲੜਕੀ ਸਦਮੇ ਵਿੱਚ ਸੀ ਅਤੇ ਡਰ ਕਾਰਨ ਪਹਿਲਾਂ ਮਾਪਿਆਂ ਨੂੰ ਕੁਝ ਨਹੀਂ ਦੱਸਿਆ। ਇਹ ਕੁਦਰਤੀ ਪ੍ਰਤੀਕਿਰਿਆ ਹੈ, ਇਸ ਲਈ ਦੇਰੀ ਦਾ ਕਾਰਨ ਜਾਇਜ਼ ਹੈ। ਫੈਸਲੇ ਵਿੱਚ ਹਾਈ ਕੋਰਟ ਨੇ ਕਿਹਾ "ਦੋਸਤੀ ਕਦੇ ਵੀ ਕਿਸੇ ਨੂੰ ਸ਼ਾਰੀਰਕ ਸੰਬੰਧ ਬਣਾਉਣ ਜਾਂ ਹਿੰਸਾ ਕਰਨ ਦਾ ਲਾਇਸੈਂਸ ਨਹੀਂ ਦੇ ਸਕਦੀ।"ਅਦਾਲਤ ਨੇ ਇਸ ਆਧਾਰ 'ਤੇ ਦੋਸ਼ੀ ਦੀ ਅਗਾਊਂ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਅਤੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਜ਼ਮਾਨਤ ਦੇਣ ਦੀ ਕੋਈ ਗੁੰਜਾਇਸ਼ ਨਹੀਂ।

# ਸਮਸਤੀਪੁਰ ਤੋਂ ਪ੍ਰਧਾਨ ਮੰਤਰੀ ਮੋਦੀ ਦਾ ਚੋਣ ਬਿਗੁਲ !

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 24 ਅਕਤੂਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਬਿਹਾਰ ਦੇ ਸਮਸਤੀਪੁਰ ਤੋਂ ਭਾਜਪਾ ਦੀ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ। ਮੁਹਿੰਮ ਦੌਰਾਨ ਉਨ੍ਹਾਂ ਨੇ ਕਰਪੂਰੀ ਪਿੰਡ ਦਾ ਦੌਰਾ ਕੀਤਾ ਤੇ ਭਾਰਤ ਰਤਨ ਕਰਪੂਰੀ ਠਾਕੁਰ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਦੌਰਾਨ ਪ੍ਰਧਾਨ ਮੰਤਰੀ ਦੇ ਨਾਲ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਕੇਂਦਰੀ ਮੰਤਰੀ ਤੇ ਕਰਪੂਰੀ ਠਾਕੁਰ ਦੇ ਪੁੱਤਰ ਰਾਮਨਾਥ ਠਾਕੁਰ ਅਤੇ ਕਈ ਹੋਰ ਨੇਤਾ ਵੀ ਸਨ। ਪ੍ਰਧਾਨ ਮੰਤਰੀ ਨੇ ਇਸ ਮੌਕੇ ਮਰਹੂਮ ਨੇਤਾ ਦੇ ਪਰਿਵਾਰਕ ਮੈਂਬਰਾਂ ਨਾਲ ਵੀ ਮੁਲਾਕਾਤ ਕੀਤੀ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਬੇਗੂਸਰਾਏ 'ਚ ਇੱਕ ਜਨਤਕ ਮੀਟਿੰਗ ਨੂੰ ਵੀ ਸੰਬੋਧਨ ਕੀਤਾ। ਬਿਹਾਰ ਦੇ ਸਮਸਤੀਪੁਰ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਬਿਹਾਰ ਜੰਗਲ ਰਾਜ ਨੂੰ ਵਾਪਸ ਨਹੀਂ ਆਉਣ ਦੇਵੇਗਾ ਅਤੇ ਚੰਗੇ ਸ਼ਾਸਨ ਲਈ ਵੋਟ ਦੇਵੇਗਾ। ਉਨ੍ਹਾਂ ਕਿਹਾ, ਐਨਡੀਏ ਸਰਕਾਰ ਸੱਤਾ ਵਿੱਚ ਆਉਣ 'ਤੇ ਬਿਹਾਰ ਇੱਕ ਨਵੀਂ ਰਫ਼ਤਾਰ ਨਾਲ ਅੱਗੇ ਵਧੇਗਾ। ਮੋਦੀ ਨੇ ਕਿਹਾ ਕਿ ਭਾਰਤ ਰਤਨ ਪੁਰਸਕਾਰ ਜੇਤੂ ਕਰਪੂਰੀ ਠਾਕੁਰ ਨੇ ਸਮਾਜ ਦੇ ਕਮਜ਼ੋਰ ਵਰਗਾਂ ਦੇ ਉਥਾਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਸਾਨੂੰ ਪ੍ਰੇਰਿਤ ਕੀਤਾ। ਕਾਂਗਰਸ ਨੇਤਾ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦਾ ਨਾਮ ਲਏ ਬਿਨਾਂ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸੰਵਿਧਾਨ ਦੀ ਕਾਪੀ ਰੱਖਣ ਵਾਲੇ ਲੋਕ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਰਾਸ਼ਟਰੀ ਲੋਕਤੰਤਰੀ ਗਠਜੋੜ (ਐਨਡੀਏ) ਸਰਕਾਰ ਨੇ ਹੋਰ ਪੱਛੜੇ ਵਰਗਾਂ (ਓਬੀਸੀ) ਲਈ ਸੰਵਿਧਾਨਕ ਦਰਜੇ ਦੀ ਮੰਗ ਨੂੰ ਪੂਰਾ ਕੀਤਾ ਅਤੇ ਨਵੀਂ ਸਿੱਖਿਆ ਨੀਤੀ ਵਿੱਚ ਸਥਾਨਕ ਭਾਸ਼ਾਵਾਂ ਵਿੱਚ ਸਿੱਖਿਆ 'ਤੇ ਜ਼ੋਰ ਦਿੱਤਾ। ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਰਾਸ਼ਟਰੀ ਜਨਤਾ ਦਲ (ਆਰਜੇਡੀ) ਅਤੇ ਕਾਂਗਰਸ ਘੁਟਾਲਿਆਂ ਵਿੱਚ ਸ਼ਾਮਲ ਹਨ ਅਤੇ ਉਨ੍ਹਾਂ ਦੇ ਨੇਤਾ ਜ਼ਮਾਨਤ 'ਤੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਵਿਰੋਧੀ ਆਗੂ ਕਰਪੂਰੀ ਠਾਕੁਰ ਦਾ ਜਨਨਾਇਕ ਦਾ ਖਿਤਾਬ ਚੋਰੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਹੇਠ ਐਨਡੀਏ ਇਸ ਵਾਰ ਬਿਹਾਰ ਵਿੱਚ ਸਾਰੇ ਰਿਕਾਰਡ ਤੋੜ ਦੇਵੇਗਾ। ਮੋਦੀ ਨੇ ਦੋਸ਼ ਲਗਾਇਆ ਕਿ ਵਿਰੋਧੀ ਪਾਰਟੀਆਂ ਕਾਂਗਰਸ ਅਤੇ ਆਰਜੇਡੀ ਨੇ ਬਿਹਾਰ ਵਿੱਚ ਨਿਤੀਸ਼ ਕੁਮਾਰ ਦੀ ਸਰਕਾਰ ਵਿੱਚ ਰੁਕਾਵਟ ਪਾਈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਕਿਸਾਨ ਨਿਧੀ ਯੋਜਨਾ ਦੇ ਤਹਿਤ, ਬਿਹਾਰ ਦੇ ਕਿਸਾਨਾਂ ਦੇ ਖਾਤਿਆਂ ਵਿੱਚ 28,000 ਕਰੋੜ ਰੁਪਏ ਟ?ਰਾਂਸਫਰ ਕੀਤੇ ਗਏ, ਜਿਸ ਵਿੱਚ ਸਮਸਤੀਪੁਰ ਦੇ ਕਿਸਾਨਾਂ ਨੂੰ 800 ਕਰੋੜ ਰੁਪਏ ਵੀ ਸ਼ਾਮਲ ਹਨ। ਮੋਦੀ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਨੇ ਕੇਂਦਰ ਵਿੱਚ ਉਸ ਸਮੇਂ ਦੀ ਸੰਯੁਕਤ ਪ੍ਰਗਤੀਸ਼ੀਲ ਗਠਜੋੜ (ਯੂਪੀਏ) ਸਰਕਾਰ ਦੌਰਾਨ



ਅਲਾਟ ਕੀਤੇ ਗਏ ਫੰਡਾਂ ਨਾਲੋਂ ਬਿਹਾਰ ਨੂੰ ਤਿੰਨ ਗੁਣਾ ਵੱਧ ਫੰਡ ਪ੍ਰਦਾਨ ਕੀਤੇ ਹਨ। ਉਨ੍ਹਾਂ ਕਿਹਾ ਕਿ ਬਿਹਾਰ ਦਾ ਮੱਛੀ ਉਤਪਾਦਨ ਦੁੱਗਣਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਐਨਡੀਏ ਇੱਕ ਖੁਸ਼ਹਾਲ ਬਿਹਾਰ ਲਈ ਵਚਨਬੱਧ ਹੈ, ਜਦੋਂ ਕਿ ਆਰਜੇਡੀ ਅਤੇ ਕਾਂਗਰਸ ਦੇ ਨੇਤਾ ਆਪਣੇ ਪਰਿਵਾਰਾਂ ਦੀ ਭਲਾਈ ਦੀ ਦੇਖਭਾਲ ਵਿੱਚ ਰੁੱਝੇ ਹੋਏ ਹਨ। ਪ੍ਰਧਾਨ ਮੰਤਰੀ ਨੇ ਦੋਸ਼ ਲਗਾਇਆ ਕਿ ਬਿਹਾਰ ਵਿੱਚ ਆਰਜੇਡੀ ਦੇ ਰਾਜ ਦੌਰਾਨ ਕਤਲ ਆਮ ਸਨ, ਅਗਵਾ ਇੱਕ ਉਦਯੋਗ ਵਜੋਂ ਵਧੇ-ਫੁੱਲੇ, ਅਤੇ ਔਰਤਾਂ ਅਤੇ ਗਰੀਬ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਆਰਜੇਡੀ ਅਤੇ ਕਾਂਗਰਸ ਬਿਹਾਰ ਵਿੱਚ ਜੰਗਲ ਰਾਜ ਦੀ ਵਾਪਸੀ ਨੂੰ ਯਕੀਨੀ ਬਣਾਉਣ 'ਤੇ ਤੁਲੇ ਹੋਏ ਹਨ, ਅਤੇ ਲੋਕਾਂ ਨੂੰ ਚੋਣਾਂ ਦੌਰਾਨ ਉਨ੍ਹਾਂ ਨੂੰ ਦਰਵਾਜ਼ਾ ਦਿਖਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਦਾ ਮੈਥਿਲੀ ਵਿੱਚ ਅਨੁਵਾਦ ਕੀਤਾ ਗਿਆ ਹੈ ਅਤੇ ਰਾਮਾਇਣ ਅਤੇ ਬੁੱਧ ਸਰਕਟ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰੇਗਾ। ਇਸ ਤੋਂ ਪਹਿਲਾਂ, ਮੋਦੀ ਨੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਰਤ ਰਤਨ ਪੁਰਸਕਾਰ ਜੇਤੂ ਸਮਾਜਵਾਦੀ ਨੇਤਾ ਕਰਪੂਰੀ ਠਾਕੁਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਕਰਪੂਰੀ ਗ੍ਰਾਮ (ਸਮਸਤੀਪੁਰ) ਵਿੱਚ ਸ਼ਰਧਾਂਜਲੀ ਭੇਟ ਕੀਤੀ। ਪ੍ਰਧਾਨ ਮੰਤਰੀ ਦੇ ਨਾਲ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਕੇਂਦਰੀ ਮੰਤਰੀ ਅਤੇ ਕਰਪੂਰੀ ਠਾਕੁਰ ਦੇ ਪੁੱਤਰ ਰਾਮਨਾਥ ਠਾਕੁਰ ਅਤੇ ਕਈ ਹੋਰ ਨੇਤਾ ਵੀ ਸਨ। ਇਸ ਮੌਕੇ 'ਤੇ ਪ੍ਰਧਾਨ ਮੰਤਰੀ ਨੇ ਮਰਹੂਮ ਨੇਤਾ ਦੇ ਪਰਿਵਾਰਕ ਮੈਂਬਰਾਂ ਨਾਲ ਵੀ ਮੁਲਾਕਾਤ ਕੀਤੀ। ਕਰਪੂਰੀ ਠਾਕੁਰ ਨੂੰ ਪਿਛਲੇ ਸਾਲ ਦੇਸ਼ ਦਾ ਸਭ ਤੋਂ ਵੱਡਾ ਨਾਗਰਿਕ ਸਨਮਾਨ ਭਾਰਤ ਰਤਨ ਦਿੱਤਾ ਗਿਆ ਸੀ।

## ਗਗਨਯਾਨ ਮਿਸ਼ਨ 90% ਪੂਰਾ, ਭਾਰਤੀ ਪੁਲਾੜ ਯਾਤਰੀ 2027 'ਚ ਭਰਨਗੇ ਉਡਾਣ

ਨੈਸ਼ਨਲ ਡੈਸਕ 24 ਅਕਤੂਬਰ। ਇਸਰੋ ਦੇ ਚੇਅਰਮੈਨ ਵੀ. ਨਾਰਾਇਣਨ ਨੇ ਕਿਹਾ ਕਿ ਗਗਨਯਾਨ ਮਿਸ਼ਨ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਅਤੇ ਲਗਭਗ 90 ਪ੍ਰਤੀਸ਼ਤ ਵਿਕਾਸ ਕਾਰਜ ਪੂਰਾ ਹੋ ਗਿਆ ਹੈ। ਗਗਨਯਾਨ ਮਿਸ਼ਨ ਭਾਰਤ ਦਾ ਪਹਿਲਾ ਮਨੁੱਖੀ ਪੁਲਾੜ ਉਡਾਣ ਮਿਸ਼ਨ ਹੈ। ਮਿਸ਼ਨ ਦੀ ਪ੍ਰਗਤੀ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ, ਨਾਰਾਇਣਨ ਨੇ ਕਿਹਾ, ਗਗਨਯਾਨ ਮਿਸ਼ਨ 'ਤੇ ਕੰਮ ਬਹੁਤ ਵਧੀਆ ਢੰਗ ਨਾਲ ਅੱਗੇ ਵਧ ਰਿਹਾ ਹੈ। ਦਰਅਸਲ, ਜਦੋਂ ਤੁਸੀਂ ਗਗਨਯਾਨ ਮਿਸ਼ਨ ਬਾਰੇ ਗੱਲ ਕਰਦੇ ਹੋ, ਤਾਂ ਤੁਸੀਂ ਜਾਣਦੇ ਹੋ ਕਿ ਬਹੁਤ ਸਾਰੇ ਤਕਨੀਕੀ ਵਿਕਾਸ ਕੀਤੇ ਜਾਣੇ ਹਨ - ਰਾਕੇਟ ਦਾ ਮਨੁੱਖੀ-ਰੇਟਿੰਗ ਪ੍ਰਮਾਣੀਕਰਣ, ਔਰਬਿਟਲ ਮੋਡੀਊਲ ਦਾ ਵਿਕਾਸ, ਅਤੇ ਵਾਤਾਵਰਣ ਨਿਯੰਤਰਣ ਸੁਰੱਖਿਆ ਪ੍ਰਣਾਲੀਆਂ। ਫਿਰ ਆਉਂਦੇ ਹਨ ਚਾਲਕ ਦਲ ਦੀ ਸੁਰੱਖਿਆ ਪ੍ਰਣਾਲੀ, ਪੈਰਾਸ਼ੂਟ ਪ੍ਰਣਾਲੀ, ਅਤੇ ਫਿਰ, ਬੇਸ਼ੱਕ, ਮਨੁੱਖੀ-ਕੇਂਦ੍ਰਿਤ ਉਤਪਾਦ। ਉਹ 3-5 ਨਵੰਬਰ ਤੱਕ ਨਵੀਂ ਦਿੱਲੀ ਵਿੱਚ ਹੋਣ ਵਾਲੇ ਉਭਰਦੇ ਵਿਗਿਆਨ, ਤਕਨਾਲੋਜੀ ਅਤੇ ਨਵੀਨਤਾ ਸੰਮੇਲਨ (ESTIC-2025) ਲਈ ਪ੍ਰਚਾਰ ਗਤੀਵਿਧੀਆਂ ਦੇ ਮੌਕੇ 'ਤੇ ਪੱਤਰਕਾਰਾਂ ਨਾਲ ਗੱਲ ਕਰ ਰਹੇ ਸਨ। ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਕਿਹਾ ਕਿ ਵਿਕਾਸ ਕਾਰਜ ਦਾ ਲਗਭਗ 90 ਪ੍ਰਤੀਸ਼ਤ ਪੂਰਾ ਹੋ ਗਿਆ ਹੈ। ਉਸਨੇ ਕਿਹਾ ਹੁਣ, ਤਿੰਨ ਮਨੁੱਖ ਰਹਿਤ ਮਿਸ਼ਨ ਪੂਰੇ ਕਰਨੇ ਪੈਣਗੇ ਇਸ ਤੋਂ ਪਹਿਲਾਂ ਕਿ ਅਸੀਂ ਚਾਲਕ ਦਲ ਵਾਲੇ ਮਿਸ਼ਨ 'ਤੇ ਜਾ ਸਕੀਏ, ਅਤੇ ਅਸੀਂ ਇਸ ਵੱਲ ਕੰਮ ਕਰ ਰਹੇ ਹਾਂ। ਪਹਿਲੇ ਮਨੁੱਖ ਰਹਿਤ ਮਿਸ਼ਨ ਵਿੱਚ ਵਿਯੋਮਮਿੱਤਰਾ ਉਡਾਣ ਭਰਨ ਜਾ ਰਹੀ ਹੈ, ਅਤੇ ਅਸੀਂ 2027 ਦੇ ਸ਼ੁਰੂ ਤੱਕ ਇੱਕ ਮਨੁੱਖ ਰਹਿਤ ਮਿਸ਼ਨ ਨੂੰ ਪੂਰਾ ਕਰਨ ਵੱਲ ਕੰਮ ਕਰ ਰਹੇ ਹਾਂ,।



# ਪਤਨੀ ਦੇ ਸਨ ਦੋ ਨੌਜਵਾਨਾਂ ਨਾਲ ਸਬੰਧ, ਪਤੀ ਨੇ ਰੋਕਿਆ ਤਾਂ ਵੱ...

ਵੈੱਬ ਡੈਸਕ 24 ਅਕਤੂਬਰ। ਬਾਂਕਾ ਜ਼ਿਲ੍ਹੇ ਵਿੱਚ ਇੱਕ ਸਨਸਨੀਖੇਜ਼ ਕਤਲ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸਨੂੰ ਮੁਸਕਾਨ ਸਾਹਿਲ ਕੇਸ ਨਾਲੋਂ ਵੀ ਭਿਆਨਕ ਦੱਸਿਆ ਜਾ ਰਿਹਾ ਹੈ। ਇਹ ਮਾਮਲਾ ਫੁਲਦੀਦੁਮਰਾ ਬਲਾਕ ਦੇ ਕੇਂਦੁਆਰ ਪਿੰਡ ਦੇ ਰਹਿਣ ਵਾਲੇ ਟਰੱਕ ਡਰਾਈਵਰ ਬਿਹਾਰੀ ਯਾਦਵ ਦੇ ਕਤਲ ਨਾਲ ਸਬੰਧਤ ਹੈ। ਪੁਲਸ ਨੇ ਕਤਲ ਦੇ ਮਾਮਲੇ ਨੂੰ ਸੁਲਝਾ ਲਿਆ ਹੈ ਅਤੇ ਮ੍ਰਿਤਕ ਦੀ ਪਤਨੀ ਰਿੰਕੂ ਦੇਵੀ ਅਤੇ ਭਾਰਕੋ ਪਿੰਡ ਤੋਂ ਦੋ ਹੋਰਾਂ-ਬਾਲੇਸ਼ਵਰ ਹਰੀਜਨ ਅਤੇ ਉਸਦੀ ਪਤਨੀ ਬਿਜੂਲਾ ਦੇਵੀ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਅਨੁਸਾਰ ਬਿਹਾਰੀ ਯਾਦਵ ਦੇ ਕਤਲ ਦਾ ਕਾਰਨ ਉਸਦੀ ਪਤਨੀ ਰਿੰਕੂ ਦੇਵੀ ਦਾ ਨਾਜਾਇਜ਼ ਸਬੰਧ ਸੀ, ਜਿਸ ਵਿੱਚ ਬਿਹਾਰੀ ਯਾਦਵ ਅੜਿੱਕਾ ਬਣ ਰਿਹਾ ਸੀ। ਪੁਲਸ ਨੇ ਰਿੰਕੂ ਦੇਵੀ ਤੋਂ ਕਤਲ 'ਚ ਵਰਤਿਆ ਗਿਆ ਤੇਜ਼ਧਾਰ ਹਥਿਆਰ, ਮ੍ਰਿਤਕ ਦਾ ਮੋਬਾਈਲ ਫੋਨ ਅਤੇ ਖੂਨ ਨਾਲ ਲੱਥਪੱਥ ਸਾੜੀ ਵੀ ਬਰਾਮਦ ਕੀਤੀ ਹੈ। ਬਿਹਾਰੀ ਯਾਦਵ ਦੀ ਸਿਰ ਕੱਟੀ ਹੋਈ ਲਾਸ਼ 11 ਅਪ੍ਰੈਲ ਨੂੰ ਅਮਰਪੁਰ ਥਾਣਾ ਖੇਤਰ ਦੇ ਰਾਮਪੁਰ ਬਹਿਯਾਰ ਵਿੱਚ ਮਿਲੀ ਸੀ ਅਤੇ ਉਸਦੀ ਪਛਾਣ ਉਸਦੇ ਕੱਪੜਿਆਂ ਤੋਂ ਹੋਈ ਸੀ। ਅਗਲੇ ਦਿਨ ਪੁਲਸ ਨੇ ਮ੍ਰਿਤਕ ਦਾ ਸਿਰ ਵੀ ਬਰਾਮਦ ਕਰ ਲਿਆ। ਐੱਸਪੀ ਉਪੇਂਦਰਨਾਥ ਵਰਮਾ ਨੇ ਸੋਮਵਾਰ ਨੂੰ ਕਿਹਾ ਕਿ ਦੋਸ਼ੀਆਂ ਵਿਰੁੱਧ ਤੇਜ਼ੀ ਨਾਲ ਮੁਕੱਦਮਾ ਚਲਾ ਕੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮ੍ਰਿਤਕ ਬਿਹਾਰੀ ਯਾਦਵ ਦੀ ਪਤਨੀ ਰਿੰਕੂ ਦੇਵੀ ਦੇ ਦੋ ਨੌਜਵਾਨਾਂ ਨਾਲ ਨਾਜਾਇਜ਼ ਸਬੰਧ ਸਨ ਤੇ ਜਦੋਂ ਬਿਹਾਰੀ ਯਾਦਵ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹ




ਆਪਣੀ ਪਤਨੀ ਨੂੰ ਕੁੱਟਦਾ ਸੀ ਅਤੇ ਉਸਨੂੰ ਰਾਸ਼ਨ ਅਤੇ ਪਾਣੀ ਵੀ ਨਹੀਂ ਦਿੰਦਾ ਸੀ। ਇਸ ਤੋਂ ਨਾਰਾਜ਼ ਰਿੰਕੂ ਦੇਵੀ ਪਿਛਲੇ ਛੇ ਮਹੀਨਿਆਂ ਤੋਂ ਆਪਣੇ ਪਤੀ ਨੂੰ ਮਾਰਨ ਦੀ ਸਾਜ਼ਿਸ਼ ਰਚ ਰਹੀ ਸੀ। ਰਿੰਕੂ ਦੇਵੀ ਵੀ ਹਮਲੇ ਦੇ ਇੱਕ ਮਾਮਲੇ ਵਿੱਚ ਜੇਲ੍ਹ ਗਈ ਸੀ, ਜਿੱਥੇ ਉਸਦੀ ਮੁਲਾਕਾਤ ਭਾਰਕੋ ਦੇ ਰਹਿਣ ਵਾਲੇ ਗੈਂਗਸਟਰ ਬਲੇਸ਼ਵਰ ਹਰੀਜਨ ਦੀ ਪਤਨੀ ਬਿਜੂਲਾ ਦੇਵੀ ਨਾਲ ਹੋਈ। ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ, ਰਿੰਕੂ ਦੇਵੀ ਬਿਜੂਲਾ ਦੇ ਪਤੀ ਬਾਲੇਸ਼ਵਰ ਹਰੀਜਨ ਨੂੰ ਮਿਲੀ ਅਤੇ ਉਸਨੂੰ 35,000 ਰੁਪਏ ਵਿੱਚ ਆਪਣੇ ਪਤੀ ਨੂੰ ਮਾਰਨ ਦੀ ਫਿਰੌਤੀ ਦਿੱਤੀ। ਯੋਜਨਾ ਅਨੁਸਾਰ, 11 ਅਪ੍ਰੈਲ ਨੂੰ, ਜਦੋਂ ਬਿਹਾਰੀ ਯਾਦਵ ਕੋਲਕਾਤਾ ਤੋਂ ਆਪਣੇ ਪਿੰਡ ਵਾਪਸ ਆ ਰਿਹਾ ਸੀ, ਤਾਂ ਰਿੰਕੂ ਦੇਵੀ ਨੇ ਬਾਲੇਸ਼ਵਰ ਨੂੰ ਸੂਚਿਤ ਕੀਤਾ। ਸ਼ਾਮ ਨੂੰ, ਉਹ ਬਿਹਾਰੀ ਯਾਦਵ ਨੂੰ ਪਿੰਡ ਤੋਂ ਬਾਹਰ ਲੈ ਗਈ, ਜਿੱਥੇ ਬਾਲੇਸ਼ਵਰ ਅਤੇ ਰਿੰਕੂ ਦੇਵੀ ਨੇ ਮਿਲ ਕੇ ਤੇਜ਼ਧਾਰ ਹਥਿਆਰ ਨਾਲ ਉਸਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਕਤਲ ਤੋਂ ਬਾਅਦ, ਉਨ੍ਹਾਂ ਨੇ ਲਾਸ਼ ਨੂੰ ਵਿਲਾਸੀ ਨਹਿਰ ਦੇ ਨੇੜੇ ਸੁੱਟ ਦਿੱਤਾ। ਘਟਨਾ ਤੋਂ ਬਾਅਦ, ਰਿੰਕੂ ਦੇਵੀ ਦੇ ਨਿਰਦੇਸ਼ਾਂ 'ਤੇ ਪੁਲਸ ਨੇ ਮ੍ਰਿਤਕ ਦਾ ਸਿਰ ਵੀ ਬਰਾਮਦ ਕੀਤਾ ਜੋ ਕਿ ਅਪਰਾਧ ਵਾਲੀ ਥਾਂ ਤੋਂ ਕੁਝ ਦੂਰੀ 'ਤੇ ਲੁਕਾਇਆ ਗਿਆ ਸੀ। ਲਾਸ਼ ਮਿਲਣ ਤੋਂ ਬਾਅਦ ਪਤਨੀ ਰਿੰਕੂ ਦੇਵੀ ਨੇ ਪੁਲਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਅਤੇ ਕਤਲ ਲਈ ਕਿਸੇ ਹੋਰ ਨੂੰ ਜ਼ਿੰਮੇਵਾਰ ਠਹਿਰਾਉਂਦੀ ਰਹੀ, ਪਰ ਪੁਲਸ ਦੀ ਸਖ਼ਤੀ ਕਾਰਨ ਸਾਰਾ ਮਾਮਲਾ ਬੇਨਕਾਬ ਹੋ ਗਿਆ। ਐੱਸਪੀ ਨੇ ਇਹ ਵੀ ਕਿਹਾ ਕਿ ਪੁਲਸ ਉਸ ਨੌਜਵਾਨ ਦੀ ਵੀ ਜਾਂਚ ਕਰ ਰਹੀ ਹੈ ਜਿਸ ਨਾਲ ਔਰਤ ਦਾ ਨਾਜਾਇਜ਼ ਸਬੰਧ ਸੀ। ਐੱਸਪੀ ਨੇ ਇਸ ਕਤਲ ਦੇ ਭੇਤ ਨੂੰ ਸੁਲਝਾਉਣ ਲਈ ਐੱਸਪੀਡੀਓ ਵਿਪਿਨ ਬਿਹਾਰੀ ਦੀ ਅਗਵਾਈ ਹੇਠ ਬਣਾਈ ਗਈ ਵਿਸ਼ੇਸ਼ ਟੀਮ ਦੀ ਪ੍ਰਸ਼ੰਸਾ ਕੀਤੀ। ਇਸ ਟੀਮ 'ਚ ਅਮਰਪੁਰ ਥਾਣਾ ਇੰਚਾਰਜ ਪੰਕਜ ਕੁਮਾਰ, ਇੰਸਪੈਕਟਰ ਵਿੱਕੀ ਕੁਮਾਰ, ਰਾਹੁਲ ਕੁਮਾਰ, ਸਤੀਸ਼ ਕੁਮਾਰ ਸਿੰਘ ਅਤੇ ਤਕਨੀਕੀ ਸ਼ਾਖਾ ਦੇ ਪ੍ਰਸ਼ਾਂਤ, ਵਿਜੇ ਅਤੇ ਧਰਮਿੰਦਰ ਕੁਮਾਰ ਸ਼ਾਮਲ ਸਨ।

## ਪੈਦਲ ਆ ਰਹੇ ਵਿਅਕਤੀ ਕੋਲੋਂ ਮਿਲੀ ਹੈਰੋਇਨ, ਪੁਲਸ ਨੇ ਕੀਤਾ ਗ੍ਰਿ਼ਫਤਾਰ

ਜਲਾਲਾਬਾਦ 24 ਅਕਤੂਬਰ। ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਪੰਜਾਬ ਪੁਲਸ ਡੀ.ਜੀ.ਪੀ ਗੌਰਵ ਯਾਦਵ ਅਤੇ ਜ਼ਿਲ੍ਹਾ ਫ਼ਾਜ਼ਿਲਕਾ ਦੇ ਐੱਸ.ਐੱਸ.ਪੀ ਵਰਿੰਦਰ ਸਿੰਘ ਬਰਾੜ ਦੇ ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਡੀ.ਐੱਸ.ਪੀ ਜਤਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਥਾਣਾ ਸਦਰ ਜਲਾਲਾਬਾਦ ਐੱਸ.ਐੱਚ.ਓ. ਅਮਰਜੀਤ ਕੌਰ ਨੇ ਗਸ਼ਤ ਦੌਰਾਨ ਕਰਵਾਈ ਕਰਦੇ ਹੋਏ 1 ਦੋਸ਼ੀ ਨੂੰ 10 ਗ੍ਰਾਮ ਹੈਰੋਇਨ ਸਣੇ ਕਾਬੂ ਕਰਕੇ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਜਲਾਲਾਬਾਦ ਦੇ ਐੱਸ.ਐੱਚ.ਓ. ਅਮਰਜੀਤ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 13 ਅਪ੍ਰੈਲ ਦੀ ਦੁਪਹਿਰ ਨੂੰ ਸਾਢੇ 3



ਵਜੇ ਦੇ ਕਰੀਬ ਪੁਲਸ ਪਾਰਟੀ ਸਣੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਲਈ ਪਿੰਡ ਸੁਖੇਰਾ ਬੋਦਲਾ ਮੌਜੂਦ ਸਨ ਤਾਂ ਸੁਖੇਰਾ ਤੋਂ ਅੱਧਾ ਕਿਲੋਮੀਟਰ ਅੱਗੇ ਸੀ ਤਾਂ ਇਕ ਆਦਮੀ ਪੈਦਲ ਆਉਂਦਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਨੂੰ ਦੇਖ ਕੇ ਪਿੱਛੇ ਮੁੜਣ ਲੱਗਾ ਸਾਥੀ ਪੁਲਸ ਕਰਮਚਾਰੀਆਂ ਦੀ ਮਦਦ ਨਾਲ ਸ਼ੱਕ ਦੇ ਅਧਾਰ 'ਤੇ ਤਲਾਸ਼ੀ ਕੀਤੀ ਗਈ ਤਾਂ ਉਸ ਦੇ 10 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਫੜੇ ਗਏ ਦੋਸ਼ੀ ਵਿਅਕਤੀ ਦੀ ਪਛਾਣ ਕਾਲੂ ਉਰਫ ਕਾਲੀ ਪੁੱਤਰ ਭਗਵਾਨ ਸਿੰਘ ਵਾਸੀ ਪਿੰਡ ਸੁਖੇਰਾ ਦੇ ਰੂਪ 'ਚ ਹੋਈ ਜਿਸ ਦੇ ਵਿਰੁੱਧ ਥਾਣਾ ਸਦਰ ਜਲਾਲਾਬਾਦ ਵਿਖੇ ਐੱਨ.ਡੀ.ਪੀ.ਐੱਸ. ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

## ਫਾਇਰਿੰਗ ਕਰਨ ਤੇ ਧਮਕੀਆ ਦੇਣ ਦੇ ਦੋਸ਼ 'ਚ 8 ਲੋਕਾਂ ਖ਼ਿਲਾ਼ਫ ਪਰਚਾ ਦਰਜ

ਜਲਾਲਾਬਾਦ 24 ਅਕਤੂਬਰ। ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਿੰਡ ਚੱਕ ਬਲੋਚਾ ਉਰਫ਼ ਮਹਾਲਮ ਵਿਖੇ ਬੀਤੇ ਦਿਨ ਹੋਈ ਲੜਾਈ ਦੌਰਾਨ ਫਾਇਰਿੰਗ ਕਰਨ ਅਤੇ ਧਮਕੀਆ ਦੇਣ ਦੇ ਦੋਸ਼ 'ਚ 8 ਲੋਕਾਂ ਦੇ ਖ਼?ਲਾਫ਼ ਪਰਚਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਮੁੱਦਈ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ



ਹਨ ਕਿ ਉਸ ਦੇ ਸਾਲੇ ਅਜੈ ਸਿੰਘ ਨਾਲ (ਉਸ ਦੀ) ਮੁੱਦਈ ਦੀ ਕੁੜੀ ਵਿਆਹ ਕਰਵਾਉਣ ਲਈ ਕਹਿੰਦੀ ਸੀ ਪਰ ਉਸ ਦਾ ਪਰਿਵਾਰ ਰਾਜ਼ੀ ਨਹੀਂ ਸੀ ਤਾਂ ਲਖਵਿੰਦਰ ਸਿੰਘ ਅਤੇ ਕ੍ਰਿਸ਼ਨ ਸਿੰਘ ਵਗੈਰਾ ਨੇ 12 ਅਪ੍ਰੈਲ ਨੂੰ ਰਾਤ ਕਰੀਬ 12 ਵਜੇ ਲਲਕਾਰਾ ਮਾਰਿਆ ਕਿ ਸਾਡੀ ਕੁੜੀ ਨਾਲ ਵਿਆਹ ਕਰਵਾਉਣ ਦਾ ਮਜਾ ਚਖਾਉਂਦੇ ਹਾਂ। ਜਿਸ 'ਤੇ ਲਖਵਿੰਦਰ ਸਿੰਘ ਅਤੇ ਗੱਗੂ ਨੇ ਉਨ੍ਹਾਂ ਦੇ ਘਰ ਇੱਟਾਂ-ਰੋੜੇ ਮਾਰੇ ਅਤੇ ਫਾਇਰਿੰਗ ਵੀ ਕੀਤੀ ਗਈ। ਇਸ 'ਤੇ ਪੁਲਸ ਵੱਲੋਂ ਮੁੱਦਈ ਦੇ ਬਿਆਨਾਂ ਦੇ ਆਧਾਰ 'ਤੇ ਲਖਵਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਚੱਕ ਬਲੋਚਾ, ਕ੍ਰਿਸ਼ਨ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਗੁਮਾਨੀਵਾਲਾ ਖੂਹ, ਗੱਗੂ ਪੰਡਿਤ ਪੁੱਤਰ ਮਹਿੰਦਰ ਸਿੰਘ ਵਾਸੀ ਉਡਾਗ ਪੈਲੇਸ ਜਲਾਲਾਬਾਦ ਅਤੇ 4-5 ਅਣਪਛਾਤੇ ਵਿਅਕਤੀਆਂ ਦੇ ਖ਼?ਲਾਫ਼ ਪਰਚਾ 13 ਅਪ੍ਰੈਲ ਨੂੰ ਦਰਜ ਕਰ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਸਿਹਤ ਵਿਭਾਗ ਦਾ ਹੁਕਮ, ਸਕੂਲ ਕੰਪਲੈਕਸ 'ਚ ਜੰਕ ਫੂਡ ਤੇ ਐਨਰਜੀ ਡਰਿੰਕ ਵੇਚਣ 'ਤੇ ਮੁਕੰਮਲ ਪਾਬੰਦੀ

ਅੰਮ੍ਰਿਤਸਰ 24 ਅਕਤੂਬਰ। ਸਕੂਲਾਂ ਵਿਚ ਜੰਕ ਫੂਡ ਅਤੇ ਐਨਰਜੀ ਡਰਿੰਕ ਵੇਚਣ 'ਤੇ ਪਾਬੰਦੀ ਲੱਗ ਗਈ ਹੈ। ਸਕੂਲ ਕੰਪਲੈਕਸ ਅੰਦਰ ਜੇਕਰ ਜੰਕ ਫੂਡ ਅਤੇ ਐਨਰਜੀ ਡਰਿੰਕ ਵੇਚੀ ਗਈ ਤਾਂ ਸਬੰਧਤ ਕੰਟੀਨ ਮਾਲਕ ਦੇ ਨਾਲ-ਨਾਲ ਸਕੂਲ ਇੰਚਾਰਜ ਖਿਲਾਫ ਕਾਰਵਾਈ ਹੋ ਸਕਦੀ ਹੈ। ਸਿਹਤ ਵਿਭਾਗ ਵੱਲੋਂ ਇਸ ਸਬੰਧ ਵਿਚ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਨੂੰ ਪੱਤਰ ਵੀ ਜਾਰੀ ਕੀਤਾ ਜਾ ਰਿਹਾ ਹੈ। ਸਹਾਇਕ ਕਮਿਸ਼ਨਰ ਫੂਡ ਰਜਿੰਦਰ ਪਾਲ ਸਿੰਘ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਸਿਹਤ ਨੂੰ ਮੱਦੇਨਜ਼ਰ ਰੱਖਦਿਆਂ ਸਮੇਂ-ਸਮੇਂ 'ਤੇ ਵਿਭਾਗ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਵਿਭਾਗ ਦੇ ਧਿਆਨ ਵਿਚ ਆਇਆ ਹੈ ਕਿ ਕਈ ਸਕੂਲਾਂ ਵਿਚ ਸਥਿਤ ਕੰਟੀਨਾਂ ਅੰਦਰ ਜੰਕ ਫੂਡ ਅਤੇ ਐਨਰਜੀ ਡਰਿੰਕ ਵੇਚੇ ਜਾ ਰਹੇ ਹਨ, ਜਿਸ ਨਾਲ ਸਿੱਧੇ ਤੌਰ 'ਤੇ ਵਿਦਿਆਰਥੀਆਂ ਦੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ। ਵਿਭਾਗ ਵੱਲੋਂ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੰਕ ਫੂਡ ਅਤੇ ਐਨਰਜੀ ਡਰਿੰਕ ਵੇਚਣ 'ਤੇ ਸਕੂਲ ਕੰਪਲੈਕਸ ਅੰਦਰ ਮੁਕੰਮਲ ਪਾਬੰਦੀ ਹੈ। ਜੇਕਰ ਕੋਈ ਕੰਟੀਨ ਮਾਲਕ ਨਿਯਮਾਂ ਦੀ ਉਲੰਘਣਾਂ ਕਰਦਾ ਪਾਇਆ ਜਾਂਦਾ ਹੈ ਤਾਂ ਜਿੰਨਾਂ ਕੰਟੀਨ ਦਾ ਮਾਲਕ ਜ਼ਿੰਮੇਵਾਰ ਹੋਵੇਗਾ, ਓਨਾ ਹੀ ਸਕੂਲ ਦਾ ਇੰਚਾਰਜ ਵੀ ਜ਼ਿੰਮੇਵਾਰ ਹੋਵੇਗਾ। ਰਜਿੰਦਰ ਪਾਲ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਅਤੇ ਐਲੀਮੈਂਟਰੀ ਨੂੰ ਇਸ ਸਬੰਧ ਵਿਚ ਪੱਤਰ ਵੀ ਜਾਰੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਸਿਹਤ ਸਭ ਤੋਂ ਪਹਿਲਾਂ ਠੀਕ ਹੋਣੀ ਚਾਹੀਦੀ ਹੈ ਜੇਕਰ ਸਿਹਤ ਠੀਕ ਹੋਵੇਗੀ ਤਾਂ ਵਿਦਿਆਰਥੀ ਵਧੀਆ ਢੰਗ ਨਾਲ ਪੜ੍ਹਾਈ ਕਰ ਸਕਣਗੇ। ਰਜਿੰਦਰ ਪਾਲ ਸਿੰਘ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਸਕੂਲਾਂ ਵਿਚ ਚੈਕਿੰਗ ਵੀ ਕੀਤੀ ਜਾਵੇਗੀ। ਇਸ ਲਈ ਤਿੰਨ ਟੀਮਾਂ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਵਿਦਿਆਰਥੀਆਂ ਨੂੰ ਸਕੂਲ ਵਿਚ ਜੰਕ ਫੂਡ ਭੇਜਣ ਤੋਂ ਗੁਰੇਜ਼ ਕਰਨ ਅਤੇ ਵਿਦਿਆਰਥੀਆਂ ਦੀ ਸਿਹਤ ਨੂੰ ਵਧੀਆ ਰੱਖਣ ਵਾਲੇ ਫਲ ਅਤੇ ਹੋਰ ਖਾਦ-ਪਦਾਰਥ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਜੋ ਸਕੂਲ ਜਾਂ ਕੰਟੀਨ ਮਾਲਕ ਨਿਯਮਾਂ ਦਾ ਉਲੰਘਣ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

## ਸਕੂਲ ਨਾ ਜਾਣ 'ਤੇ ਪਿਤਾ ਨੇ ਝਿੜਕਿਆ ਤਾਂ ਮੁੰਡੇ ਨੇ ਚੁੱਕ ਲਿਆ ਖ਼ੌਫਨਾਕ ਕਦਮ

ਬਿਜਨੌਰ 24 ਅਕਤੂਬਰ। ਉੱਤਰ ਪ੍ਰਦੇਸ਼ ਦੇ ਬਿਜਨੌਰ ਜ਼ਿਲ੍ਹੇ 'ਚ 11 ਸਾਲਾ ਇਕ ਮੁੰਡੇ ਨੇ ਸਕੂਲ ਨਾ ਜਾਣ ਨੂੰ ਲੈ ਕਿ ਪਿਤਾ ਦੀ ਝਿੜਕ ਤੋਂ ਦੁਖੀ ਹੋ ਕੇ ਖ਼ੁਦਕੁਸ਼ੀ ਕਰ ਲਈ। ਇਕ ਅਧਿਕਾਰੀ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਕਿਰਤਪੁਰ ਥਾਣਾ ਇੰਚਾਰਜ (ਐੱਸਐੱਚਓ) ਵੀਰੇਂਦਰ ਕੁਮਾਰ ਨੇ ਦੱਸਿਆ ਕਿ ਘਟਨਾ ਬੁੱਧਵਾਰ ਨੂੰ ਮਿਲਕੀਆਂ ਮੁਹੱਲਾ ਦੀ ਹੈ, ਜਿੱਥੇ ਨਿਸਾਰ ਨਾਂ ਦੇ ਇਕ ਵਿਅਕਤੀ ਨੇ ਆਪਣੇ ਬੇਟੇ ਸ਼ਾਦਾਨ ਨੂੰ ਸਕੂਲ 'ਚ ਵਾਰ-ਵਾਰ ਗੈਰ-ਹਾਜ਼ਰ ਰਹਿਣ ਲਈ ਝਿੜਕਿਆ ਸੀ। ਅਧਿਕਾਰੀ ਨੇ ਦੱਸਿਆ,"ਪਿਤਾ ਦੀ ਝਿੜਕ ਤੋਂ ਦੁਖੀ ਹੋ ਕੇ ਸ਼ਾਦਾਨ ਘਰੋਂ ਚਲਾ ਗਿਆ ਅਤੇ ਜਦੋਂ ਉਹ ਵਾਪਸ ਨਹੀਂ ਪਰਤਿਆ ਤਾਂ ਪਰਿਵਾਰ ਨੇ ਉਸ ਦੀ ਭਾਲ ਸ਼ੁਰੂ ਕੀਤੀ ਅਤੇ ਬਾਅਦ 'ਚ ਉਸ ਦੀ ਲਾਸ਼ ਕੋਲ ਦੇ ਖਾਲੀ ਪਲਾਟ 'ਚ ਫਾਹੇ ਨਾਲ ਲਟਕੀ ਮਿਲੀ।" ਪੁਲਸ ਨੇ ਦੱਸਿਆ ਕਿ ਲਾਸ਼ ਪੋਸਟਮਾਰਟਮ ਲਈ ਭੇਜ ਦਿੱਤੀ ਗਈ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

## ਲੜਾਈ-ਝਗੜੇ ਦੇ ਦੋਸ਼ ਹੇਠ 16 ਲੋਕਾਂ ਖ਼?ਲਾਫ਼ ਕੇਸ ਦਰਜ

ਗੜ੍ਹਸ਼ੰਕਰ 24 ਅਕਤੂਬਰ। ਗੜ੍ਹਸ਼ੰਕਰ ਪੁਲਸ ਨੇ ਲਖਵੀਰ ਸਿੰਘ ਪੁੱਤਰ ਹਜਾਰਾ ਸਿੰਘ ਵਾਸੀ ਬਾਰਾਪੁਰ ਦੀ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ 16 ਲੋਕਾਂ ਦੇ ਖਿਲਾਫ਼ ਧਾਰਾ 191(3),190, 324 (4), 332 (ਏ), 351 ਬੀ. ਐੱਨ. ਐੱਸ. ਐਕਟ ਅਧੀਨ ਕੇਸ ਦਰਜ ਕੀਤਾ ਹੈ। ਲਖਵੀਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ 6 ਅਪ੍ਰੈਲ ਨੂੰ ਕਰੀਬ ਦੁਪਹਿਰ ਢਾਈ ਵਜੇ ਅਪਣੇ ਪਸ਼ੂਆਂ ਦੇ ਵਾੜੇ ਵਿਚ ਸੀ ਤਾਂ ਇਸ ਦੌਰਾਨ ਗੁਰਪ੍ਰੀਤ ਸਿੰਘ ਉਰਫ਼ ਗੱਗੀ ਪੁੱਤਰ ਕੁਲਦੀਪ ਸਿੰਘ, ਲੱਖਾ ਪੁੱਤਰ ਮਹਿੰਦਰ ਸਿੰਘ, ਜੋਧਾ ਪੁੱਤਰ ਦਿਲਾਵਰ ਸਿੰਘ, ਗੁਰਮੀਤ ਸਿੰਘ ਗੋਪੀ ਪੁੱਤਰ ਮਝੈਲ ਸਿੰਘ, ਅਮਨ ਉਰਫ਼ ਅਮਨੂ ਪੁੱਤਰ ਬਿੰਦਰ, ਲਾਡੀ ਅਤੇ ਮਨੀ ਪੁੱਤਰ ਮਹਿੰਦਰ, ਜੱਸਾ ਪੁੱਤਰ ਕਾਲੀ, ਸਾਬੀ ਪੁੱਤਰ ਬਿੰਦਰ ਦਿਆਲ, ਮਨਵੀਰ ਪੁੱਤਰ ਬਹਾਦਰ, ਸੁਖੂ ਪੁੱਤਰ ਰਮੇਸ਼, ਸੁਰਜੀਤ ਸਿੰਘ ਪੁੱਤਰ ਬਿਅੰਤਾ, ਪਵਨ ਕੁਮਾਰ ਪੁੱਤਰ ਬਿੰਦਰ, ਹਨੀ ਪੁੱਤਰ ਦੇਵ ਰਾਮ ਅਤੇ ਕੁਲਵੰਤ ਪੁੱਤਰ ਭਜਨ ਸਿੰਘ ਵਾਸੀ ਬਾਰਾਪੁਰ, ਜਿਨ੍ਹਾਂ ਨੇ ਹੱਥਾਂ ਵਿਚ ਹਥਿਆਰ ਫੜੇ ਹੋਏ ਸਨ ਨੇ ਮੇਰੇ 'ਤੇ ਹਮਲਾ ਕਰ ਦਿੱਤਾ ਅਤੇ ਮੈਨੂੰ ਧਮਕੀਆਂ ਦਿੱਤੀਆਂ। ਇਸ ਬਿਆਨ ਮੁਤਾਬਕ ਕੇਸ ਦਰਜ ਕੀਤਾ ਗਿਆ ਹੈ।

## ਪੰਜਾਬੀਆਂ ਲਈ ਨਵੀਆਂ ਪਾਬੰਦੀਆਂ ਲਾਗੂ ! ਇਸ ਤਾਰੀਖ਼ ਤੱਕ ਜਾਰੀ ਰਹਿਣਗੇ ਹੁਕਮ

ਮਾਨਸਾ 24 ਅਕਤੂਬਰ। ਸ਼ਹਿਰ 'ਚ ਨਵੀਆਂ ਪਾਬੰਦੀਆਂ ਲਾਗੂ ਹੋ ਗਈਆਂ ਹਨ। ਦਰਅਸਲ ਏ. ਡੀ. ਸੀ. ਆਕਾਸ਼ ਬਾਂਸਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅਤੇ ਕਚਹਿਰੀ ਕੰਪਲੈਕਸ ਦੇ 100 ਮੀਟਰ ਦੇ ਦਾਇਰੇ 'ਚ ਜਲੂਸ ਕੱਢਣ, ਬੈਠਕ ਕਰਨ, ਲਾਊਡ ਸਪੀਕਰਾਂ ਦੇ ਮਾਧਿਅਮ ਨਾਲ ਭਾਸ਼ਣ ਦੇਣ ਅਤੇ ਧਰਨਾ-ਪ੍ਰਦਰਸ਼ਨ ਕਰਨ 'ਤੇ ਰੋਕ ਲਾ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ




ਸਿਆਸੀ ਪਾਰਟੀਆਂ ਅਤੇ ਸੰਗਠਨ ਆਪਣੇ ਮੁੱਦਿਆਂ ਨੂੰ ਲੈ ਕੇ ਜਲੂਸ ਆਦਿ ਕੱਢਣ ਤੋਂ ਬਾਅਦ ਜ਼ਿਲ੍ਹਾ ਕਚਹਿਰੀ ਕੰਪਲੈਕਸ 'ਚ ਲਾਊਡ ਸਪੀਕਰ ਲਾ ਕੇ ਭਾਸ਼ਣ ਦਿੰਦੇ ਰਹਿੰਦੇ ਹਨ ਜਾਂ ਧਰਨਾ-ਪ੍ਰਦਰਸ਼ਨ ਕਰਦੇ ਹਨ। ਇਸ ਨਾਲ ਅਮਨ-ਸ਼ਾਂਤੀ ਭੰਗ ਹੁੰਦੀ ਹੈ ਅਤੇ ਸਰਕਾਰੀ ਕੰਮ 'ਚ ਰੁਕਾਵਟ ਪੈਦਾ ਹੁੰਦੀ ਹੈ।

## ਹੈਰੋਇਨ, ਡਰੱਗ ਮਨੀ ਅਤੇ 33750 ਐੱਮ. ਐੱਲ. ਸ਼ਰਾਬ ਸਮੇਤ 4 ਕਾਬੂ

ਗੁਰਦਾਸਪੁਰ 24 ਅਕਤੂਬਰ। ਗੁਰਦਾਸਪੁਰ ਪੁਲਸ ਨੇ 'ਯੁੱਧ ਨਸ਼ਿਆ ਵਿਰੁੱਧ' ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ 12 ਗ੍ਰਾਮ 97 ਮਿਲੀਗ੍ਰਾਮ ਹੈਰੋਇਨ, 1000 ਡਰੱਗ ਮਨੀ ਅਤੇ 33750 ਐੱਮ. ਐੱਲ. ਨਾਜਾਇਜ਼ ਸ਼ਰਾਬ ਸਮੇਤ 4 ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਐੱਸ. ਐੱਸ. ਪੀ. ਗੁਰਦਾਸਪੁਰ ਅਦਿੱਤਿਆ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨੇ 'ਯੁੱਧ ਨਸ਼ਿਆ ਵਿਰੁੱਧ' ਮੁਹਿੰਮ ਤਹਿਤ ਦੀਨਾਨਗਰ ਪੁਲਸ ਵੱਲੋਂ ਪ੍ਰਵੀਨ ਰੋਹਿਤ ਪੁੱਤਰ ਹਰਬੰਸ ਲਾਲ ਵਾਸੀ ਪਨਿਆੜ ਨੂੰ 06 ਗ੍ਰਾਮ 97 ਮਿਲੀਗ੍ਰਾਮ ਹੈਰੋਇਨ ਅਤੇ 1000 ਰੁਪਏ ਡਰੱਗ ਮਨੀ ਸਮੇਤ ਕਾਬੂ ਕਰ ਕੇ ਮਾਮਲਾ ਦਰਜ ਕੀਤਾ ਗਿਆ।

## ਨਕੋਦਰ 'ਚ ਧਾਰਮਿਕ ਅਸਥਾਨ ਤੋਂ ਪਰਤ ਰਹੀ ਸੰਗਤ ਨਾਲ ਵਾਪਰਿਆ ਦਰਦਨਾਕ ਹਾਦਸਾ

ਨਕੋਦਰ 24 ਅਕਤੂਬਰ। ਨਕੋਦਰ-ਜੰਡਿਆਲਾ ਸੜਕ 'ਤੇ ਪਿੰਡ ਸ਼ੰਕਰ ਦੇ ਅੱਡੇ 'ਤੇ ਵਾਪਰੇ ਭਿਆਨਕ ਹਾਦਸੇ 'ਚ ਔਰਤ ਸਮੇਤ 2 ਲੋਕਾਂ ਦੀ ਮੌਤ ਹੋ ਗਈ ਤੇ 6 ਗੰਭੀਰ ਜ਼ਖਮੀ ਹੋ ਗਏ। ਘਟਨਾ ਦੀ ਸੂਚਨਾ ਮਿਲਦੇ ਸਾਰ ਹੀ ਸਦਰ ਥਾਣਾ ਮੁਖੀ ਬਲਜਿੰਦਰ ਸਿੰਘ ਨੇ ਮੌਕੇ 'ਤੇ ਪਹੁੰਚ ਜਾਂਚ ਸ਼ੁਰੂ ਕਰ ਦਿੱਤੀ। ਸਦਰ ਪੁਲਸ ਨੂੰ ਦਿੱਤੇ ਬਿਆਨ 'ਚ ਗੁਰਦੀਪ ਕੁਮਾਰ ਵਾਸੀ ਮੁਹੱਲਾ ਰਵਿਦਾਸਪੁਰਾ ਨਕੋਦਰ ਨੇ ਦੱਸਿਆ ਕਿ ਉਹ ਆਪਣੀ ਪਤਨੀ ਤੇ ਪੁੱਤਰ ਨਾਲ ਪਿੰਡ ਘੁੜਕਾ ਤੋਂ ਮੱਥਾ ਟੇਕ ਕੇ ਮੋਟਰਸਾਈਕਲ 'ਤੇ ਵਾਪਸ ਨਕੋਦਰ ਨੂੰ ਆ ਰਿਹਾ ਸੀ ਕਿ ਜਦੋਂ ਉਹ ਪਿੰਡ ਸ਼ੰਕਰ ਬੱਸ ਸਟੈਂਡ ਨੇੜੇ ਪਹੁੰਚੇ ਤਾਂ ਪਿੱਛੋਂ ਆ ਰਹੇ ਤੇਜ਼ ਰਫ਼ਤਾਰ ਟਰੈਕਟਰ, ਜਿਸ 'ਤੇ ਚਾਰ ਨੌਜਵਾਨ ਸਵਾਰ ਸਨ, ਨੇ ਸਾਡੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਇਸ ਦੌਰਾਨ ਸਾਹਮਣਿਓਂ ਆ ਰਹੀ ਐਕਟਿਵਾ ਵੀ ਟਰੈਕਟਰ ਨਾਲ ਟਕਰਾ ਗਈ। ਹਾਦਸੇ ਵਿਚ ਐਕਟਿਵਾ ਸਵਾਰ ਔਰਤ ਅਮਰਜੀਤ ਕੌਰ ਪਤਨੀ ਸੁਰਿੰਦਰ ਦਾਸ ਵਾਸੀ ਪਿੰਡ ਸਰੀਂਹ ਨਕੋਦਰ ਤੇ ਟਰੈਕਟਰ ਸਵਾਰ ਨੌਜਵਾਨ ਵੰਸ਼ ਸੰਘੇੜਾ ਪੁੱਤਰ ਜਸਕਰਨ ਵਾਸੀ ਪਿੰਡ ਤੁਗਰਾ ਮਹਿਤਪੁਰ ਦੀ ਮੌਤ ਹੋ ਗਈ। ਹਾਦਸੇ ਵਿਚ ਮੋਟਰਸਾਈਕਲ ਸਵਾਰ ਗੁਰਦੀਪ ਕੁਮਾਰ, ਉਸ ਦੀ ਪਤਨੀ ਰਾਜ ਰਾਣੀ, ਪੁੱਤਰ ਮਨੀਸ਼ ਕੁਮਾਰ ਤੇ ਟਰੈਕਟਰ ਸਵਾਰ 3 ਨੌਜਵਾਨ ਟਰੈਕਟਰ ਚਾਲਕ ਹਰਮਨ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਸੋਹਲ ਜਗੀਰ ਸ਼ਾਹਕੋਟ, ਰਾਜਵੀਰ ਸਿੰਘ ਪੁੱਤਰ ਕੈਪਟਨ ਸਿੰਘ ਵਾਸੀ ਅਕਬਰਪੁਰ ਸ਼ਾਹਕੋਟ, ਕਸ਼ਿਸ਼ ਚੌਹਾਨ ਪੁੱਤਰ ਬਲਜੀਤ ਸਿੰਘ ਵਾਸੀ ਸੈਦਪੁਰ ਚਿੱਦੀ ਸ਼ਾਹਕੋਟ ਗੰਭੀਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਪੁਲਸ ਨੇ ਟਰੈਕਟਰ ਡਰਾਈਵਰ ਹਰਮਨ ਸਿੰਘ ਵਾਸੀ ਪਿੰਡ ਸੋਹਲ ਜਗੀਰ ਥਾਣਾ ਸ਼ਾਹਕੋਟ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।




## ਟਰੱਕ ਅਤੇ ਟਰੈਕਟਰ ਟਰਾਲੀ ਵਿਚਾਲੇ ਜ਼ਬਰਦਸਤ ਟੱਕਰ, ਵਿਛ ਗਏ ਸੱਥਰ

ਪਾਤੜਾਂ 24 ਅਕਤੂਬਰ। ਪਾਤੜਾਂ ਖਨੌਰੀ ਮੇਨ ਰੋਡ 'ਤੇ ਸਥਿਤ ਪਿੰਡ ਜੋਗੇਵਾਲ ਨਜ਼ਦੀਕ ਟਰੱਕ ਅਤੇ ਟਰੈਕਟਰ -ਟਰਾਲੀ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਅਤੇ 3 ਵਿਅਕਤੀ ਫੱਟੜ ਹੋ ਗਏ ਹਨ। ਸ਼ਿਕਾਇਤ ਦਰਜ ਕਰਵਾਉਂਦਿਆਂ ਅਰਸ਼ਦੀਪ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਪਿੰਡ ਕਾਦਰਾਬਾਦ ਥਾਣਾ ਸਦਰ ਸਮਾਨਾ ਨੇ ਦੱਸਿਆ ਕਿ ਮਿਤੀ 13-4-2025 ਨੂੰ ਸਵੇਰੇ ਲਗਭਗ ਸਾਢੇ 4 ਵਜੇ ਦੇ ਕਰੀਬ ਉਹ ਆਪਣੇ ਚਾਚਾ ਅੰਤਰ ਸਿੰਘ, ਚਾਚਾ ਦੇ ਲੜਕੇ ਗਗਨਦੀਪ ਸਿੰਘ ਅਤੇ ਡਰਾਈਵਰ ਮਨਪ੍ਰੀਤ ਸਿੰਘ ਨਾਲ ਟਰੈਕਟਰ-ਟਰਾਲੀ ਨੰਬਰ ਪੀ. ਬੀ 42 ਡੀ -9726 'ਤੇ ਸਵਾਰ ਹੋ ਕੇ ਪਿੰਡ ਜੋਗੇਵਾਲ ਨਜ਼ਦੀਕ ਜਾ ਰਿਹਾ ਸੀ। ਜਿਥੇ ਇਕ ਟਰੱਕ ਦੇ ਨਾ ਮਾਲੂਮ ਡਰਾਈਵਰ ਨੇ ਆਪਣਾ ਟਰੱਕ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਨਾਲ ਲਿਆ ਕੇ ਉਨ੍ਹਾਂ ਦੇ ਟਰੈਕਟਰ-ਟਰਾਲੀ ਵਿਚ ਮਾਰਿਆ। ਇਸ ਹਾਦਸੇ ਵਿਚ ਉਸ ਦੇ ਚਾਚੇ ਦੀ ਮੌਤ ਹੋ ਗਈ ਅਤੇ ਬਾਕੀਆਂ ਦੇ ਸੱਟਾਂ ਲੱਗੀਆਂ। ਪੁਲਸ ਨੇ ਪੀੜਤ ਦੇ ਬਿਆਨਾਂ 'ਤੇ ਟਰੱਕ ਨੰਬਰ ਪੀ ਬੀ -11 ਸੀ -4127 ਦੇ ਨਾ ਮਾਲੂਮ ਡਰਾਈਵਰ ਖ਼?ਲਾਫ਼ ਮੁਕੱਦਮਾ ਨੰਬਰ 58, ਮਿਤੀ 13-4-2025 , ਬੀ ਐੱਨ ਐੱਸ ਦੀ ਧਾਰਾ 281,106,125(ਏ , ਬੀ),324(5) ਤਹਿਤ ਥਾਣਾ ਪਾਤੜਾਂ ਵਿਖੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਭਿਆਨਕ ਸੜਕ ਹਾਦਸੇ 'ਚ ਐਕਟਿਵਾ ਸਵਾਰ ਮਹਿਲਾ ਦੀ ਮੌਕੇ 'ਤੇ ਮੌਤ

ਹਾਜੀਪੁਰ 24 ਅਕਤੂਬਰ। ਤਲਵਾੜਾ ਪੁਲਸ ਸਟੇਸ਼ਨ ਦੇ ਅਧੀਨ ਪੈਂਦੇ ਪਿੰਡ ਨੱਥੂਵਾਲ ਦੇ ਲਾਗੇ ਇੱਕ ਕਾਰ-ਐਕਟਿਵਾ ਟੱਕਰ 'ਚ ਐਕਟਿਵਾ ਸਵਾਰ ਮਹਿਲਾ ਦੀ ਮੌਤ ਹੋ ਜਾਣ ਤੇ ਕਾਰ ਚਾਲਕ ਦੇ ਖਿਲਾਫ਼ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਐੱਸ.ਐੱਚ.ਓ. ਤਲਵਾੜਾ ਸਤਪਾਲ ਸਿੰਘ ਨੇ ਦਸਿਆ ਹੈ ਕਿ ਰਵਿੰਦਰ ਸਿੰਘ ਪੁੱਤਰ ਰਤਨ ਸਿੰਘ ਵਾਸੀ ਪਿੰਡ ਬਹਿ ਵਿਧੀਆ ਨੇ ਤਲਵਾੜਾ ਪੁਲਸ ਨੂੰ ਦਿੱਤੇ ਬਿਆਨ 'ਚ ਦੱਸਿਆ ਹੈ ਕਿ ਭਰਜਾਈ ਸੁਮਨ ਬਾਲਾ (42) ਪਤਨੀ ਸੁਰਿੰਦਰ ਕੁਮਾਰ ਆਪਣੇ ਘਰੇਲੂ ਕੰਮ ਕਾਰ ਲਈ ਆਪਣੀ ਐਕਟਿਵਾ ਨੰਬਰੀ ਪੀ.ਬੀ.07-ਬੀ.ਏ.-9882 ਪਰ ਸਵਾਰ ਹੋ ਕੇ ਪਿੰਡ ਤੋਂ ਦਤਾਰਪੁਰ ਗਈ ਸੀ। ਜਦੋਂ ਉਹ ਵਾਪਸ ਆਪਣੇ ਘਰ ਨੂੰ ਆ ਰਿਹਾ ਸੀ ਤਾਂ ਉਸਦੀ ਭਰਜਾਈ ਸੁਮਨ ਬਾਲਾ ਉਸ ਦੇ ਅੱਗੇ ਅੱਗੇ ਆਪਣੀ ਸਕੂਟਰੀ 'ਤੇ ਵਾਪਸ ਘਰ ਨੂੰ ਜਾ ਰਹੀ ਸੀ ਤਾਂ ਜਦੋਂ ਉਹ ਨੱਥੂਵਾਲ ਦੇ ਨੇੜੇ ਆਪਣੀ ਸਾਈਡ ਜਾ ਰਹੀ ਸੀ ਤਾਂ ਇੱਕ ਚਿੱਟੇ ਰੰਗ ਦੀ ਕਾਰ ਜੋ ਕਮਾਹੀਦੇਵੀ ਸਾਈਡ ਤੋਂ ਆਈ, ਜਿਸ ਦੇ ਡਰਾਈਵਰ ਨੇ ਗੱਡੀ ਬਹੁਤ ਤੇਜ਼ ਰਫਤਾਰੀ ਅਤੇ ਲਾਹਪ੍ਰਵਾਹੀ ਨਾਲ ਚਲਾਉਂਦੇ ਹੋਏ ਗੱਡੀ ਗਲਤ ਸਾਈਡ ਲਿਆ ਕੇ ਉਸਦੀ ਭਰਜਾਈ ਦੀ ਐਕਟਿਵਾ ਵਿੱਚ ਸਾਹਮਣੇਓ ਮਾਰੀ। ਇਸ ਦੌਰਾਨ ਉਸ ਦੀ ਭਰਜਾਈ ਸੜਕ ਨਾਲ ਖੜੀਆ ਝਾੜੀਆਂ ਵਿੱਚ ਜਾ ਡਿੱਗੀ ਜਿਸਦੀ ਐਕਟਿਵਾ ਦਾ ਵੀ ਕਾਫੀ ਨੁਕਸਾਨ ਹੋ ਗਿਆ ਅਤੇ ਉਕਤ ਗੱਡੀ ਵੀ ਮੌਕੇ 'ਤੇ ਪਲਟ ਗਈ। ਉਹ ਆਪਣੀ ਗੱਡੀ ਰੋਕ ਕੇ ਆਪਣੀ ਭਰਜਾਈ ਸੁਮਨ ਬਾਲਾ ਪਾਸ ਗਿਆ ਤਾਂ ਦੇਖਿਆ ਕਿ ਉਸਦੀ ਭਰਜਾਈ ਦੀ ਮੌਕਾ 'ਤੇ ਹੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਉਹ ਉਕਤ ਗੱਡੀ ਕੋਲ ਗਿਆ ਤਾਂ ਉਸ ਗੱਡੀ ਦਾ ਨੰਬਰ ਪੀ.ਬੀ.37-ਜੇ-2430 ਜਿਸਦਾ ਡਰਾਈਵਰ ਤੋਂ ਫਰਾਰ ਹੋ ਗਿਆ।




## ਨਾਸ਼ਤੇ ਤੋਂ ਲੈ ਕੇ ਡਿਨਰ ਤੱਕ... ਦੇਸ਼ ਦੀ ਇਸ ਇਕਲੌਤੀ ਟਰੇਨ 'ਚ ਮਿਲਦਾ ਹੈ ਬਿਲਕੁੱਲ ਮੁ਼ਫਤ ਖਾਣਾ

ਨੈਸ਼ਨਲ ਡੈਸਕ 24 ਅਕਤੂਬਰ। ਭਾਰਤ 'ਚ ਇਕ ਅਜਿਹੀ ਟਰੇਨ ਵੀ ਹੈ, ਜਿਸ 'ਚ ਸਫ਼ਰ ਦੌਰਾਨ ਯਾਤਰੀਆਂ ਨੂੰ ਨਾਸ਼ਤਾ, ਦੁਪਹਿਰ ਦਾ ਖਾਣਾ ਅਤੇ ਰਾਤ ਦਾ ਖਾਣਾ ਬਿਲਕੁੱਲ ਮੁਫ਼ਤ ਦਿੱਤਾ ਜਾਂਦਾ ਹੈ। ਇਸ ਖ਼ਾਸ ਟਰੇਨ ਦਾ ਨਾਂ ਸੱਚਖੰਡ ਐਕਸਪ੍ਰੈੱਸ ਹੈ। ਇਹ ਟਰੇਨ ਮਹਾਰਾਸ਼ਟਰ ਦੇ ਨਾਂਦੇੜ ਤੋਂ ਚੱਲ ਕੇ ਪੰਜਾਬ ਦੇ ਅੰਮ੍ਰਿਤਸਰ ਤੱਕ ਜਾਂਦੀ ਹੈ। ਸੱਚਖੰਡ ਐਕਸਪ੍ਰੈੱਸ ਸਿੱਖ ਧਰਮ ਦੇ 2 ਮੁੱਖ ਤੀਰਥ ਸਥਾਨਾਂ- ਸ੍ਰੀ ਹਜ਼ੂਰ ਸਾਹਿਬ ਨਾਂਦੇੜ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਲਈ ਪ੍ਰਸਿੱਧ ਹੈ। ਸੱਚਖੰਡ ਐਕਸਪ੍ਰੈੱਸ ਇਨ੍ਹਾਂ ਦੋਵਾਂ ਧਾਰਮਿਕ ਸਥਾਨਾਂ ਨੂੰ ਜੋੜਣ ਦਾ ਕੰਮ ਕਰਦੀ ਹੈ ਅਤੇ ਇਹੀ ਇਸ ਟਰੇਨ ਨੂੰ ਵਿਸ਼ੇਸ਼ ਬਣਾਉਂਦਾ ਹੈ। ਸੱਚਖੰਡ ਐਕਸਪ੍ਰੈੱਸ ਲਗਭਗ 2 ਹਜ਼ਾਰ ਕਿਲੋਮੀਟਰ ਦਾ ਲੰਬਾ ਸਫ਼ਰ ਤੈਅ ਕਰਦੀ ਹੈ ਅਤੇ ਇਸ ਯਾਤਰਾ ਨੂੰ ਪੂਰਾ ਕਰਨ 'ਚ ਇਸ ਨੂੰ ਕਰੀਬ 33 ਘੰਟੇ ਲੱਗਦੇ ਹਨ। ਇਸ ਦੌਰਾਨ ਇਹ ਟਰੇਨ ਦਿੱਲੀ, ਭੋਪਾਲ, ਪਰਭਨੀ, ਜਲਾਨਾ, ਔਰੰਗਾਬਾਦ ਅਤੇ ਮਰਾਠਵਾੜਾ ਵਰਗੇ ਵੱਡੇ ਸਟੇਸ਼ਨਾਂ ਤੋਂ ਹੋ ਕੇ ਲੰਘਦੀ ਹੈ। ਇਸ ਟਰੇਨ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਇਸ 'ਚ ਸਫ਼ਰ ਕਰਨ ਵਾਲੇ ਯਾਤਰੀਆਂ ਨੂੰ ਪੂਰੇ ਸਫ਼ਰ ਦੌਰਾਨ ਭੋਜਨ ਲਈ ਕੋਈ ਪੈਸਾ ਨਹੀਂ ਦੇਣਾ ਪੈਂਦਾ। ਨਾਸ਼ਤਾ, ਦੁਪਹਿਰ ਦਾ ਖਾਣੇ ਅਤੇ ਰਾਤ ਦਾ ਖਾਣਾ ਪੂਰੀ ਤਰ੍ਹਾਂ ਮੁਫ਼ਤ ਹੁੰਦਾ ਹੈ। ਖਾਣੇ 'ਚ ਸਮੇਂ-ਸਮੇਂ 'ਤੇ ਤਬਦੀਲੀ ਵੀ ਕੀਤੀ ਜਾਂਦੀ ਹੈ। ਯਾਤਰੀਆਂ ਨੂੰ ਖਿੱਚੜੀ, ਕੜ੍ਹੀ-ਚੌਲ, ਦਾਲ, ਛੋਲੇ, ਆਲੂ-ਗੋਭੀ ਵਰਗੇ ਸਾਧਾਰਨ ਪਰ ਸੁਆਦ ਭਾਰਤੀ ਥਾਲੀ ਦਿੱਤੀ ਜਾਂਦੀ ਹੈ।



## ਪੰਜਾਬ 'ਚ ਇਕ ਕਰੋੜ ਦੀ ਲਾਟਰੀ ਪਿੱਛੇ ਵੱਡਾ ਘਪਲਾ ! ਖਬਰ ਪੜ੍ਹ ਉੱਡ ਜਾਣਗੇ ਹੋਸ਼

ਲੁਧਿਆਣਾ 24 ਅਕਤੂਬਰ। ਨਾਗਾਲੈਂਡ ਸਮੇਤ ਹੋਰਨਾਂ ਸੂਬਿਆਂ ਦੀ ਲਾਟਰੀ ਦੀ ਵਿਕਰੀ ਪੂਰੇ ਦੇਸ਼ 'ਚ ਹੁੰਦੀ ਹੈ। ਜੇਤੂ ਦਾ ਨੰਬਰ ਨਿਕਲਣ 'ਤੇ ਉਹ ਲਾਟਰੀ ਦਾ ਇਨਾਮ ਲੈਂਦਾ ਹੈ। ਇਨ੍ਹਾਂ 'ਚ ਪਹਿਲਾ ਇਨਾਮ 1 ਕਰੋੜ, ਦੂਜਾ 9 ਹਜ਼ਾਰ ਅਤੇ ਤੀਜਾ 450 ਰੁਪਏ, ਜਦੋਂ ਕਿ ਚੌਥਾ ਇਨਾਮ 120 ਰੁਪਏ ਹੈ ਪਰ 9 ਅਪ੍ਰੈਲ 2025 ਨੂੰ ਇਕ ਲਾਟਰੀ ਦੀਆਂ ਇਕ ਹੀ ਨੰਬਰ ਦੀਆਂ 2 ਟਿਕਟਾਂ ਲਾਟਰੀ ਸਟਾਕਿਸਟ ਕੋਲ ਪੁੱਜੀਆਂ। ਇਨ੍ਹਾਂ 'ਚੋਂ ਸਹੀ ਅਤੇ ਜਾਇਜ਼ ਢੰਗ ਨਾਲ ਲਾਟਰੀ ਖ਼ਰੀਦ ਕੇ ਜੇਤੂ ਬਣੇ ਵਿਅਕਤੀ ਨੇ ਲਾਟਰੀ ਦੇ ਇਨਾਮ ਦੀ ਰਾਸ਼ੀ ਹਾਸਲ ਕਰ ਲਈ ਪਰ ਇਕ ਮੁਲਜ਼ਮ ਡੁਪਲੀਕੇਟ ਟਿਕਟ ਲੈ ਕੇ ਲਾਟਰੀ ਸਟਾਕਿਸਟ ਕੋਲ ਪੁੱਜਾ ਅਤੇ ਇਨਾਮ ਰਾਸ਼ੀ ਦੀ ਮੰਗ ਕਰਨ ਲੱਗਾ ਤਾਂ ਸਟਾਕਿਸਟ ਨੇ ਸਾਰੇ ਮਾਮਲੇ ਦੀ ਜਾਣਕਾਰੀ ਲਾਟਰੀ ਏਜੰਸੀ ਅਤੇ ਥਾਣਾ ਕੋਤਵਾਲੀ ਦੀ ਪੁਲਸ ਨੂੰ ਦਿੱਤੀ। ਜਾਅਲੀ ਟਿਕਟ 'ਤੇ ਕਲੇਮ ਕਰਨ ਵਾਲੇ ਮੁਲਜ਼ਮ ਦੀ ਪਛਾਣ ਫਜ਼ਲੇ ਨਿਵਾਸੀ ਪ੍ਰੇਮ ਵਿਹਾਰ, ਘੋੜਾ ਕਾਲੋਨੀ ਗਾਜ਼ੀਆਬਾਦ ਵਜੋਂ ਹੋਈ ਹੈ, ਜਿਸ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਸ਼ਿਕਾਇਤਕਰਤਾ ਸ਼ਾਮ ਸੁੰਦਰ ਭਨੋਟ ਨੇ ਦੱਸਿਆ ਕਿ ਉਸ ਦੀ ਮਿਨਰਵਾ ਮਾਰਕੀਟ 'ਚ ਦੁਕਾਨ ਹੈ। ਉਹ ਲਾਟਰੀ ਦਾ ਸਟਾਕਿਸਟ ਹੈ। 8 ਅਪ੍ਰੈਲ ਨੂੰ ਫਜ਼ਲੇ ਨਾਮੀ ਇਕ ਵਿਅਕਤੀ ਉਸ ਦੀ ਦੁਕਾਨ 'ਤੇ ਆਇਆ, ਜਿਸ ਨੇ 6 ਰੁਪਏ ਦੀ ਕੀਮਤ ਦੀ ਨਾਗਾਲੈਂਡ ਦੀਆਂ ਇਨਾਮੀ 5 ਟਿਕਟਾਂ ਉਸ ਨੂੰ ਦਿੱਤੀਆਂ। ਹਰ ਟਿਕਟ 'ਤੇ 9 ਹਜ਼ਾਰ ਦਾ ਇਨਾਮ ਨਿਕਲਿਆ ਸੀ। ਲਾਟਰੀ ਦੇਣ ਵਾਲੇ ਵਿਅਕਤੀ ਨੂੰ ਭਨੋਟ ਨੇ ਪਛਾਣ ਲਿਆ, ਜੋ ਕਿ ਮੋਗਾ ਵਿਚ ਵੀ ਡੁਪਲੀਕੇਟ ਲਾਟਰੀ ਦਾ ਕਲੇਮ ਕਰ ਚੁੱਕਾ ਸੀ, ਜਿਸ ਤੋਂ ਬਾਅਦ ਉਸ ਨੇ ਥਾਣਾ ਕੋਤਵਾਲੀ ਅਤੇ ਲਾਟਰੀ ਏਜੰਸੀ ਦੇ ਪ੍ਰਬੰਧਕਾਂ ਨੂੰ ਜਾਣਕਾਰੀ ਦਿੱਤੀ। ਸ਼ਿਕਾਇਤਕਰਤਾ ਸ਼ਾਮ ਸੁੰਦਰ ਭਨੋਟ ਨੇ ਦੱਸਿਆ ਕਿ ਕਰੀਬ ਇਕ ਸਾਲ ਤੋਂ ਡੁਪਲੀਕੇਟ ਲਾਟਰੀ ਦੀ ਨਾਜਾਇਜ਼ ਪ੍ਰਿੰਟਿੰਗ ਕਰਵਾ ਕੇ ਕਲੇਮ ਕਰਨ ਵਾਲਾ ਗੈਂਗ ਸਰਗਰਮ ਹੈ। ਗੈਂਗ ਇਸ ਸਕੈਂਡਲ ਦੇ ਜ਼ਰੀਏ ਕਈ ਸ਼ਹਿਰਾਂ 'ਚ ਵਾਰਦਾਤਾਂ ਨੂੰ ਅੰਜਾਮ ਦੇ ਚੁੱਕਾ ਹੈ। ਸਿਰਫ ਲੁਧਿਆਣਾ ਅਤੇ ਪੰਜਾਬ ਦੇ ਕੁੱਲ ਸ਼ਹਿਰਾਂ ਦੀ ਗੱਲ ਕਰੀਏ ਤਾਂ ਇਹ ਗੈਂਗ ਡੁਪਲੀਕੇਟ ਪ੍ਰਿੰਟ ਲਾਟਰੀ ਦੇ ਜ਼ਰੀਏ 30-40 ਲੱਖ ਰੁਪਏ ਕਲੇਮ ਕਰ ਕੇ ਲੁੱਟ ਚੁੱਕਾ ਹੈ। ਸ਼ਾਮ ਸੁੰਦਰ ਭਨੋਟ ਨੇ ਦੱਸਿਆ ਕਿ ਨਾਗਾਲੈਂਡ ਦੀ ਲਾਟਰੀ ਦੀ ਇਨਾਮੀ ਟਿਕਟ ਦਾ ਇਹ ਸਕੈਂਡਲ ਪੂਰੇ ਭਾਰਤ 'ਚ ਫੈਲਿਆ ਹੋਇਆ ਹੈ। ਗੈਂਗ ਵਿਚ ਕਰੀਬ 10-12 ਪੇਸ਼ਾਵਰ ਮੁਲਜ਼ਮ ਇਸ ਨੂੰ ਚਲਾ ਰਹੇ ਹਨ, ਜੋ ਕਿ ਕਰਿੰਦਿਆਂ ਦੇ ਜ਼ਰੀਏ ਲਾਟਰੀ ਦਾ ਇਨਾਮ ਐਲਾਨ ਹੋਣ ਤੋਂ ਬਾਅਦ ਉਸੇ ਨੰਬਰ ਦੀ ਦੂਜੀ ਲਾਟਰੀ ਪ੍ਰਿੰਟ ਕਰਵਾ ਕੇ ਉਸ ਨੂੰ ਮਾਰਕੀਟ 'ਚ ਕਲੇਮ ਕਰਨ ਲਈ ਭੇਜ ਦਿੰਦੇ ਹਨ। ਜਾਂਚ ਅਧਿਕਾਰੀ ਸੁਲੱਖਣ ਸਿੰਘ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਦੱਸਿਆ ਕਿ ਪੁਲਸ ਨੇ ਮੁਲਜ਼ਮ ਫਜਲੇ ਦੇ ਖ਼?ਲਾਫ਼ ਧੋਖਾਦੇਹੀ ਅਤੇ ਲਾਟਰੀ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਮੁਲਜ਼ਮ ਤੋਂ ਨਾਜਾਇਜ਼ ਰੂਪ ਨਾਲ ਪ੍ਰਿੰਟ ਕਰਵਾਈਆਂ ਡੁਪਲੀਕੇਟ ਕਰੀਬ 10 ਟਿਕਟਾਂ ਬਰਾਮਦ ਕੀਤੀਆਂ ਹਨ। ਪੁਲਸ ਨੇ ਮੁਲਜ਼ਮ ਨੂੰ ਅਦਾਲਤ ਸਾਹਮਣੇ ਪੇਸ਼ ਕਰਕੇ 4 ਦਿਨ ਦਾ ਰਿਮਾਂਡ ਹਾਸਲ ਕੀਤਾ ਹੈ।

## ਪੰਜਾਬ 'ਚ ਵੱਡੀ ਵਾਰਦਾਤ, ਪਹਿਲਾਂ ਵਪਾਰੀ 'ਤੇ ਚੱਲੀਆਂ ਤਾਬੜਤੋੜ ਗੋਲੀਆਂ ਤੇ ਫਿਰ...

ਤਰਨਤਾਰਨ 24 ਅਕਤੂਬਰ। ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਖਡੂਰ ਸਾਹਿਬ 'ਚ ਇਕ ਵਪਾਰੀ 'ਤੇ ਤਾਬੜਤੋੜ ਗੋਲੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਇਹ ਘਟਨਾ ਮੁਗਲਾਨੀ ਪਿੰਡ ਦੀ ਹੈ, ਜਿਥੇ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਇੱਕ ਵਪਾਰੀ 'ਤੇ ਗੋਲੀਆਂ ਚਲਾ ਦਿੱਤੀਆਂ ਅਤੇ ਇਕ ਗੋਲੀ ਵਪਾਰੀ ਦੀ ਲੱਤ 'ਚ ਜਾ ਲੱਗੀ। ਇਸ ਦੌਰਾਨ ਵਪਾਰੀ ਭਗਵੰਤ ਸਿੰਘ ਗੰਭੀਰ ਜ਼ਖਮੀ ਹੋ ਗਿਆ ਅਤੇ ਉਸ ਕੋਲੋਂ 9 ਲੱਖ ਰੁਪਏ ਲੁੱਟ ਕੇ ਫਰਾਰ ਹੋ ਗਏ। ਜਿਸ ਤੋਂ ਬਾਅਦ ਉਸ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਰੋਬਾਰੀ ਭਗਵੰਤ ਸਿੰਘ ਨਾਲ ਕੰਮ ਕਰਨ ਵਾਲੇ ਕਰਮਚਾਰੀਆਂ ਨੇ ਦੱਸਿਆ ਕਿ ਉਹ ਅੱਜ ਜਦੋਂ ਉਹ ਕਾਰੋਬਾਰ ਦੇ ਸਾਰੇ ਪੈਸੇ ਇਕੱਠੇ ਕਰਨ ਤੋਂ ਬਾਅਦ ਆਪਣੀ ਕਾਰ ਵਿੱਚ ਘਰ ਵਾਪਸ ਆ ਰਹੇ ਸੀ, ਤਾਂ ਮੋਟਰਸਾਈਕਲ 'ਤੇ ਸਵਾਰ ਦੋ ਅਣਪਛਾਤੇ ਵਿਅਕਤੀ ਆਏ ਅਤੇ ਉਸ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਘਟਨਾ ਵਿੱਚ, ਇੱਕ ਗੋਲੀ ਭਗਵੰਤ ਸਿੰਘ ਦੀ ਲੱਤ ਵਿੱਚ ਲੱਗੀ। ਗੋਲੀ ਲੱਗਣ ਤੋਂ ਬਾਅਦ ਜਿਵੇਂ ਹੀ ਭਗਵੰਤ ਸਿੰਘ ਜ਼ਮੀਨ 'ਤੇ ਡਿੱਗ ਪਿਆ, ਜਿਸ ਤੋਂ ਬਾਅਦ ਮੁਲਜ਼ਮ ਪੈਸੇ ਖੋਹ ਕੇ ਮੌਕੇ ਤੋਂ ਫਰਾਰ ਹੋ ਗਏ। ਇਸ ਦੌਰਾਨ ਮੌਕੇ 'ਤੇ ਘਟਨਾ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ। ਵੈਰੋਜਵਾਲ ਥਾਣੇ ਦੀ ਪੁਲਸ ਨੇ ਕਿਹਾ ਕਿ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ ਅਤੇ ਜਲਦੀ ਹੀ ਦੋਸ਼ੀਆਂ ਨੂੰ ਗ੍ਰਿ਼ਫਤਾਰ ਕਰ ਲਿਆ ਜਾਵੇਗਾ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਹਰਿਆਣਾ ਵਿੱਚ ਖਰੀਫ਼ ਸੀਜਨ ਵਿੱਚ ਹੁਣ ਤੱਕ 4214.85 ਕਰੋੜ ਦੀ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਟਰਾਂਸਫਰ

ਕੌਮੀ ਪੱਤ੍ਰਿਕਾ

ਚੰਡੀਗੜ੍ਹ, 24 ਅਕਤੂਬਰ। ਹਰਿਆਣਾ ਵਿੱਖ ਖਰੀਫ ਖਰੀਦ ਸੀਜਨ 2025-26 ਦੌਰਾਨ ਕਿਸਾਨਾਂ ਦੇ ਖਾਤਿਆਂ ਵਿੱਚ ਹੁਣ ਤੱਕ 4214.85 ਕਰੋੜ ਦੀ ਅਦਾਇਗੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਟ?ਰਾਂਸਫਰ ਕੀਤੀ ਜਾ ਚੁੱਕੀ ਹੈ। ਇਸ ਤਰਾਂ?ਹ ਸਰਕਾਰ ਨੇ ਕਿਸਾਨਾਂ ਨੂੰ ਘੱਟੋ-ਘੱਟ ਮੁੱਲ ਦਾ ਭੁਗਤਾਨ ਯਕੀਨੀ ਕੀਤਾ ਹੈ। ਹਰਿਆਣਾ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਕਿਸਾਨਾਂ ਦੇ ਹੱਕਾਂ ਨੂੰ ਵੇਖਦੇ ਹੋਏ ਜ਼ਿਲ੍ਹਾ ਦੀ ਸਾਰੀ ਅਨਾਜ ਮੰਡੀਆਂ ਵਿੱਚ ਝੋਨੇ ਦੀ ਖਰੀਦ ਦਾ ਕੰਮ ਸੁਚਾਰੂ ਢੰਗ ਨਾਲ ਜਾਰੀ ਹੈ। ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਹੈਫੇਡ, ਵੇਅਰ ਹਾਉਸ ਅਤੇ ਫੂਡ ਐਂਡ ਸਪਲਾਈ ਏਜੰਸੀਆਂ ਵੱਲੋਂ ਝੋਨੇ ਦੀ ਖਰੀਦ ਕੀਤੀ ਜਾ ਰਹੀ ਹੈ। ਸਬੰਧਿਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਝੋਨੇ ਦੀ ਫਸਲ ਵੇਚਨ ਵਿੱਚ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਅਸਹੂਲਤ ਨਾ ਹੋਵੇ। ਮੇਰੀ ਫਸਲ ਮੇਰਾ ਬਿਓਰਾ ਪੋਰਟਲ 'ਤੇ ਰਜਿਸਟਰਡ ਕਿਸਾਨਾਂ ਵੱਲੋਂ ਝੋਨੇ ਦੀ ਖਰੀਦ ਕੀਤੀ ਜਾ ਰਹੀ ਹੈ। ਰਾਜ ਵਿੱਚ ਹੁਣ ਤੱਕ ਮੇਰੀ ਫਸਲ ਮੇਰਾ ਬਿਓਰਾ ਪੋਰਟਲ 'ਤੇ ਰਜਿਸਟਰਡ 1,67,404 ਕਿਸਾਨਾਂ ਤੋਂ ਝੋਨੇ ਦੀ ਖਰੀਦ ਕੀਤੀ ਗਈ ਹੈ। ਬੁਲਾਰੇ ਨੇ ਅੱਜ ਇੱਥੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਹੁਣ ਤੱਕ ਰਾਜ ਭਰ ਦੀ ਮੰਡਿਆਂ ਵਿੱਚ ਕੁੱਲ੍ਹ 30,19,844 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਹੋਈ ਹੈ। ਉਨ੍ਹਾਂ ਨੇ ਦੱਸਿਆ ਕਿ ਵੱਖ ਵੱਖ ਜ਼ਿਲ੍ਹਿਆਂ ਦੀ ਮੰਡਿਆਂ ਤੋਂ ਹੁਣ ਤੱਕ 20,49,941 ਲੱਖ ਮੀਟ੍ਰਿਕ ਟਨ ਝੋਨੇ ਦੀ ਉਠਾਨ ਹੋ ਚੁੱਕੀ ਹੈ। ਹੁਣ ਤੱਕ ਮੰਡਿਆਂ ਤੋਂ 27,10,580 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਵਰਣਯੋਗ ਹੈ ਕਿ ਰਾਜ ਵਿੱਚ ਝੋਨੇ ਦੀ ਖਰੀਦ ਭਾਰਤ ਸਰਕਾਰ ਵੱਲੋਂ ਝੋਨੇ ਦੀ ਖਰੀਦ ਘੱਟੋ-ਘੱਟ ਮੁੱਲ ਦੇ ਸਮਰਥਨ ਵਿੱਚ ਕਰਦੀ ਹੋਈ ਫਸਲ ਦਾ ਭੁਗਤਾਨ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤੌਰ 'ਤੇ ਟ?ਰਾਂਸਫਰ ਕੀਤਾ ਜਾਂਦਾ ਹੈ। ਸਰਕਾਰ ਵੱਲੋਂ ਕਿਸਾਨ ਭਾਇਆਂ ਨੂੰ ਵਾਰ-ਵਾਰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਆਪਣੀ ਫਸਲ ਦੀ ਮੰਡੀ ਵਿੱਚ ਚੰਗੀ ਤਰ੍ਹਾਂ ਸੁਖਾ ਕੇ ਭਾਰਤ ਸਰਕਾਰ ਵੱਲੋਂ ਨਿਰਧਾਰਿਤ ਮਾਪਦੰਡਾਂ ਦੀ ਸੀਮਾ ਅਨੁਸਾਰ ਲੈ ਕੇ ਆਵੇ। ਰਾਜ ਦੀ ਖਰੀਦ ਸੰਸਥਾਵਾਂ ਵੱਲੋਂ ਝੋਨੇ ਦੀ ਖਰੀਦ ਦੀ ਪੁਖਤਾ ਪ੍ਰਬੰਧ ਕੀਤੇ ਹੋਏ ਹਨ ਅਤੇ ਝੋਨੇ ਦੇ ਉਠਾਨ ਕੰਮ ਵਿੱਚ ਵੀ ਤੇਜੀ ਲਿਆਈ ਜਾ ਰਹੀ ਹੈ। ਵਰਣਯੋਗ ਹੈ ਕਿ ਰਾਜ ਦੀ ਖਰੀਦ ਸੰਸਥਾਵਾਂ ਵੱਲੋਂ ਖਰੀਦੇ ਗਏ ਝੋਨੇ ਦੀ ਭਾਰਤ ਸਰਕਾਰ ਵੱਲੋਂ ਨਿਰਧਾਰਿਤ ਐਮਐਸਪੀ ਦੀ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤੌਰ 'ਤੇ ਟ?ਰਾਂਸਫਰ ਕੀਤੀ ਜਾਂਦੀ ਹੈ। ਭਾਰਤ ਸਰਕਾਰ ਵੱਲੋਂ ਝੋਨੇ ਲਈ ਨਿਰਧਾਰਿਤ ਐਮਐਸਪੀ 2389 ਪ੍ਰਤੀ ਕਵਿੰਟਲ ਵਿੱਚ ਕੋਈ ਕਟੌਤੀ ਨਹੀਂ ਕੀਤੀ ਗਈ ਹੈ। ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਮੰਡਿਆਂ ਵਿੱਚ ਬਿਜਲੀ, ਪੀਣ ਦਾ ਪਾਣੀ, ਪਖਾਨੇ ਆਦਿ ਸਹੂਲਤਾਂ ਨੂੰ ਦੁਰਸਤ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ ਮੰਡੀ ਵਿੱਚ ਆਪਣੀ ਫਸਲ ਸੁਖਾ ਕੇ ਲਿਆਉਣ ਤਾਂ ਜ ਕਿਸਾਨਾਂ ਨੂੰ ਫਸਲ ਦਾ ਸਮੇ ਸਿਰ ਉਚਿਤ ਮੁੱਲ ਮਿਲ ਸਕੇ। ਕਿਸਾਨਾਂ ਨੂੰ ਝੋਨੇ ਦੀ ਫਸਲ ਵੇਚਣ ਵਿੱਚ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੇ ਲਿਵਾਵਾ ਰਾਜ ਦੀ ਮੰਡਿਆਂ ਅਤੇ ਖਰੀਦ ਕੇਂਦਰਾਂ ਵਿੱਚ ਕਿਸਾਨਾਂ ਵੱਲੋਂ ਲਿਆਏ ਗਏ ਝੋਨੇ ਦੀ ਸਾਫ-ਸਫਾਈ ਦਾ ਕੰਮ ਆੜਤਿਆਂ ਵੱਲੋਂ ਆਪਣੇ ਪੱਧਰ 'ਤੇ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਨਾਲ ਮੰਡਿਆਂ ਅਤੇ ਖਰੀਦ ਕੇਂਦਰਾਂ 'ਤੇ ਮੰਡੀ ਲੇਬਰ ਦੇ ਕੰਮ ਜਿਵੇਂ ਭਰਾਈ, ਤੁਲਾਈ, ਸਿਲਾਈ, ਲਦਾਈ ਆਦਿ ਦੇ ਫੀਸ ਦਰਾਂ ਦੀ ਅਦਾਇਗੀ ਵੀ ਸਰਕਾਰ ਵੱਲੋਂ ਵਹਿਨ ਕੀਤੀ ਜਾਂਦੀ ਹੈ।

## ਗੱਤਾ ਫੈਕਟਰੀ 'ਚ ਅਚਾਨਕ ਅੱਗ ਲੱਗਣ ਨਾਲ ਲੱਖਾਂ ਦਾ ਨੁਕਸਾਨ

ਬਰੇਟਾ 24 ਅਕਤੂਬਰ। ਇੱਥੋ ਪਿੰਡ ਕਿਸ਼ਨਗੜ੍ਹ ਵਿਖੇ ਸਥਿਤ ਗੱਤਾ ਫੈਕਟਰੀ ਸਿੰਗਲਾ ਮਿਕਸ ਬੋਰਡ ਵਿਖੇ ਰਾਤ ਸਮੇਂ ਅਚਾਨਕ ਅੱਗ ਲੱਗ ਗਈ, ਜੋ ਕੁੱਝ ਹੀ ਸਮੇਂ ਵਿਚ ਭਿਆਨਕ ਅੱਗ ਦਾ ਰੂਪ ਧਾਰਨ ਕਰ ਗਈ। ਫੈਕਟਰੀ ਦੇ ਸੰਚਾਲਕ ਸਾਬਕਾ ਕੌਂਸਲਰ ਚਰਨ ਦਾਸ ਨੇ ਦੱਸਿਆ ਕਿ ਭਿਆਨਕ ਅੱਗ ਨਾਲ ਲੱਖਾਂ ਦਾ ਨੁਕਸਾਨ ਹੋ ਗਿਆ ਹੈ। ਜਦਕਿ ਅੱਗ ਲੱਗਣ ਦੇ ਕਾਰਨਾਂ ਦਾ ਕੋਈ ਪਤਾ ਨਹੀਂ ਲੱਗ ਸਕਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਗ ਲੱਗਣ ਦੀ ਖ਼ਬਰ ਮਿਲਦੇ ਹੀ ਸਥਾਨਕ ਪੁਲਸ ਥਾਣਾ ਮੁਖੀ ਬਲਦੇਵ ਸਿੰਘ ਦੀ ਅਗਵਾਈ ਹੇਠ ਟੀਮ ਮੌਕੇ 'ਤੇ ਪੁੱਜੀ ਹੋਈ ਸੀ ਅਤੇ ਘਟਨਾ ਦਾ ਜਾਇਜ਼ਾ ਲਿਆ। ਫੈਕਟਰੀ ਮਾਲਕ ਚਰਨ ਦਾਸ ਨੇ ਦੱਸਿਆ ਕਿ ਬੁਢਲਾਡਾ ਤੇ ਮਾਨਸਾ ਤੋਂ ਆਈਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਅੱਗ 'ਤੇ ਕਾਬੂ ਪਾਇਆ। ਮਾਲਕਾਂ ਦਾ ਕਹਿਣਾ ਸੀ ਕਿ ਇਸ ਸਮੇਂ ਫੈਕਟਰੀ 'ਚ ਕਰੀਬ 12 ਹਜ਼ਾਰ ਕੁਇੰਟਲ ਪਰਾਲੀ ਦਾ ਸਟਾਕ ਸੀ, ਜਿਹੜਾ ਕਿ ਬਰਬਾਦ ਹੋ ਕੇ ਰਹਿ ਗਿਆ ਹੈ।

## ਆਂਧਰਾ ਪ੍ਰਦੇਸ਼ 'ਚ ਇੱਕੋ ਪਰਿਵਾਰ ਦੇ ਤਿੰਨ ਮੈਂਬਰਾਂ ਨੇ ਕੀਤੀ ਖੁਦਕੁਸ਼ੀ

ਕੜਾਪਾ 24 ਅਕਤੂਬਰ। ਆਂਧਰਾ ਪ੍ਰਦੇਸ਼ ਦੇ ਕ੍ਰਿਸ਼ਨਾਪੁਰਮ ਪਿੰਡ ਵਿੱਚ ਸੋਮਵਾਰ ਸਵੇਰੇ ਇੱਕ ਪਰਿਵਾਰ ਦੇ ਤਿੰਨ ਮੈਂਬਰਾਂ ਨੇ ਚੱਲਦੀ ਰੇਲਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਇਸ ਬਾਰੇ ਜਾਣਕਾਰੀ ਦਿੱਤੀ। ਪੁਲਿਸ ਸੂਤਰਾਂ ਨੇ ਦੱਸਿਆ ਕਿ ਤਿੰਨੋਂ ਵਿਅਕਤੀ ਰੇਲਵੇ ਪਟੜੀਆਂ 'ਤੇ ਗਏ ਅਤੇ ਥੋੜ੍ਹੀ ਦੇਰ ਬਾਅਦ ਟਰੈਕ ਨੰਬਰ ਤਿੰਨ 'ਤੇ ਚੱਲਦੀ ਮਾਲ ਗੱਡੀ ਅੱਗੇ ਛਾਲ ਮਾਰ ਕੇ ਤੁਰੰਤ ਖੁਦਕੁਸ਼ੀ ਕਰ ਲਈ। ਪੁਲਸ ਨੇ ਮ੍ਰਿਤਕਾਂ ਦੀ ਪਛਾਣ ਸ਼੍ਰੀਰਾਮੁਲੂ (35), ਉਸਦੀ ਪਤਨੀ ਸ਼ਿਰੀਸ਼ਾ (30) ਅਤੇ ਉਨ੍ਹਾਂ ਦੇ ਪੁੱਤਰ ਰਿਤਵਿਕ (2) ਵਜੋਂ ਕੀਤੀ ਹੈ। ਸ਼੍ਰੀਰਾਮੁਲੂ ਨੇ ਕਾਰੋਬਾਰ ਲਈ ਇੱਕ ਸ਼ਾਹੂਕਾਰ ਤੋਂ ਪੈਸੇ ਉਧਾਰ ਲਏ ਸਨ ਪਰ ਉਨ੍ਹਾਂ ਨੂੰ ਨੁਕਸਾਨ ਹੋਇਆ। ਪੁਲਸ ਨੇ ਕਿਹਾ ਕਿ ਪਰਿਵਾਰ ਦੇ ਤਿੰਨ ਮੈਂਬਰਾਂ ਨੇ ਇਹ ਸਖ਼ਤ ਕਦਮ ਚੁੱਕਿਆ

## ਸਾਲਿਡ ਵੇਸਟ ਮੈਨੇਜਮੈਂਟ ਨੂੰ ਲੈ ਕੇ ©7" 'ਚ ਬੋਲਿਆ ਝੂਠ, ਹੁਣ ਨਿਗਮ 'ਤੇ ਹੋਵੇਗੀ ਜੁਰਮਾਨਾ ਲਾਉਣ ਦੀ ਕਾਰਵਾਈ

ਲੁਧਿਆਣਾ 24 ਅਕਤੂਬਰ। ਨਗਰ ਨਿਗਮ ਵਲੋਂ ਸਾਲਿਡ ਵੇਸਟ ਮੈਨੇਜਮੈਂਠ ਨਿਯਮਾਂ ਦੀ ਪਾਲਣਾ ਬਾਰੇ ਝੂਠ ਬੋਲਣ ਦਾ ਖੁਲਾਸਾ ਹੋਇਆ ਹੈ, ਜਿਸ ਕਾਰਨ ਰਾਸ਼ਟਰੀ ਗ੍ਰੀਨ ਟ੍ਰਿਬਿਊਨਲ ਨੇ ਜੁਰਮਾਨਾ ਲਗਾਉਣਾ ਦਾ ਫੈਸਲਾ ਲਿਆ ਹੈ। ਇਸ ਮਾਮਲੇ 'ਚ NGO ਮੈਂਬਰਾਂ ਨੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਤੋਂ ਕੂੜੇ ਦੀ ਲਿਫਟਿੰਗ ਅਤੇ ਪ੍ਰੋਸੈਸਿੰਗ ਨਾ ਹੋਣ ਬਾਰੇ ਸ਼ਿਕਾਇਤ ਕੀਤੀ, ਜਿਸ ਦੇ ਆਧਾਰ 'ਤੇ NGT ਨੇ ਜ਼ਿਲਾ ਮੈਜਿਸਟ?ਰੇਟ ਤੋਂ ਰਿਪੋਰਟ ਮੰਗੀ, ਜਿਸ ਨੇ ਦਾਅਵਾ ਕੀਤਾ ਕਿ ਕੂੜਾ ਸਾਫ਼ ਕਰ ਦਿੱਤਾ ਗਿਆ ਹੈ। ਜਦੋਂ ਸ਼ਿਕਾਇਤਕਰਤਾ ਨੇ ਇਸ ਰਿਪੋਰਟ 'ਤੇ ਇਤਰਾਜ਼ ਜਤਾਇਆ ਤਾਂ NGT ਨੇ ਇਕ ਕੋਰਟ ਕਮਿਸ਼ਨਰ ਦੀ ਨਿਯੁਕਤੀ ਕੀਤੀ ਗਈ। ਕਰਾਸ-ਚੈਕਿੰਗ ਦੌਰਾਨ, ਨਗਰ ਨਿਗਮ ਅਤੇ ਜ਼ਿਲਾ ਪ੍ਰਸ਼ਾਸਨ ਨੂੰ ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮਾਂ ਦੀ ਪਾਲਣਾ ਬਾਰੇ ਝੂਠ ਬੋਲਣ ਦਾ ਦੋਸ਼ੀ ਪਾਇਆ ਗਿਆ। ਖੁੱਲ੍ਹੇ 'ਚ ਕੂੜੇ ਦੇ ਜਮ?ਹਾਂ ਹੋਣ ਦੇ ਸਬੂਤ, ਜਿਸ ਵਿਚ ਫੋਟੋਆਂ ਅਤੇ ਸਥਾਨ ਸ਼ਾਮਲ ਹਨ, ਪ੍ਰਦਾਨ ਕੀਤੇ ਗਏ ਸਨ। ਇਸ ਦੇ ਮੱਦੇਨਜ਼ਰ, NGT ਨੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਲਈ ਨਗਰ ਨਿਗਮ ਨੂੰ ਜੁਰਮਾਨਾ ਕਰਨ ਦਾ ਫੈਸਲਾ ਕੀਤਾ ਹੈ। ਪੀ. ਪੀ. ਸੀ. ਬੀ. ਨੂੰ ਸ਼ੁਰੂ ਤੋਂ ਹੀ ਇਸ ਮਾਮਲੇ 'ਚ ਨੋਡਲ ਏਜੰਸੀ ਨਿਯੁਕਤ ਕੀਤਾ ਗਿਆ ਸੀ ਅਤੇ ਨਗਰ ਨਿਗਮ 'ਤੇ ਲਗਾਏ ਜਾਣ ਵਾਲੇ ਜੁਰਮਾਨੇ ਦਾ ਮੁਲਾਂਕਣ ਕਰਨ ਦਾ ਕੰਮ ਸੌਂਪਿਆ ਗਿਆ ਸੀ। ਹਾਲਾਂਕਿ ਪੀ. ਪੀ. ਸੀ. ਬੀ. ਅਧਿਕਾਰੀ ਖੁਦ ਸੁਣਵਾਈ ਦੌਰਾਨ ਗੈਰ-ਹਾਜ਼ਰ ਰਹੇ, ਜਿਸ ਦੇ ਨਤੀਜੇ ਵਜੋਂ ਫਟਕਾਰ ਪੈਣ ਦੇ ਨਾਲ 10,000 ਰੁਪਏ ਦਾ ਜੁਰਮਾਨਾ ਲਗਾਇਆ ਗਿਆ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son□s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son□s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.



**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son□s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son□s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**ਉੱਤਰ ਰੇਲਵੇ**

**ਨਿਵਿਦਾ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਮੁੱਖ ਪ੍ਰਸ਼ਾਸਨਿਕ ਅਧਿਕਾਰੀ/ਨਿਰਮਾਣ, ਉਤਰ ਰੇਲਵੇ, ਰੇਲਵੇ ਕਸ਼ਮੀਰੀ ਗੇਟ, ਦਿੱਲੀ-6 ਹੇਠਾਂ ਲਿਖਤ ਕੰਮ ਦੇ ਲਈ ਦੋ ਪੈਕੇਟ ਪ੍ਰਣਾਲੀ ਦੇ ਤਹਿਤ ਈ-ਟੈਂਡਰਾਂ ਦੀ ਮੰਗ ਕਰਦੇ ਹਨ:-

| | | | |
|---|---|---|---|
| ਕੰਮ ਦਾ ਨਾਮ ਅਤੇ ਸਥਾਨ | ਅੰਬਾਲਾ-ਲੁਧਿਆਣਾ ਸੇਕ (ਵੰਦੇ ਭਾਰਤ ਰੂਟ) ਉਤੇ ਸੀਨੀਅਰ ਮੰਡਲ ਇੰਜੀਨੀਅਰ IV/ ਅੰਬਾਲਾ ਸੇਕਸ਼ਨ ਵਿਚ 264.700 ਕਿਮੀ ਤੋਂ 359.00 (ਕਿਮੀ ਤਕ-ਰੇਲ ਗੱਡੀਆਂ ਦੇ ਸੁਰੱਖਿਅਤ ਸੰਚਾਲਨ ਦੇ ਲਈ ਟ੍ਰੈਕ ਦੇ ਨਾਲ ਸੁਰੱਖਿਆ ਬਾੜ (ਆਰ.ਸੀ.ਸੀ. ਦੀਵਾਰ/ ਸੁਰੱਖਿਆ ਅਵਰੋਧ) ਦਾ ਪ੍ਰਾਵਧਾਨ। | | |
| ਅੰਦਾਜਨ/ਨਿਦੇਸ਼ਾਤਮਕ ਪਰਿਯੋਜਨਾ ਲਾਗਤ | ₹ 126,94,25,233.86/- | ਕੰਮ ਪੂਰਾ ਕਰਨ ਦਾ ਸਮਾਂ | 12 ਮਹੀਨੇ |
| ਜਮ੍ਹਾ ਕੀਤੀ ਜਾਣ ਵਾਲੀ ਜਮਾਨਤੀ ਰਾਸ਼ੀ | ₹ 64,97,100.00/- | | |
| ਵਿਸਤ੍ਰਿਤ ਈ-ਨਿਵਿਦਾ ਸੂਚਨਾ ਅਤੇ ਨਿਵਿਦਾ ਦਸਤਾਵੇਜ | ਉਪਰੋਕਤ ਨਿਵਿਦਾ ਦਸਤਾਵੇਜ ਆਈ ਆਰ ਈ ਪੀ ਐਸ ਦੀ ਵੈਬਸਾਈਟ www.ireps.gov.in 'ਤੇ 23.10.2025 ਤੋਂ 18.11.2025 ਤਕ ਉਪਲਬਧ ਹੋਵੇਗੀ। | | |
| ਬੋਲੀ ਪੂਰਵ ਸੰਮੇਲਨ | ਮੁੱਖ ਪ੍ਰਸ਼ਾਸਨਿਕ ਅਧਿਕਾਰੀ ਉਸਾਰੀ, ਹੈਡਕੁਆਟਰ, ਉਤਰ ਰੇਲਵੇ, ਕਸ਼ਮੀਰੀ ਗੇਟ, ਦਿੱਲੀ ਅਤੇ ਆਨਲਾਈਨ ਵੀਡੀਓ ਕਾਨਫ੍ਰੇਂਸਿੰਗ ਲਿੰਕ ਦੇ ਮਾਧਿਅਮ ਦੁਆਰਾ। ਵਿਚ ਮਿਤੀ 29.10.2025 ਨੂੰ 11:30 ਵਜੇ ਬੋਲੀ ਪੂਰਵ ਸੰਮੇਲਨ ਆਯੋਜਿਤ ਕੀਤਾ ਜਾਵੇਗਾ। | | |
| ਪੂਰਵਲੋਕਨ ਪ੍ਰਸ਼ਨਾਂ ਦੀ ਪ੍ਰਾਪਤੀ ਦੀ ਅੰਤਮ ਮਿਤੀ | 30.10.2025 18:00 ਵਜੇ ਤਕ | | |
| ਪੂਰਵਲੋਕਨ ਪ੍ਰਸ਼ਨਾਂ ਦਾ ਉਤਰ | 04.11.2025 18:00 ਵਜੇ ਤਕ | | |
| ਈ-ਨਿਵਿਦਾ ਪੇਸ਼ ਕਰਨ ਦੀ ਅੰਤਮ ਮਿਤੀ ਅਤੇ ਸਮਾਂ | 18.11.2025 ਨੂੰ 11:30 ਵਜੇ ਤਕ ਨਿਵਿਦਾਕਰਤਾ ਦੁਆਰਾ ਨਿਵਿਦਾ ਦਸਤਾਵੇਜ 04.11.2025 ਤੋਂ 18.11.2025 ਤਕ ਵੈਬਸਾਈਟ www.ireps.gov.in 'ਤੇ ਨਿਵਿਦਾ ਦਸਤਾਵੇਜ ਅਪਲੋਡ ਕੀਤੀ ਜਾ ਸਕਦੇ ਹਨ | | |
| ਈ-ਨਿਵਿਦਾ ਖੁਲਣ ਦੀ ਮਿਤੀ ਅਤੇ ਸਮਾਂ | 18.11.2025 ਨੂੰ 11:30 ਵਜੇ। ਵਿਸਤ੍ਰਿਤ ਨਿਵਿਦਾ ਸੂਚਨਾ ਉਪਰੋਕਤ ਦਫਤਰ ਦੇ ਨੋਟਿਸ ਬੋਰਡ ਤੇ ਵੀ ਵੇਖੀ ਜਾ ਸਕਦੀ ਹੈ। | | |

ਨੰ.-74-ਡਬਲੂ/1/1/451/ਡਬਲੂ.ਏ./ਅੰਬਾਲਾ ਮਿਤੀ : 23.10.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3301/2025

**ਤਰਸ ਦੇ ਆਧਾਰ ਉਤੇ ਨਿਯੁਕਤੀ ਨਾਲ ਸਬੰਧਿਤ ਮਾਮਲਿਆਂ ਦੇ ਜਲਦੀ ਨਿਪਟਾਰੇ ਲਈ**

**10 ਨਵੰਬਰ 2025**
**ਵਿਸ਼ੇਸ਼ ਅਦਾਲਤ**

ਦਿੱਲੀ, ਲਖਨਊ, ਮੁਰਾਦਾਬਾਦ, ਫਿਰੋਜ਼ਪੁਰ, ਅੰਬਾਲਾ ਮੰਡਲ, ਜੰਮੂ ਅਤੇ ਉਤਰ ਰੇਲਵੇ, ਹੈਡ ਆਫਿਸ, ਬੜੌਦਾ ਹਾਊਸ, ਨਵੀਂ ਦਿੱਲੀ ਦੇ ਦਫਤਰ ਪਰਿਸਰ ਵਿਚ 10.11.2025 ਨੂੰ ਸਵੇਰੇ 11 ਵਜੇ ਆਯੋਜਿਤ ਅਦਾਲਤ ਦੁਆਰਾ
ਮੌਕੇ ਉਤੇ ਹੀ ਮਾਮਲਿਆਂ ਦਾ ਨਿਪਟਾਰਾ
ਤਰਸ ਦੇ ਆਧਾਰ ਉਤੇ ਨਿਯੁਕਤੀ ਨਾਲ ਸਬੰਧਿਤ ਆਪਣਾ ਬਿਨੈਪੱਤਰ ਦੋ ਕਾਪੀਆਂ ਵਿਚ ਹੋਰ ਸਬੰਧਿਤ ਦਸਤਾਵੇਜ ਦੇ ਨਾਲ ਜਿਸ ਮੰਡਲ ਨਾਲ ਸਬੰਧਿਤ ਹੈ, ਉਸ ਮੰਡਲ ਦੇ ਸੀਨੀਅਰ ਮੰਡਲ ਕਾਰਮਿਕ ਅਧਿਕਾਰੀ ਜਾਂ ਮੰਡਲ ਕਾਰਮਿਕ ਅਧਿਕਾਰੀ ਨੂੰ ਅਤੇ ਹੈਡ ਆਫਿਸ ਦੇ ਮਾਮਲਿਆਂ ਵਿਚ ਉਪ ਮੁੱਖ ਕਾਰਮਿਕ ਅਧਿਕਾਰੀ (HQ-I) ਨੂੰ ਦੋ ਕਾਪੀਆਂ ਵਿਚ ਸਬੰਧਿਤ ਕਾਗਜਾਤ ਦੇ ਨਾਲ 04.11.2025 ਤਕ ਜ਼ਰੂਰੀ ਸਬਮਿਟ ਕਰੋ।

ਨੋਟ:- (i) ਵਰਕਸ਼ਾਪ ਅਤੇ ਵਾਧੂ ਇਕਾਈਆਂ ਨਾਲ ਸਬੰਧਿਤ ਤਰਸ ਦੇ ਮਾਮਲਿਆਂ ਵਿਚ ਨਥੀ ਮੰਡਲ ਨੂੰ ਬਿਨੈਪੱਤਰ ਦਿਉ
(ii) ਪੂਰਵ ਵਿਚ ਡਿਸਾਈਡ ਮਾਮਲਿਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਉਪ ਮੁੱਖ ਕਾਰਮਿਕ ਅਧਿਕਾਰੀ**
(ਹੈਡਕੁਆਟਰ-I )ਉਤਰ ਰੇਲਵੇ, ਹੈਡਕੁਆਟਰ
ਬੜੌਦਾ ਹਾਊਸ ਕੇਜੀ ਮਾਰਗ,
ਨਵੀਂ ਦਿੱਲੀ-11001

**ਸੀਨੀਅਰ ਮੰਡਲ ਕਾਰਮਿਕ ਅਧਿਕਾਰੀ**
ਮੰਡਲ ਰੇਲ ਪ੍ਰਬੰਧਕ ਦਫਤਰ,
ਉਤਰ ਰੇਲਵੇ ਸਟੇਟ ਐਂਟਰੀ ਰੋਡ,
ਨਵੀਂ ਦਿੱਲੀ-110055

**ਸੀਨੀਅਰ ਮੰਡਲ ਕਾਰਮਿਕ ਅਧਿਕਾਰੀ**
ਮੰਡਲ ਰੇਲ ਪ੍ਰਬੰਧਕ ਦਫਤਰ, ਲਖ,
ਉਤਰ ਰੇਲਵੇ ਹਜਰਤਗੰਜ, ਲਖਨਊ-226001

**ਸੀਨੀਅਰ ਮੰਡਲ ਕਾਰਮਿਕ ਅਧਿਕਾਰੀ**
ਮੰਡਲ ਰੇਲ ਪ੍ਰਬੰਧਕ ਦਫਤਰ,
ਉਤਰ ਰੇਲਵੇ, ਰੇਲ ਵਿਹਾਰ, ਅੰਬਾਲਾ ਕੈਂਟ,
ਅੰਬਾਲਾ -133001

**ਸੀਨੀਅਰ ਮੰਡਲ ਕਾਰਮਿਕ ਅਧਿਕਾਰੀ**
ਮੰਡਲ ਰੇਲ ਪ੍ਰਬੰਧਕ ਦਫਤਰ,
ਉਤਰ ਰੇਲਵੇ, ਰੇਲਵੇ ਸਟੇਡੀਅਮ ਦੇ ਨੇੜੇ,
ਮੁਰਾਦਾਬਾਦ-244001

**ਸੀਨੀਅਰ ਮੰਡਲ ਕਾਰਮਿਕ ਅਧਿਕਾਰੀ**
ਮੰਡਲ ਰੇਲ ਪ੍ਰਬੰਧਕ ਦਫਤਰ,
ਉਤਰ ਰੇਲਵੇ, ਸਟੇਸ਼ਨ ਰੋਡ, ਫਿਰੋਜ਼ਪੁਰ ਕੈਂਟ
ਫਿਰੋਜ਼ਪੁਰ- 152001

**ਸੀਨੀਅਰ ਮੰਡਲ ਕਾਰਮਿਕ ਅਧਿਕਾਰੀ**
ਮੰਡਲ ਰੇਲ ਪ੍ਰਬੰਧਕ ਦਫਤਰ,
ਉਤਰ ਰੇਲਵੇ,
ਤ੍ਰਿਕੁਟਾ ਨਗਰ, ਜੰਮੂ - 180004

**ਉੱਤਰ ਰੇਲਵੇ**
ਤੁਹਾਡੀ ਸੇਵਾ ਵਿਚ ਹਮੇਸ਼ਾਂ ਤਿਆਰ

3299/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਪੰਜਾਬ ਪੁਲਿਸ ਮੌਜੂਦਾ ਸਮੇਂ ਦਰਪੇਸ਼ ਚੁਣੌਤੀਆਂ ਨੂੰ ਪੂਰੀ ਪ੍ਰਤੀਬੱਧਤਾ ਤੇ ਪੇਸ਼ੇਵਰ ਢੰਗ ਨਾਲ ਨਜਿੱਠਣ ਦੇ ਸਮਰੱਥ- ਡੀ.ਆਈ.ਜੀ. ਕੁਲਦੀਪ ਸਿੰਘ ਚਾਹਲ



**ਪਟਿਆਲਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਰੇਂਜ ਦੇ ਡੀ.ਆਈ.ਜੀ. ਕੁਲਦੀਪ ਸਿੰਘ ਚਾਹਲ ਦੀ ਅਗਵਾਈ ਹੇਠ ਅੱਜ ਪੁਲਿਸ ਲਾਈਨ ਪਟਿਆਲਾ ਦੀ ਪੁਲਿਸ ਲਾਈਨ ਵਿਖੇ ਸ਼ਹੀਦੀ ਸਮਾਰਕ ’ਤੇ ਪੁਲਿਸ ਤੇ ਅਰਧ ਸੁਰੱਖਿਆ ਬਲਾਂ ਦੇ ਜਾਂਬਾਜ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੁਲਿਸ ਯਾਦਗਾਰੀ ਦਿਹਾੜੇ ਮੌਕੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ।

ਸਮਾਰੋਹ ਦੌਰਾਨ ਪਟਿਆਲਾ ਡਵੀਜ਼ਨ ਦੇ ਕਮਿਸ਼ਨਰ ਵਿਨੈ ਬੁਬਲਾਨੀ, ਐਸ.ਐਸ.ਪੀ. ਵਰੁਣ ਸ਼ਰਮਾ, ਵਧੀਕ ਜ਼ਿਲ੍ਹਾ ਤੇ ਸੈਸ਼ਨਜ ਜੱਜ ਹਰਿੰਦਰ ਸੰਧੂ, ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ ਸਮੇਤ ਪੁਲਿਸ ਦੇ ਸਾਬਕਾ ਤੇ ਮੌਜੂਦਾ ਅਧਿਕਾਰੀਆਂ ਤੇ ਸ਼ਹੀਦ ਪਰਿਵਾਰਾਂ ਨੇ ਸ਼ਹੀਦਾਂ ਦੀ ਸਮਾਧੀ ’ਤੇ ਫੁਲ ਮਾਲਾਵਾਂ ਭੇਟ ਕੀਤੀਆਂ।

ਡੀ.ਆਈ.ਜੀ. ਨੇ ਕਿਹਾ ਕਿ ਸੂਬੇ ’ਚ ਅਮਨ ਕਾਨੂੰਨੀ ਕਾਇਮ ਕਰਨ ਲਈ ਪੰਜਾਬ ਪੁਲਿਸ ਦੀ ਬਹੁਤ ਵੱਡੀ ਕੁਰਬਾਨੀ ਹੈ ਜਦਕਿ ਮੌਜੂਦਾ ਦੌਰ ’ਚ ਵੀ ਪੰਜਾਬ ਪੁਲਿਸ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਡੀ.ਜੀ.ਪੀ. ਗੌਰਵ ਯਾਦਵ ਦੀ ਅਗਵਾਈ ਹੇਠ ਮੌਜੂਦਾ ਸਮੇਂ ਦਰਪੇਸ਼ ਚੁਣੌਤੀਆਂ ਨਾਲ ਪੂਰੀ ਪ੍ਰਤੀਬੱਧਤਾ ਤੇ ਪੇਸ਼ੇਵਰ ਢੰਗ ਨਾਲ ਨਜਿੱਠਣ ਦੇ ਸਮਰੱਥ ਹੈ।

ਕੁਲਦੀਪ ਸਿੰਘ ਚਾਹਲ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਕਰੀਬ 10 ਸਾਲ ਦਹਿਸ਼ਤਗਰਦੀ ਦਾ ਸਾਹਮਣਾ ਕੀਤਾ, ਜਿਸ ਦੌਰਾਨ ਪੁਲਿਸ ਅਫ਼ਸਰਾਂ, ਜਵਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੈਂਬਰਾਂ ਸਮੇਤ ਕੁਲ 1784 ਸ਼ਹੀਦ ਹੋਏ, ਇਨ੍ਹਾਂ ਵਿੱਚ 157 ਸ਼ਹੀਦ ਇਕੱਲੀ ਪਟਿਆਲਾ ਰੇਂਜ ਦੀ ਪੁਲਿਸ ਦੇ ਸਨ। ਉਨ੍ਹਾਂ ਕਿਹਾ ਕਿ ਸਾਡੇ ਸ਼ਹੀਦਾਂ ਦੀ ਕੁਰਬਾਨੀ ਸਾਡੇ ਲਈ ਹਮੇਸ਼ਾ ਪ੍ਰੇਰਣਾ ਸਰੋਤ ਬਣੀ ਰਹੇਗੀ।

ਡੀ.ਆਈ.ਜੀ. ਚਾਹਲ ਨੇ ਦੱਸਿਆ ਕਿ ਅੱਜ ਦਾ ਦਿਨ ਉਨ੍ਹਾਂ ਮਹਾਨ 10 ਸ਼ਹੀਦਾਂ ਦੀ ਪਵਿਤਰ ਯਾਦ ’ਚ ਮਨਾਇਆ ਜਾਂਦਾ ਹੈ, ਜਿਹੜੇ 21 ਅਕਤੂਬਰ 1959 ਨੂੰ ਹੌਟ ਸਪਰਿੰਗ ਲਦਾਖ ਵਿਖੇ ਚੀਨ ਦੀ ਫ਼ੌਜ ਵੱਲੋਂ ਸੀ.ਆਰ.ਪੀ.ਐਫ. ਅਤੇ ਇੰਟੈਲੀਜੈਂਸ ਬਿਊਰੋ ਦੀ ਸਾਂਝੀ ਗਸ਼ਤੀ ਟੁਕੜੀ ’ਤੇ ਘਾਤ ਲਗਾ ਕੇ ਹਮਲਾ ਕਰਨ ਕਰਕੇ ਦੇਸ਼ ਦੀ ਰੱਖਿਆ ਕਰਦਿਆ ਸ਼ਹੀਦੀਆਂ ਪਾ ਗਏ ਸਨ।ਐਸ.ਐਸ.ਪੀ. ਵਰੁਣ ਸ਼ਰਮਾ ਨੇ ਪੁੱਜੇ ਸ਼ਹੀਦਾਂ ਦੇ ਪਰਿਵਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਦੀ ਕੁਰਬਾਨੀ ਦੀ ਬਦੌਲਤ ਹੀ ਆਜ਼ਾਦ ਫ਼ਿਜ਼ਾ ਅਤੇ ਸ਼ਾਂਤੀ ਦੀ ਬਹਾਲੀ ਹੋਈ ਹੈ, ਜਿਸ ਲਈ ਇਨ੍ਹਾਂ ਸ਼ਹੀਦ ਪਰਿਵਾਰਾਂ ਦਾ ਮੁੱਲ ਮੋੜਿਆ ਨਹੀਂ ਜਾ ਸਕਦਾ। ਐਸ.ਐਸ.ਪੀ ਨੇ ਕਿਹਾ ਕਿ ਸਾਡੇ ਸ਼ਹੀਦਾਂ ਦੀ ਕੁਰਬਾਨੀ ਸਾਨੂੰ ਹਮੇਸ਼ਾ ਪ੍ਰੇਰਣਾ ਦਿੰਦੀ ਰਹੇਗੀ। ਉਨ੍ਹਾਂ ਕਿਹਾ ਕਿ ਪਟਿਆਲਾ ਪੁਲਿਸ ਨਸ਼ਿਆਂ ਦੇ ਦੈਂਤ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ’ਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ।

ਡੀ.ਐਸ.ਪੀ. (ਸਥਾਨਕ) ਨੇਹਾ ਅਗਰਵਾਲ ਨੇ ਪਿਛਲੇ ਇੱਕ ਸਾਲ ਦੌਰਾਨ ਦੇਸ਼ ਦੀ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਲਈ ਦੇਸ਼ ਭਰ ਵਿੱਚ ਸ਼ਹੀਦ ਹੋਣ ਵਾਲੇ ਸਮੂਹ ਪੁਲਿਸ ਤੇ ਅਰਧ ਸੈਨਿਕ ਬਲਾਂ ਦੇ ਅਧਿਕਾਰੀਆਂ ਤੇ ਜਵਾਨਾਂ ਦੇ ਨਾਮ ਪੜ੍ਹ ਕੇ ਸ਼ਰਧਾਂਜਲੀ ਭੇਟ ਕੀਤੀ।

ਇਸ ਦੌਰਾਨ ਡੀ.ਐਸ.ਪੀ. ਹਰਸਿਮਰਨ ਸਿੰਘ ਦੀ ਅਗਵਾਈ ਹੇਠਲੀ ਪੁਲਿਸ ਟੁਕੜੀ ਨੇ ਸੋਗ ਤੇ ਸਲਾਮੀ ਸ਼ਾਸ਼ਤਰ ਅਤੇ ਦੋ ਮਿੰਟ ਦਾ ਮੌਨ ਧਾਰਨ ਮਗਰੋਂ ਬਿਗਲਰ ਵੱਲੋਂ ਰਿਵਾਲੀ ਦੀ ਧੁਨ ਵਜਾਏ ਜਾਣ ਨਾਲ ਸ਼ਹੀਦਾਂ ਨੂੰ ਸਲਾਮੀ ਦਿੱਤੀ। ਇਸ ਮੌਕੇ ਜ਼ਿਲ੍ਹਾ ਪੁਲਿਸ ਵੱਲੋਂ ਸ਼ਹੀਦ ਪਰਿਵਾਰਾਂ ਦਾ ਸਨਮਾਨ ਕਰਨ ਉਪਰੰਤ ਸ਼ਹੀਦ ਪਰਿਵਾਰਾਂ ਦੀਆਂ ਦੁੱਖ ਤਕਲੀਫ਼ਾਂ ਵੀ ਸੁਣੀਆਂ ਗਈਆਂ। ਸਮਾਰੋਹ ਦੌਰਾਨ ਪਾਵਰ ਹਾਊਸ ਯੂਥ ਕਲੱਬ ਤੇ ਯੂਥ ਫੈਡਰੇਸ਼ਨ ਆਫ਼ ਇੰਡੀਆ ਦੇ ਸਹਿਯੋਗ ਨਾਲ ਇੱਕ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ।ਸਮਾਗਮ ਮੌਕੇ ਵਧੀਕ ਸੈਸ਼ਨਜ ਜੱਜ ਹਰਿੰਦਰ ਸਿੱਧੂ, ਵਧੀਕ ਡਿਪਟੀ ਕਮਿਸ਼ਨਰ ਸਿਮਰਪ੍ਰੀਤ ਕੌਰ, ਸਾਬਕਾ ਆਈ.ਜੀ. ਪਰਮਜੀਤ ਸਿੰਘ ਗਿੱਲ, ਅਮਰ ਸਿੰਘ ਚਾਹਲ, ਅਮਰਜੀਤ ਸਿੰਘ ਘੁੰਮਣ, ਸੁਖਦੇਵ ਸਿੰਘ ਵਿਰਕ, ਸਮਸ਼ੇਰ ਸਿੰਘ ਬੋਪਾਰਾਏ, ਮਨਜੀਤ ਸਿੰਘ ਬਰਾੜ, ਪੰਜਾਬ ਪੁਲਿਸ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਮੀਤ ਪ੍ਰਧਾਨ ਪ੍ਰੇਮ ਚੰਦ, ਐਸ.ਪੀਜ ਵੈਭਵ ਚੌਧਰੀ, ਪਲਵਿੰਦਰ ਸਿੰਘ ਚੀਮਾ, ਗੁਰਬੰਸ ਸਿੰਘ ਬੈਂਸ, ਐਚ.ਐਸ. ਮਾਨ, ਸਵਰਨਜੀਤ ਕੌਰ, ਅੱਛਰੂ ਰਾਮ ਅਤੇ ਸਮੂਹ ਡੀ.ਐਸ.ਪੀਜ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

# ਭਾਜਪਾ ਸਰਕਾਰ ਕਿਸਾਨਾਂ ਦੀ ਅਸਲੀ ਹਮਦਰਦ - ਕਾਂਸਲ

**ਚੰਡੀਗੜ੍ਹ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਜਪਾ ਸੀਨਿਅਰ ਨੇਤਾ ਐਡ. ਗੁਰਵਿੰਦਰ ਕਾਂਸਲ ਨੇ ਭਾਜਪਾ ਦੀ ਉੱਤਰ ਪ੍ਰਦੇਸ਼ ਸਰਕਾਰ ਦੁਆਰਾ ਪੰਜਾਬ ਦੇ ਹੜ੍ਹ ਨਾਲ ਪ੍ਰਭਾਵਿਤ ਹੋਏ ਕਿਸਾਨਾਂ ਲਈ 1000 ਕੁਇੰਟਲ ਗੇਹੁ ਦਾ ਬੀਜ ਮੁਫ਼ਤ ਭੇਜਣ ਲਈ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸ਼੍ਰੀ ਯੋਗੀ ਅਦਿਤਾਨਾਥ ਦਾ ਕੀਤਾ ਤਹਿ ਦਿਲੋਂ ਧੰਨਵਾਦ ਅਤੇ ਆਖਿਆ ਭਾਜਪਾ ਹੀ ਕਿਸਾਨਾਂ ਦੀ ਅਸਲੀ ਹਮਦਰਦ।

ਕਾਂਸਲ ਨੇ ਪਤਰਕਾਰਾਂ ਨਾਲ ਗੱਲ ਕਰਦੇ ਇਹ ਵੀ ਕਿਹਾ ਪਹਿਲਾ ਵੀ ਨਰੇਂਦਰ ਮੋਦੀ ਦੀ ਵਚਨਬੱਧਤਾ ਤਹਿਤ ਭਾਜਪਾ ਦੀ ਦਿੱਲੀ ਸਰਕਾਰ, ਗੁਜਰਾਤ ਸਰਕਾਰ, ਹਰਿਆਨਾ ਸਰਕਾਰ ਅਤੇ ਗੋਆ ਸਰਕਾਰ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਨੂੰ ਆਰਥਿਕ ਸਹਾਇਤਾ ਦੇਣ ਲਈ 5 - 5 ਕਰੋੜ ਦੇ ਨਾਲ ਨਾਲ ਲੋੜਵੰਦਾ ਲਈ ਰਾਹਤ ਸਮੱਗਰੀ ਵੀ ਭੇਜੀ ਸੀ ਜਿਸਤੋਂ ਪਤਾ ਲਗਦਾ ਹੈ ਕੇਂਦਰ ਸਰਕਾਰ ਅਤੇ ਭਾਜਪਾ ਸਰਕਾਰ ਦੇ ਹਰ ਸੂਬੇ ਦਾ ਧਿਆਨ ਪੰਜਾਬ ਵੱਲ ਹੈ ਤੇ ਪੰਜਾਬ ਦੇ ਲੋੜਵੰਦ ਪਰਿਵਾਰਾਂ ਨੂੰ ਹਰ ਪੱਖੋਂ ਬਣਦੀ ਸਹਾਇਤਾ ਦੇਣ ਵੱਲ ਹੈ।ਇਸ ਮੌਕੇ ਕਾਂਸਲ ਨੇ ਇਹ ਵੀ ਕਿਹਾ ਕਿ ਮੋਦੀ ਸਰਕਾਰ ਹਮੇਸ਼ਾ ਹੀ ਪੰਜਾਬ ਦੀ ਹਿਤੈਸ਼ੀ ਰਹੀ ਹੈ ਅਤੇ ਹਰ ਦੁੱਖ ਤਕਲੀਫ ਵਿੱਚ ਉਸਨੇ ਪੰਜਾਬ ਦੇ ਲੋੜਵੰਦ ਪਰਿਵਾਰਾਂ ਦੀ ਬਾਂਹ ਦਿਲੋਂ ਫੜੀ ਹੈ।

# ਪੰਜਾਬ ਜੇਲ੍ਹ ਵਿਭਾਗ ਵੱਲੋਂ ਅੱਤਵਾਦ ਸਮੇਂ ਤੇ ਆਪਣੀ ਡਿਊਟੀ ਨਿਭਾਉਂਦੇ ਸ਼ਹੀਦ ਹੋਏ ਮੁਲਾਜਮਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਸੂਬਾ ਪੱਧਰੀ ਸਮਾਗਮ

**ਪਟਿਆਲਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬਜੇਲ੍ਹ ਵਿਭਾਗ ਵੱਲੋਂ ਅੱਤਵਾਦ ਸਮੇਂ ਅਤੇ ਆਪਣੀ ਡਿਊਟੀ ਨਿਭਾਉਂਦੇ ਸ਼ਹੀਦ ਹੋਏ ਆਈ.ਜੀ. (ਜੇਲ੍ਹਾਂ), ਸਹਾਇਕ ਸੁਪਰਡੈਂਟ ਜੇਲਜ ਅਤੇ ਹੈਡਵਾਰਡਰ/ਵਾਰਡਰ ਰੈਂਕ ਦੇ 12 ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪਟਿਆਲਾ ਸਥਿਤ ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ ਵਿਖੇ ਸੂਬਾ ਪੱਧਰੀ ਸਮਾਗਮ ਕਰਵਾਇਆ ਗਿਆ।

ਇਸ ਮੌਕੇ ਏ.ਡੀ.ਜੀ.ਪੀ. (ਜੇਲ੍ਹਾਂ) ਪੰਜਾਬ, ਅਰੁਨ ਪਾਲ ਸਿੰਘ, ਡੀ.ਆਈ.ਜੀ. (ਜੇਲ੍ਹਾਂ) ਹੈਡਕੁਆਟਰ ਮਨਮੋਹਨ ਕੁਮਾਰ, ਡੀ.ਆਈ.ਜੀ. (ਜੇਲ੍ਹਾਂ) ਪਟਿਆਲਾ ਸਰਕਲ ਦਲਜੀਤ ਸਿੰਘ ਰਾਣਾ ਅਤੇ ਡੀ.ਆਈ.ਜੀ. (ਜੇਲ੍ਹਾਂ) ਫਿਰੋਜਪੁਰ ਸਰਕਲ ਸਤਵੀਰ ਸਿੰਘ ਅਟਵਾਲ ਨੇ ਉਚੇਚੇ ਤੌਰ ਉਤੇ ਸ਼ਿਰਕਤ ਕੀਤੀ।

ਇਸ ਮੌਕੇ ਏ.ਡੀ.ਜੀ.ਪੀ. (ਜੇਲ੍ਹਾਂ) ਪੰਜਾਬ, ਅਰੁਨ ਪਾਲ ਸਿੰਘ ਨੇ ਸ਼ਹੀਦੀ ਸਮਾਰਕ ਤੇ ਸ਼ਰਧਾਂਜਲੀ ਭੇਟ ਕਰਨ ਉਪਰੰਤ ਸ਼ਹੀਦਾਂ ਦੇ ਪਰਿਵਾਰਾਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਉਨ੍ਹਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ ਅਤੇ ਹਰ ਸੰਭਵ ਕੋਸ਼ਿਸ਼ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਭਰੋਸਾ ਦਿਵਾਇਆ।

ਅਰੁਨ ਪਾਲ ਸਿੰਘ ਨੇ ਕਿਹਾ ਕਿ ਸ਼ਹੀਦਾਂ ਲਈ ਸੱਚੀ ਸ਼ਰਧਾਂਜਲੀ ਇਹੋ ਹੈ ਕਿ ਹਰ ਇਕ ਜੇਲ੍ਹ ਅਧਿਕਾਰੀ ਅਤੇ ਕਰਮਚਾਰੀ ਆਪਣੀ ਡਿਊਟੀ ਇਮਾਨਦਾਰੀ ਨਾਲ ਅਤੇ ਨਿਰਭੈ ਹੋ ਕੇ ਨਿਭਾਵੇ।ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ, ਪਟਿਆਲਾ ਵਿਖੇ ਟ੍ਰੇਨਿੰਗ ਅਧੀਨ ਟ੍ਰੇਨੀਜ ਨਾਲ ਗੱਲਬਾਤ ਕਰਦਿਆਂ ਏਡੀਜੀਪੀ ਨੇ ਟ੍ਰੇਨੀਜ਼ ਨੂੰ ਇਕ ਚੰਗੇ ਜੇਲ੍ਹ ਕਰਮਚਾਰੀ ਬਣਨ ਦੇ ਗੁਣਾਂ ਤੋਂ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਸ਼ਹੀਦਾਂ ਤੋਂ ਪ੍ਰੇਰਨਾ ਲੈਂਦੇ ਹੋਏ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕਰਨ ਦੀ ਨਸੀਹਤ ਦਿੱਤੀ।

ਇਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ, ਸੁਪਰਡੈਂਟ ਜੇਲਜ, ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ, ਪਟਿਆਲਾ ਦੇ ਸਟਾਫ ਅਤੇ ਟ੍ਰੇਨੀਜ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਤ ਵੀ ਕੀਤਾ ਗਿਆ।

# ਪੁਲਿਸ ਵੱਲੋ 30 ਕਿੱਲੋ ਭੁੱਕੀ ਸਣੇ ਔਰਤ ਕਾਬੂ

**ਸਮਾਣਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਦਰ ਪੁਲਿਸ ਨੇ ਪਿੰਡ – ਮਿਆਲ ਕਲਾਂ ਵਿੱਚ ਕੀਤੀ ਰੇਡ ਦੌਰਾਨ – ਇੱਕ ਘਰੋਂ 30 ਕਿੱਲੋ ਭੁੱਕੀ ਪੋਸਤ ਚੂਰਾ – ਬਰਾਮਦ ਕਰਕੇ ਇੱਕ ਔਰਤ ਅਤੇ – ਉਸਦੇ ਪੁੱਤਰ ਖਿਲਾਫ - ਐਨ.ਡੀ.ਪੀ.ਐਸ. ਐਕਟ ਦੀਆਂ – ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ – ਹੈ। ਦੋਸ਼ੀਆਂ ਵਿੱਚ ਸਿੰਦਰ ਕੌਰ ਪਤਨੀ – ਸਤਪਾਲ ਮਸੀਹ ਅਤੇ ਉਸਦਾ ਪੁੱਤਰ – ਰੂਪਾ ਮਸੀਹ ਵਾਸੀ ਪਿੰਡ ਮਿਆਲ ਕਲਾਂ – ਸ਼ਾਮਲ ਹਨ। ਸਦਰ ਪੁਲਿਸ ਦੁਆਰਾ – ਦਿੱਤੀ ਗਈ ਜਾਣਕਾਰੀ ਅਨੁਸਾਰ, – ਏ.ਐਸ.ਆਈ. ਸਰਬਜੀਤ ਸਿੰਘ ਪੁਲਿਸ – ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਮਿਆਲ ਕਲਾਂ ਦੀ ਅਨਾਜ ਮੰਡੀ ਵਿੱਚ ਮੌਜੂਦ ਸਨ। ਉਨ੍ਹਾਂ ਨੂੰ ਸੂਚਨਾ ਮਿਲੀ ਕਿ ਦੋਸ਼ੀ ਔਰਤ ਆਪਣੇ ਘਰ ਭੁੱਕੀ ਪੋਸਤ ਚੂਰਾ ਵੇਚਣ ਦਾ ਧੰਦਾ ਕਰਦੀ ਹੈ, ਜਦਕਿ ਉਸਦਾ ਪੁੱਤਰ ਭੁੱਕੀ ਖਰੀਦਦਾ ਹੈ ਅਤੇ ਗਾਹਕਾਂ ਨੂੰ ਘਰ ਭੇਜਦਾ ਹੈ, ਜਿਸ ਤੋਂ ਬਾਅਦ ਪੁਲਿਸ ਪਾਰਟੀ ਨੇ ਦੋਸ਼ੀ ਦੇ ਘਰ ਰੇਡ ਕੀਤੀ ਅਤੇ 30 ਕਿੱਲੋ ਭੁੱਕੀ ਚੂਰਾ ਪੋਸਤ ਬਰਾਮਦ ਹੋਣ ’ਤੇ ਔਰਤ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ, ਜਦਕਿ ਉਸਦਾ ਪੁੱਤਰ ਫਰਾਰ ਹੋਣ ਵਿੱਚ ਕਾਮਯਾਬ ਰਿਹਾ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਔਰਤ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ, ਜਦਕਿ ਫਰਾਰ ਪੁੱਤਰ ਦੀ ਭਾਲ ਜਾਰੀ ਹੈ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ ’ਚ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਹੱਲਾਸ਼ੇਰੀ



**ਪਟਿਆਲਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਜ਼ਿਲ੍ਹੇ ’ਚ ਪਰਾਲੀ ਨੂੰ ਸਾੜਨ ਤੋਂ ਬਿਨ੍ਹਾਂ ਸੰਭਾਲਣ ਲਈ ਅੱਗੇ ਆਏ ਕਿਸਾਨਾਂ ਨੂੰ ਹੱਲਾਸ਼ੇਰੀ ਦਿੱਤੀ ਹੈ। ਉਨ੍ਹਾਂ ਨੇ ਅੱਜ ਪਿੰਡ ਮੰਡੌੜ ਵਿਖੇ ਪਰਾਲੀ ਨੂੰ ਬਿਨ੍ਹਾਂ ਅੱਗ ਲਗਾਏ ਸੰਭਾਲਣ ਲਈ ਗੱਠਾਂ ਬਣਵਾ ਰਹੇ ਕਿਸਾਨ ਇੰਦਰਜੀਤ ਸਿੰਘ ਦੇ ਖੇਤਾਂ ਦਾ ਦੌਰਾ ਕੀਤਾ।

ਇਸ ਮੌਕੇ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਹੋਰ ਕਿਸਾਨ ਵੀ ਵਾਤਾਵਰਣ ਬਚਾਉਣ ਅਤੇ ਪਰਾਲੀ ਨੂੰ ਬਿਨ੍ਹਾਂ ਅੱਗ ਲਾਏ ਸੰਭਾਲਣ ਲਈ ਅੱਗੇ ਆਉਣ ਅਤੇ ਅਜਿਹੇ ਕਿਸਾਨਾਂ ਨੂੰ ਲੋੜੀਂਦੀ ਮਸ਼ੀਨਰੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁਹੱਈਆ ਕਰਵਾਈ ਜਾਵੇਗੀ, ਜਿਸ ਲਈ ਕਿਸਾਨ ਲੋੜੀਂਦੀ ਮਸ਼ੀਨਰੀ ਹੈਪੀ ਸੀਡਰ, ਸੁਪਰ ਸੀਡਰ ਤੇ ਸਰਫ਼ੇਸ ਸੀਡਰ ਆਦਿ ਲੈਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਟਰੋਲ ਸੈਂਟਰ ਦੇ ਫੋਨ ਨੰਬਰ 0175-2350550 ’ਤੇ ਸੰਪਰਕ ਕਰਨ।

ਡਾ. ਪ੍ਰੀਤੀ ਯਾਦਵ ਨੇ ਪਰਾਲੀ ਨੂੰ ਜਮੀਨ ’ਚ ਮਿਲਾਉਣ ਤੇ ਬੇਲਰਾਂ ਨਾਲ ਗੱਠਾਂ ਬਣਵਾਉਣ ਵਾਲੇ ਕਿਸਾਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਬੇਲਰ ਮਾਲਕ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਕਰੀਬ 2 ਕਰੋੜ ਰੁਪਏ ਦੀ ਲਾਗਤ ਨਾਲ ਬੇਲਰ ਤੇ ਟ੍ਰੈਕਟਰ ਖਰੀਦਿਆ ਹੈ, ਜੋ ਕਿ ਇਕ ਦਿਨ ’ਚ 150 ਏਕੜ ਰਕਬੇ ’ਚ ਪਰਾਲੀ ਦੀਆਂ ਗੱਠਾਂ ਬਣਾ ਦਿੰਦਾ ਹੈ। ਜਦਕਿ ਪਿੰਡ ਮੰਡੌੜ ਦੇ ਸਰਪੰਚ ਹਰਪ੍ਰੀਤ ਸਿੰਘ ਤੇ ਅਮਨਦੀਪ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਇਲਾਕੇ ’ਚ ਕੋਈ ਕਿਸਾਨ ਪਰਾਲੀ ਨੂੰ ਅੱਗ ਨਹੀਂ ਲਗਾ ਰਿਹਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਾਰੇ ਏ.ਡੀ.ਸੀਜ ਤੇ ਐਸ.ਡੀ.ਐਮ, ਡੀ.ਐਸ.ਪੀਜ ਤੇ ਹੋਰ ਟੀਮਾਂ ਸਮੇਤ ਪੂਰਾ ਜ਼ਿਲ੍ਹਾ ਪ੍ਰਸ਼ਾਸਨ ਜ਼ਿਲ੍ਹੇ ਅੰਦਰ ਪਰਾਲੀ ਸਾੜਨ ਤੋਂ ਰੋਕਣ ਲਈ ਮਾਣਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਤੇ ਅਤੇ ਹਵਾ ਗੁਣਵੱਤਾ ਮੋਨੀਟਰਿੰਗ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਲਗਾਤਾਰ ਕਿਸਾਨਾਂ ਨਾਲ ਰਾਬਤਾ ਬਣਾ ਰਿਹਾ ਹੈ। ਜਦਕਿ ਪਿੰਡ ਤੇ ਕਲੱਸਟਰ ਪੱਧਰ ’ਤੇ ਕਲੱਸਟਰ ਤੇ ਨੋਡਲ ਅਫ਼ਸਰ ਤਾਇਨਾਤ ਕੀਤੇ ਗਏ ਹਨ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਨੇ ਏ.ਡੀ.ਸੀ ਨਵਰੀਤ ਕੌਰ ਸੇਖੋਂ, ਸਿਮਰਪ੍ਰੀਤ ਕੌਰ, ਐਸ.ਪੀ. ਪਲਵਿੰਦਰ ਸਿੰਘ ਚੀਮਾ, ਐਚ.ਐਸ ਮਾਨ, ਜਸਵੀਰ ਸਿੰਘ, ਸਮੂਹ ਐਸ.ਡੀ.ਐਮਜ ਤੇ ਡੀ.ਐਸ.ਪੀਜ ਸਮੇਤ ਮੁੱਖ ਖੇਤੀਬਾੜੀ ਅਫ਼ਸਰ ਜਸਵਿੰਦਰ ਸਿੰਘ, ਏ.ਈ.ਓ. ਰਵਿੰਦਰ ਸਿੰਘ, ਏ.ਡੀ.ਓ. ਰਸਪਿੰਦਰ ਸਿੰਘ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਡਿਪਟੀ ਕਮਿਸ਼ਨਰ ਵੱਲੋਂ ਝੋਨੇ ਦੀ ਖਰੀਦ ਦਾ ਜਾਇਜ਼ਾ ਮੰਡੌੜ ਮੰਡੀ ਦਾ ਦੌਰਾ, ਕਿਸਾਨਾਂ ਨੇ ਖਰੀਦ ਪ੍ਰਬੰਧਾਂ ਤੇ ਤਸੱਲੀ ਜਤਾਈ



**ਪਟਿਆਲਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਝੋਨੇ ਦੀ ਚੱਲ ਰਹੀ ਖਰੀਦ ਦਾ ਜਾਇਜ਼ਾ ਲੈਣ ਲਈ ਮੰਡੌੜ ਮੰਡੀ ਦਾ ਦੌਰਾ ਕੀਤਾ। ਇਸ ਮੌਕੇ ਆਪਣੀ ਜਿਣਸ ਵੇਚਣ ਆਏ ਕਿਸਾਨਾਂ ਨੇ ਖਰੀਦ ਪ੍ਰਕ੍ਰਿਆ ’ਤੇ ਤਸੱਲੀ ਪ੍ਰਗਟਾਉਂਦਿਆਂ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਉਨ੍ਹਾਂ ਨੂੰ ਆਪਣੀ ਫ਼ਸਲ ਵੇਚਣ ’ਚ ਕੋਈ ਮੁਸ਼ਕਿਲ ਨਹੀਂ ਅਤੇ ਉਨ੍ਹਾਂ ਨੂੰ ਨਾਲ-ਨਾਲ ਅਦਾਇਗੀ ਵੀ ਹੋ ਗਈ ਹੈ।

ਕਿਸਾਨਾਂ ਨੇ ਇਸ ਗੱਲ ਦੀ ਵੀ ਸ਼ਲਾਘਾ ਕੀਤੀ ਕਿ ਮੰਡੀ ’ਚ ਝੋਨੇ ਦੀਆਂ ਬੋਰੀਆਂ ਦੀ ਨਾਲੋ-ਨਾਲ ਚੁਕਾਈ ਵੀ ਹੋ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀ ਵਧਾਈ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਅੰਦਰ ਸਾਰੀਆਂ ਮੰਡੀਆਂ ਵਿੱਚ ਕਿਸਾਨਾਂ ਵੱਲੋਂ ਵੇਚਣ ਲਈ ਲਿਆਂਦੀ ਜਾ ਰਹੀ ਝੋਨੇ ਦੀ ਫ਼ਸਲ ਦਾ ਦਾਣਾ-ਦਾਣਾ ਸੁਚਾਰੂ ਤੇ ਨਿਰਵਿਘਨ ਢੰਗ ਨਾਲ ਖਰੀਦਿਆ ਜਾ ਰਿਹਾ ਹੈ।

ਡਾ. ਪ੍ਰੀਤੀ ਯਾਦਵ ਨੇ ਕਿਸਾਨਾਂ ਨੂੰ ਮੰਡੀਆਂ ’ਚ ਸੁੱਕਾ ਝੋਨਾ ਲਿਆਉਣ ਦੀ ਅਪੀਲ ਕਰਦਿਆਂ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਦੀਆਂ ਮੰਡੀਆਂ ’ਚ 6 ਲੱਖ 3994 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ ਅਤੇ ਇਸ ’ਚੋਂ 5 ਲੱਖ 95 ਹਜ਼ਾਰ 728 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ, ਜਿਸ ਲਈ ਕਿਸਾਨਾਂ ਨੂੰ 100 ਫੀਸਦੀ ਖਰੀਦ ਦੀ 1240 ਕਰੋੜ ਰੁਪਏ ਦੀ ਅਦਾਇਗੀ ਕਰ ਦਿੱਤੀ ਗਈ ਹੈ।

ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਝੋਨੇ ਦੀ ਖਰੀਦ ਪ੍ਰਕ੍ਰਿਆ ਦਾ ਜਾਇਜ਼ਾ ਲੈਣ ਲਈ ਏ.ਡੀ.ਸੀ. ਨਵਰੀਤ ਕੌਰ ਸੇਖੋਂ, ਡੀ.ਟੀ.ਓ. ਬਬਨਦੀਪ ਸਿੰਘ ਵਾਲੀਆ, ਡੀ.ਐਫ.ਐਸ.ਸੀ. ਰਵਿੰਦਰ ਕੌਰ ਸਮੇਤ ਵੱਖ-ਵੱਖ ਖਰੀਦ ਏਜੰਸੀਆਂ ਤੇ ਹੋਰ ਅਧਿਕਾਰੀਆਂ ਨਾਲ ਜਾਇਜ਼ਾ ਬੈਠਕ ਵੀ ਕੀਤੀ।

ਇਸੇ ਦੌਰਾਨ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੇ ਬਾਹਰਲੇ ਰਾਜਾਂ ਨਾਲ ਲੱਗਦੀਆਂ ਹੱਦਾਂ ’ਤੇ ਲਗਾਏ ਜਾ ਰਹੇ ਨਾਕਿਆਂ ਦੀ ਨਿਰੰਤਰ ਨਿਗਰਾਨੀ ਕੀਤੀ ਜਾਵੇ ਤਾਂ ਕਿ ਕੋਈ ਵੀ ਸ਼ਰਾਰਤੀ ਅਨਸਰ ਮੌਜੂਦਾ ਝੋਨੇ ਦੀ ਖਰੀਦ ਦੇ ਸੀਜਨ ਦੌਰਾਨ ਝੋਨੇ ਜਾਂ ਚੌਲਾਂ ਦੀ ਬੋਗਸ ਖਰੀਦ/ ਗ਼ੈਰ ਕਾਨੂੰਨੀ ਰੀਸਾਇਕਲਿੰਗ ਨਾ ਕਰ ਸਕੇ। ਜਿਸ ਲਈ ਸਾਰੇ ਨਾਕਿਆਂ ’ਤੇ ਪੰਜਾਬ ਤੋਂ ਬਾਹਰੋਂ ਆ ਰਹੇ ਟਰੱਕਾਂ ਦੇ ਬਿਲ ਬਿਲਟੀਆਂ ਆਦਿ ਦੀ ਚੈਕਿੰਗ ਕਰਕੇ ਡਿਟੇਲ ਨੋਟ ਕਰਨ ’ਚ ਕੋਈ ਢਿੱਲ ਨਾ ਵਰਤੀ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਦੂਜੇ ਰਾਜਾਂ ਤੋਂ ਘੱਟ ਰੇਟ ’ਤੇ ਝੋਨਾ/ ਚਾਵਲ ਖਰੀਦ ਕੇ ਪੰਜਾਬ ਵਿੱਚ ਵੇਚਣ ਲਈ ਲਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਅਣਅਧਿਕਾਰਤ ਆਉਣ ਵਾਲੇ ਝੋਨੇ ਜਾਂ ਚਾਵਲ ਦੀ ਆਮਦ ਅਤੇ ਗ਼ੈਰ ਕਾਨੂੰਨੀ ਗਤੀਵਿਧੀਆਂ ਰੋਕਣ ਲਈ ਟੀਮਾਂ ਪੂਰੀ ਮੁਸਤੈਦੀ ਵਰਤਣ ਅਤੇ ਇਸ ਮਾਮਲੇ ’ਚ ਕੋਈ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਗ਼ੈਰ ਕਾਨੂੰਨੀ ਝੋਨੇ ਅਤੇ ਚਾਵਲ ਦੇ ਪਾਏ ਜਾਣ ਵਾਲੇ ਟਰੱਕ ਜਾਂ ਗੁਦਾਮ ਜਬਤ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ

# ਨਾੜ ਨੂੰ ਅੱਗ ਲਾਉਣ ਦੇ ਦੋ ਮਾਮਲਿਆਂ ’ਚ ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ

**ਸਮਾਣਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਦੇ – ਹੁਕਮਾਂ ਦੀ ਉਲੰਘਣਾ ਕਰਕੇ ਝੋਨੇ ਦੀ ਪਰਾਲੀ ਦੇ ਬਚੇ-ਖੁਚੇ ਕਬਾੜ ਨੂੰ – ਖੇਤ ਵਿੱਚ ਅੱਗ ਲਾਉਣ ਦੇ ਦੋ ਵੱਖ-- ਵੱਖ ਮਾਮਲਿਆਂ ਵਿੱਚ ਸਮਾਣਾ – ਪੁਲਿਸ ਨੇ ਅਣਪਛਾਤੇ ਵਿਅਕਤੀਆਂ – ਖਿਲਾਫ ਮਾਮਲੇ ਦਰਜ ਕੀਤੇ ਹਨ। – ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਸਿਟੀ ਪੁਲਿਸ ਦੇ – ਏਐਸਆਈ ਧਰਮਿੰਦਰ ਸਿੰਘ ਨੇ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਫਤਿਹਪੁਰ ਦੇ ਇੱਕ ਖੇਤ ਵਿੱਚ ਪਰਾਲੀ ਦੇ ਬਚੇ-ਖੁਚੇ ਕਬਾੜ ਨੂੰ ਅੱਗ ਲੱਗੀ ਹੋਈ ਦੇਖੀ, ਜਿਸਦੀ ਲੋਕੇਸ਼ਨ ਨੋਟ ਕੀਤੀ ਗਈ।ਇੱਕ ਹੋਰ ਮਾਮਲੇ ਵਿੱਚ, ਸਦਰ ਪੁਲਿਸ ਦੇ ਏਐਸਆਈ ਸਰਬਜੀਤ ਸਿੰਘ ਨੇ ਗਸ਼ਤ ਦੌਰਾਨ ਇੱਕ ਲੋਕੇਸ਼ਨ ਵਿੱਚ ਪਿੰਡ ਰਾਜਲਾ ਦੇ ਖੇਤ ਵਿੱਚ ਪਰਾਲੀ ਦੇ ਬਚੇ-ਖੁਚੇ ਕਬਾੜ ਨੂੰ ਅੱਗ ਲੱਗੀ ਹੋਈ ਦੇਖਿਆ। ਪੁਲਿਸ ਨੇ ਦੋਵਾਂ ਮਾਮਲਿਆਂ ਵਿੱਚ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਖੇਤ ਮਾਲਕਾਂ ਦੀ ਪਛਾਣ ਕਰਨੀ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਵਿਰਾਸਤ ਤੇ ਸ਼ਹਾਦਤ ਬਾਰੇ ਕਰਵਾਏ ਜਾਣਗੇ ਸੈਮੀਨਾਰ : ਬੈਂਸ

**ਚੰਡੀਗੜ੍ਹ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸੂਬੇ ਦੇ ਨੌਜਵਾਨਾਂ ਵਿੱਚ ਸੱਚਾਈ ਦੇ ਮਾਰਗ ‘ਤੇ ਚੱਲਣ, ਕੁਰਬਾਨੀ ਅਤੇ ਧਾਰਮਿਕ ਆਜ਼ਾਦੀ ਦੀਆਂ ਕਦਰਾਂ-ਕੀਮਤਾਂ ਭਰਨ ਲਈ ਅਹਿਮ ਕਦਮ ਚੁੱਕਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਸਾਰੀਆਂ ਯੂਨੀਵਰਸਿਟੀਆਂ ਦੇ ਉਪ-ਕੁਲਪਤੀਆਂ (ਵੀ.ਸੀਜ਼.) ਅਤੇ ਕਾਲਜ ਪ੍ਰਿੰਸੀਪਲਾਂ, ਜਿਨ੍ਹਾਂ ਵਿੱਚ ਪ੍ਰਾਈਵੇਟ ਅਤੇ ਸਹਾਇਤਾ ਪ੍ਰਾਪਤ ਸੰਸਥਾਵਾਂ ਵੀ ਸ਼ਾਮਲ ਹਨ, ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਸਿੱਖਿਆਵਾਂ ਅਤੇ ਸ਼ਹਾਦਤ ਬਾਰੇ ਵਿਆਪਕ ਸੈਮੀਨਾਰ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ।

ਨਿਰਸਵਾਰਥ, ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਬਾਰੇ ਗੁਰੂ ਸਾਹਿਬ ਜੀ ਦੇ ਫ਼ਲਸਫ਼ੇ ਨੂੰ ਉਜਾਗਰ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਸਾਰੇ ਵੀ.ਸੀਜ਼. ਅਤੇ ਪ੍ਰਿੰਸੀਪਲਾਂ ਨੂੰ 27 ਅਕਤੂਬਰ, 2025 ਤੋਂ 30 ਨਵੰਬਰ, 2025 ਤੱਕ ਇਸ ਸਬੰਧੀ ਆਪਣੀਆਂ ਸੰਸਥਾਵਾਂ ਵਿੱਚ ਸੈਮੀਨਾਰ ਅਤੇ ਹੋਰ ਪ੍ਰੋਗਰਾਮ ਕਰਵਾਉਣ ਲਈ ਪੱਤਰ ਲਿਖਿਆ ਹੈ।

ਸਿੱਖਿਆ ਸੰਸਥਾਵਾਂ ਵਿੱਚ ਇਨ੍ਹਾਂ ਪ੍ਰੋਗਰਾਮਾਂ ਦੌਰਾਨ ਧਾਰਮਿਕ ਮਰਿਆਦਾ ਬਰਕਰਾਰ ਰੱਖਣ ਦੇ ਨਿਰਦੇਸ਼ ਦਿੰਦਿਆਂ ਸਿੱਖਿਆ ਮੰਤਰੀ ਨੇ ਵੀ.ਸੀਜ਼. ਅਤੇ ਪ੍ਰਿੰਸੀਪਲਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਉੱਘੇ ਸਿੱਖ ਵਿਦਵਾਨਾਂ ਨੂੰ ਸੈਮੀਨਾਰਾਂ ਲਈ ਸੱਦਾ ਦੇਣ ਤਾਂ ਜੋ ਵਿਦਿਆਰਥੀਆਂ ਨੂੰ ਨੌਵੇਂ ਪਾਤਸ਼ਾਹ, ਜਿਨ੍ਹਾਂ ਨੇ ਧਰਮ ਦੀ ਆਜ਼ਾਦੀ ਦੀ ਰਾਖੀ ਲਈ ਕੁਰਬਾਨੀ ਦਿੱਤੀ, ਦੀ ਮਹਾਨ ਸ਼ਹਾਦਤ ਬਾਰੇ ਜਾਗਰੂਕ ਕੀਤਾ ਜਾ ਸਕੇ। ਇਹ ਸੈਸ਼ਨ ਉਨ੍ਹਾਂ ਦੇ ਅਨਿੰਨ ਸੇਵਕਾਂ - ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ)- ਦੇ ਬੇਮਿਸਾਲ ਹੌਸਲੇ, ਦਲੇਰੀ ਅਤੇ ਅਟੁੱਟ ਵਿਸ਼ਵਾਸ ’ਤੇ ਵੀ ਰੌਸ਼ਨੀ ਪਾਉਣਗੇ- ਜਿਨ੍ਹਾਂ ਦੀ ਗੁਰੂ ਜੀ ਪ੍ਰਤੀ ਸ਼ਰਧਾ ਦੇ ਕਿੱਸੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਦਰਜ ਹਨ।

ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਸੂਬੇ ਦੀ ਅਮੀਰ ਵਿਰਾਸਤ ਅਤੇ ਇਸਦੇ ਆਧੁਨਿਕ ਵਿਦਿਅਕ ਢਾਂਚੇ ਵਿਚਕਾਰਲੇ ਪਾੜੇ ਨੂੰ ਪੂਰਦਿਆਂ ਇਹ ਯਕੀਨੀ ਬਣਾਉਣਾ ਹੈ ਕਿ ਇਨ੍ਹਾਂ ਮਹਾਨ ਨਾਇਕਾਂ ਦੀ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਿਆਂ, ਸੱਚਾਈ ਦੇ ਰਾਹ ‘ਤੇ ਚੱਲਣ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਲਈ ਪ੍ਰੇਰਿਤ ਕਰਦੀ ਰਹੇ।

# ਰੱਖੜਾ ਨੇ ਡਕਾਲਾ ਵਿਖੇ 50 ਧਰਮ ਪ੍ਰਚਾਰਕਾਂ ਨੂੰ ਵੰਡੀ ਸਹਾਇਤਾ ਰਾਸ਼ੀ



**ਪਟਿਆਲਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਪਰਿਵਾਰ ਵੱਲੋਂ ਹੜ੍ਹਾਂ ਦੌਰਾਨ 10 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਲੋੜਵੰਦਾਂ ਨੂੰ ਮਦਦ ਵਜੋਂ ਦੇਣ ਦਾ ਐਲਾਨ ਕੀਤਾ ਸੀ।

ਜਿਸ ਨੂੰ ਅੱਗੇ ਤੋਰਦਿਆਂ ਵੱਖ-ਵੱਖ ਥਾਵਾਂ ’ਤੇ ਲੋੜਵੰਦਾਂ ਨੂੰ ਨਕਦ ਰਾਸ਼ੀ ਦੇ ਕੇ ਮਾਨ ਸਨਮਾਨ ਕੀਤਾ ਜਾ ਰਿਹਾ ਹੈ। ਇਸ ਲੜੀ ਤਹਿਤ ਡਕਾਲਾ ਸਰਕਲ ਅਧੀਨ ਪੈਂਦੇ 50 ਤੋਂ ਵੱਧ ਗੁਰਦੁਆਰਿਆਂ ਦੇ ਗ੍ਰੰਥੀ ਸਿੰਘਾਂ, ਮੌਲਵੀਆਂ, ਪੁਜਾਰੀਆਂ ਅਤੇ ਧਰਮ ਪ੍ਰਚਾਰਕਾਂ ਨੂੰ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਜਿਕਰਯੋਗ ਹੈ ਕਿ ਰੱਖੜਾ ਪਰਿਵਾਰ ਪਿਛਲੇ ਲੰਮੇਂ ਸਮੇਂ ਤੋਂ ਸਮਾਜ ਸੇਵਾ ਦੇ ਖੇਤਰ ਵਿਚ ਸਮੇਂ ਸਮੇਂ ਸਿਰ ਆਪਣਾ ਬਣਦਾ ਯੋਗਦਾਨ ਪਾਉਂਦਾ ਰਹਿੰਦਾ ਹੈ।

ਰੱਖੜਾ ਦੇ ਭਰਾ ਡਾਕਟਰ ਦਰਸ਼ਨ ਸਿੰਘ ਧਾਲੀਵਾਲ ਤੇ ਚਰਨਜੀਤ ਸਿੰਘ ਰੱਖੜਾ ਵੱਲੋਂ ਆਪਣੀਆਂ ਨੇਕ ਕਮਾਈਆਂ ਵਿਚੋਂ ਲੋੜਵੰਦਾਂ ਦੀ ਮਦਦ ਕਰਨ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ। ਇਸ ਮੌਕੇ ਸਾਬਕਾ ਮੰਤਰੀ ਰੱਖੜਾ ਨੇ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਵੀ ਧਰਮ ਦਾ ਪ੍ਰਚਾਰ ਕਰਨ ਵਾਲੇ ਨੂੰ ਕਿਸੇ ਰਾਜਨੀਤਿਕ ਪਾਰਟੀ ਨੇ ਸਨਮਾਨਤ ਕੀਤਾ ਹੋਵੇ। ਅਜਿਹਾ ਕਰਕੇ ਨਵੀਂ ਪਿਰਤ ਪਾਉਣ ਦੀ ਕੋਸ਼ਿਸ਼ ਕੀਤੀ ਹੈ, ਕਿਉਂਕਿ ਧਰਮ ਪ੍ਰਚਾਰਕਾਂ ਦਾ ਸਨਮਾਨ ਕਰਨਾ ਸਾਡੀ ਸਮਾਜਿਕ ਜਿਮੇਵਾਰੀ ਹੈ। ਇਸ ਨਾਲ ਉਨ੍ਹਾਂ ਨੂੰ ਆਰਥਿਕ ਤੌਰ ’ਤੇ ਮਜ਼ਬੂਤ ਕਰਨ ਵਿਚ ਮਦਦ ਹੋ ਸਕੇਗੀ। ਇਸ ਮੌਕੇ ਸਰਕਲ ਪ੍ਰਧਾਨ ਨਛੱਤਰ ਭਾਨਰਾ, ਸਾਬਕਾ ਚੇਅਰੈਨ ਮਲਕੀਤ ਸਿੰਘ ਡਕਾਲਾ, ਸੈਂਪੀ ਸੂਲਰ, ਕਰਨੈਲ ਲੰਗੜੋਈ, ਬਲਦੇਵ ਸਿੰਘ ਬਠੋਈ ਕਲਾਂ ਸਾਬਕਾ ਚੇਅਰਮੈਨ, ਗੁਰਨੈਬ ਸਿੰਘ ਲੰਗੜੋਈ, ਸੁਖੀ ਮੂੰਡਖੇੜਾ ਆਦਿ ਆਗੂ ਵੀ ਹਾਜ਼ਰ ਸਨ।

# ਸੀ ਬੀ ਆਈ ਵੱਲੋਂ ਡੀ ਆਈ ਜੀ ਭੁੱਲਰ ਕੋਲੋਂ ਫੜੇ ਕਰੋੜਾਂ ਰੁਪਏ ਨੇ ਪੰਜਾਬ ਸਰਕਾਰ ਦੀ ਭ੍ਰਿਸਟਾਚਾਰ ਮੁਹਿਮ ਦੀ ਖੋਲੀ ਪੋਲ : ਹਰਿਆਊ



**ਪਟਿਆਲਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਜਿਹੜੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਭ੍ਰਿਸਟਾਚਾਰ ਨੂੰ ਖਤਮ ਕਰਨ ਦੇ ਦਮ ਗਜੇ ਮਾਰਦੇ ਸਨ ਅਤੇ ਜਿਹੜੀ ਪੰਜਾਬ ਪੁਲਿਸ ਦੀ ਹਰ ਸਮੇਂ ਵਾਹ ਵਾਹ ਕਰਦੇ ਰਹਿੰਦੇ ਹਨ ਉਸ ਦੇ ਮੌਜੂਦਾ ਡੀ ਆਈ ਜੀ ਭੁੱਲਰ ਕੋਲੋਂ ਸੀ ਬੀ ਆਈ ਵੱਲੋਂ ਫੜੇ ਕਰੋੜਾਂ ਰੁਪਏ ਅਤੇ ਹੋਰ ਵੇਸ ਕੀਮਤੀ ਸਮਾਨ ਨੇ ਪੰਜਾਬ ਸਰਕਾਰ ਦੇ ਵੱਲੋਂ ਚਲਾਈ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੀ ਪੋਲ ਖੋਲ ਕੇ ਰੱਖ ਦਿੱਤੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅਕਾਲੀ ਦਲ ਦੇ ਜ਼ਿਲ੍ਹਾ ਪਟਿਆਲਾ ਦਿਹਾਤੀ ਪ੍ਰਧਾਨ ਜਗਮੀਤ ਸਿੰਘ ਹਰਿਆਊ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਉਨਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੀਆਂ ਔਰਤਾਂ ਨੂੰ ਹਜਾਰ ਰੁਪਏ ਮਹੀਨਾ ਅਤੇ ਇੱਕ ਹਫਤੇ ਵਿੱਚ ਨਸ਼ੇ ਬੰਦ ਕਰਨ ਸਮੇਤ ਹੋਰ ਬਹੁਤ ਸਾਰੇ ਕੀਤੇ ਗਏ ਵਾਦਿਆਂ ਤੋਂ ਸਰਕਾਰ ਭੱਜਦੀ ਨਜ਼ਰ ਆ ਰਹੀ ਹੈ ਅਤੇ ਦੂਜੇ ਪਾਸੇ ਭਰਿਸ਼ਟਾਚਾਰ ਖਤਮ ਕਰਨ ਦੇ ਕੀਤੇ ਜਾ ਰਹੇ ਦਾਵਿਆਂ ਦੀ ਫੂਕ ਡੀ ਆਈ ਜੀ ਭੁੱਲਰ ਦੀ ਗ੍ਰਿਫਤਾਰੀ ਤੋਂ ਬਾਅਦ ਨਿਕਲ ਚੁੱਕੀ ਹੈ ਜਿਸ ਤੋਂ ਸਾਫ ਪਤਾ ਚੱਲਦਾ ਹੈ ਕਿ ਪੰਜਾਬ ਪੁਲਿਸ ਦੇ ਆਲਾ ਅਧਿਕਾਰੀ ਸ਼ਰੇਆਮ ਭ੍ਰਿਸ਼ਟਾਚਾਰ ਰਾਹੀਂ ਲੋਕਾਂ ਨੂੰ ਲੁੱਟਣ ਅਤੇ ਕੁੱਟਣ ਵਿੱਚ ਲੱਗੇ ਹੋਏ ਹਨ ਉਹਨਾਂ ਕਿਹਾ ਕਿ ਤੇ ਆਪ ਸਰਕਾਰ ਵੱਲੋਂ ਅਜਿਹੇ ਅਧਿਕਾਰੀ ਨੂੰ ਹੁਣ ਤੱਕ ਸਸਪੈਂਡ ਕਰਕੇ ਖਾਨਾ ਪੂਰਤੀ ਕੀਤੀ ਗਈ ਹੈ ਜਿਸ ਤੋਂ ਸਾਫ ਪਤਾ ਚੱਲਦਾ ਹੈ ਕਿ ਪੰਜਾਬ ਸਰਕਾਰ ਭ੍ਰਿਸ਼ਟਾਚਾਰੀ ਡੀ ਆਈ ਜੀ ਭੁੱਲਰ ਨੂੰ ਬਚਾਉਣ ਲਈ ਚਾਰਾਜੋਈ ਕਰਨ ਵਿੱਚ ਜੁਟੀ ਹੋਈ ਹੈ ਜਦੋਂ ਕਿ ਸਰਕਾਰ ਨੂੰ ਚਾਹੀਦਾ ਸੀ ਕਿ ਜਦੋਂ ਸੀ ਬੀ ਆਈ ਦੇਸ਼ ਦੀ ਸਭ ਤੋਂ ਵੱਡੀ ਏਜੰਸੀ ਵੱਲੋਂ ਰੰਗੇ ਹੱਥੀ ਫੜੇ ਗਏ ਆਲਾ ਅਧਿਕਾਰੀ ਦੀਆਂ ਸਮੁੱਚੀਆਂ ਸੇਵਾਵਾਂ ਖਤਮ ਕਰਨ ਦੇ ਨਾਲ ਨਾਲ ਉਸ ਵਿਰੁੱਧ ਪੰਜਾਬ ਅੰਦਰ ਵੀ ਇੱਕ ਵੱਖਰੀ ਕਾਰਵਾਈ ਕਰਨੀ ਚਾਹੀਦੀ ਸੀ ਜਿਸ ਦੀ ਸਮੁੱਚੀ ਪ੍ਰੋਪਰਟੀ ਅਤੇ ਕਾਰੋਬਾਰ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਸਜ਼ਾ ਦਿੱਤੀ ਜਾਵੇ ਪਰ ਪੰਜਾਬ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਮਹਿਮ ਤੇ ਸਵਾਲੀਆਂ ਨਿਸ਼ਾਨ ਖੜੇ ਕੀਤੇ ਅਤੇ ਪੰਜਾਬ ਪੁਲਿਸ ਤੋਂ ਇਮਾਨਦਾਰੀ ਦੇ ਠੱਪੇ ਦਾ ਨਿਸ਼ਾਨ ਖਤਮ ਕੀਤਾ ਹੋਵੇ ਉਨ੍ਹਾਂ ਕਿਹਾ ਕਿ ਬਹੁਤ ਸਾਰੇ ਹੋਰ ਅਜਿਹੇ ਅਧਿਕਾਰੀ ਹਨ ਜਿਨਾਂ ਵਿਰੁੱਧ ਸਰਕਾਰ ਨੂੰ ਪਤਾ ਹੋਣ ਦੇ ਬਾਵਜੂਦ ਵੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਅਤੇ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰਨ ਤੋਂ ਇਲਾਵਾ ਕੁਝ ਵੀ ਨਹੀਂ ਕੀਤਾ ਜਾ ਰਿਹਾ ਤਾਂ ਹੀ ਪੰਜਾਬ ਦੇ ਲੋਕੀ ਅਜਿਹੀ ਸਰਕਾਰ ਨੂੰ ਸੂਬੇ ਅੰਦਰੋਂ ਚੱਲਦਾ ਕਰਨ ਲਈ ਤਿਆਰ ਬਰ ਤਿਆਰ ਬੈਠੇ ਹਨ

# ਕੁਸ਼ਤੀ ਵਰਗ ਸਟੇਟ ਪੱਧਰ ਤੇ ਸੋਨ ਤਗਮਾ ਜਿੱਤ ਕੇ ਗੁਰਨੂਰ ਕੌਰ ਨੇ ਸਨੌਰ ਇਲਾਕੇ ਨੂੰ ਦੀਵਾਲੀ ਦਾ ਦਿੱਤਾ ਤੋਹ.ਫਾ

**ਪਟਿਆਲਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਲਕਾ ਸਨੌਰ ਚ ਉਸ ਵੇਲੇ ਖ਼ੁਸ਼ੀ ਦੀ ਲਹਿਰ ਦੌੜ ਗਈ ਜਦੋਂ ਪੰਜਾਬ ਰਾਜ ਅੰਤਰ ਜ਼ਿਲਾ ਸਕੂਲ ਖੇਡਾਂ ਚ 54 ਕਿਲੋਗ੍ਰਾਮ ਭਾਰ ਚ ਕੁਸ਼ਤੀ ਲੜਨ ਵਾਲੀ ਮਹਿਲਾ ਖਿਡਾਰੀ ਗੁਰਨੂਰ ਕੌਰ ਨੇ ਆਪਣੀ ਵਿਰੋਧੀ ਫਾਜ਼ਲਿਕਾ ਦੀ ਖਿਡਾਰਨ ਅਸ਼ਨੂਰ ਕੰਬੋਜ ਨੂੰ ਚਿੱਤ ਕਰਕੇ ਸੋਨ ਤਮਗਾ ਜਿੱਤ ਲਿਆ ।

ਗੁਰਨੂਰ ਵੱਲੋਂ ਸੋਨ ਮੈਡਲ ਜਿੱਤਣਾ ਜ਼ਿਲਾ ਪਟਿਆਲਾ ਲਈ ਲਈ ਬੜ੍ਹੀ ਮਾਣ ਵਾਲੀ ਗੱਲ ਹੈ ਇਸ ਮੈਡਲ ਸਦਕਾ ਸਦਕਾ ਪਰਿਵਾਰ , ਸਕੂਲ ਅਤੇ ਸਨੌਰ ਖੇਤਰ ਦਾ ਵੀ ਨਾਮ ਹੋਰ ਉੱਚਾ ਹੋਇਆ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਸਟੇਟ ਕੰਟੇਨਰ ਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਿਟਿਡ ਦੇ ਵਾਈਸ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਨੇ ਗੁਰਨੂਰ ਕੌਰ ਦਾ ਸਨਮਾਨਿਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਸੰਧੂ ਨੇ ਕਿਹਾ ਕੀ ਚੰਗੇ ਖਿਡਾਰੀ ਜਿੱਥੇ ਪਿੰਡ, ਇਲਾਕਾ, ਜਿਲਾ ਅਤੇ ਸਟੇਟ ਤੋਂ ਬਾਅਦ ਦੇਸ਼ ਦਾ ਨਾਮ ਰੌਸ਼ਨ ਕਰਦੇ ਹਨ ਉੱਥੇ ਉਹ ਹੋਰਾਂ ਲਈ ਮਾਰਗਦਰਸ਼ਕ ਬਣਦੇ ਹਨ , ਉਹਨਾਂ ਗੁਰਨੂਰ ਦੀ ਰੱਜ ਕੇ ਪ੍ਰਸ਼ੰਸਾ ਕੀਤੀ, ਉੱਥੇ ਗੁਰਨੂਰ ਦੇ ਪਿਤਾ ਮਨਿੰਦਰ ਸਿੰਘ ਬੱਬੂ ਦੀ ਵੀ ਪ੍ਰਸ਼ੰਸਾ ਕੀਤੀ, ਜਿਹਨਾਂ ਆਪਣੀ ਬੱਚੀ ਨੂੰ ਰੈਸਲਿੰਗ ਦੇ ਖੇਤਰ ਚ ਹਰ ਪ੍ਰਕਾਰ ਦੇ ਮੌਕੇ ਪ੍ਰਦਾਨ ਕਰਾਏ ।

ਗੌਰਤਲਬ ਹੈ ਕਿ ਗੁਰਨੂਰ ਨੇ ਲੰਬਾ ਸਮਾਂ ਪਟਿਆਲਾ ਵਿੱਖੇ ਗੁਰਮੁੱਖ ਸਿੰਘ ਪਹਿਲਵਾਨ ਦੇ ਅਖਾੜੇ ਚ ਪ੍ਰੈਕਟਿਸ ਕੀਤੀ ਜਿਸ ਸਦਕਾ ਗੁਰਨੂਰ ਇਸ ਅਹਿਮ ਪ੍ਰਾਪਤੀ ਹਾਸਿਲ ਕਰਨ ਚ ਕਾਮਯਾਬ ਹੋਈ ਹੈ ।

ਉਨ੍ਹਾ ਕਿਹਾ ਕਿ ਕਿ ਜਿਹੜੇ ਪਿੰਡਾਂ ਚੋ ਲੀਡਰ ਬਣਨ ਲੱਗ ਜਾਣ ਉੱਥੇ ਬਹੁਤੇ ਲੋਕ ਲੀਡਰ ਹੀ ਬਣ ਜਾਂਦੇ ਹਨ, ਇਸੇ ਤਰਾਂ ਜਿੱਥੇ ਅਫ਼ਸਰ ਜਾਂ ਖਿਡਾਰੀ ਬਣ ਜਾਣ ਉੱਥੇ ਹੋਰ ਲੋਕ ਵੀ ਉਸੇ ਰਾਹ ਤੁਰ ਪੈਂਦੇ ਹਨ ਇਸ ਲਈ ਉਹ ਉਮੀਦ ਕਰਦੇ ਹਨ ਕਿ ਸਨੌਰ ਇਲਾਕੇ ਦੇ ਹੋਰ ਮੁੰਡੇ ਕੁੜੀਆਂ ਵੀ ਖਿਡਾਰੀ ਬਣਨ ਲਈ ਮਿਹਨਤ ਕਰਨਗੇ । ਉਨ੍ਹਾਂ ਕਿਹਾ ਕਿ ਗੁਰਨੂਰ ਕੌਰ ਨੇ ਕੁਸ਼ਤੀ ਵਰਗ ਚ ਸੋਨ ਤਗਮਾ ਜਿੱਤ ਕੇ ਸਨੌਰ ਇਲਾਕੇ ਨੂੰ ਦੀਵਾਲੀ ਦਾ ਤੋਹਫ਼ਾ ਦਿੱਤਾ ਹੈ।

ਗੁਰਨੂਰ ਦਾ ਸਨਮਾਨ ਕਰਨ ਮੌਕੇ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਪਰਿਵਾਰਿਕ ਮੈਂਬਰਾਂ ਚ ਉਹਨਾਂ ਦੀ ਧਰਮਪਤਨੀ ਗੁਰਮੀਤ ਕੌਰ ਸੰਧੂ, ਮਾਤਾ ਜੋਗਿੰਦਰ ਕੌਰ ਸੰਧੂ, ਬੇਟਾ ਪ੍ਰਭਨੂਰ ਸਿੰਘ ਸੰਧੂ ਤੋਂ ਇਲਾਵਾ ਕੌਂਸਲਰ ਕੁਲਵੰਤ ਸਿੰਘ ਹੀਰਾਬਾਗ, ਰਘੂਵਿੰਦਰ ਸਿੰਘ ਜਗਤਪੁਰਾ ਅਤੇ ਗੁਰਨੂਰ ਦੇ ਪਿਤਾ ਮਨਿੰਦਰ ਸਿੰਘ ਬੱਬੂ ਆਦਿ ਵੀ ਹਾਜਰ ਸਨ ।

# ਅਮਨਦੀਪ ਸਿੰਘ ਨੂੰ ਤਰੱਕੀ ਬਤੌਰ ਨਿਗਰਾਨ ਇੰਜੀਨੀਅਰ ਸੰਚਾਲਣ ਜ਼ੀਰਕਪੁਰ ਤੈਨਾਤ

**ਪਟਿਆਲਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਇਕ ਹੁਕਮ ਨਾਲ ਇੰਜ: ਅਮਨਦੀਪ ਸਿੰਘ ਵਧੀਕ ਨਿਗਰਾਨ ਇੰਜੀਨੀਅਰ ਸੰਚਾਲਣ ਜ਼ੀਰਕਪੁਰ ਨੂੰ ਤਰੱਕੀ ਦੇ ਕੇ ਨਿਗਰਾਨ ਇੰਜੀਨੀਅਰ ਸੰਚਾਲਣ ਜ਼ੀਰਕਪੁਰ ਤੈਨਾਤ ਕਰ ਦਿੱਤਾ ਹੈ।



# ਖੇਤੀਬਾੜੀ

## ਆਓ ਹਰਿਆਲੀ ਮੋੜ ਲਿਆਈਏ



• ਪ੍ਰੋ. ਹਮਦਰਦਵੀਰ ਨੌਸ਼ਹਿਰਵੀ

ਵਿਕਾਸ ਦੇ ਨਾਂ ਉਪਰ ਪਿਛਲੇ ਪੰਜ ਸਾਲਾਂ ਵਿੱਚ 1355 ਵਿਕਾਸ ਕਾਰਜਾਂ ਲਈ 6300 ਏਕੜ ਰਕਬੇ ਉਪਰੋਂ ਲੱਖਾਂ ਦਰੱਖ਼ਤ ਕੱਟ ਕੇ ਵਾਤਾਵਰਣ ਨੂੰ ਭਾਰੀ ਨੁਕਸਾਨ ਪਹੁੰਚਾਇਆ ਗਿਆ ਹੈ। ਪੰਜਾਬ ਵਿੱਚ 2012 ਦੌਰਾਨ ਗਰੀਨ ਪੰਜਾਬ ਮਿਸ਼ਨ ਸਕੀਮ ਤਹਿਤ ਰੁੱਖਾਂ ਹੇਠ 6.87 ਪ੍ਰਤੀਸ਼ਤ ਰਕਬਾ ਵਧਾ ਕੇ 15 ਪ੍ਰਤੀਸ਼ਤ ਕਰਨ ਦਾ ਟੀਚਾ ਮਿਥਿਆ ਗਿਆ ਸੀ ਪਰ ਹੋਇਆ ਕੁਝ ਨਹੀਂ। 33 ਪ੍ਰਤੀਸ਼ਤ ਖੇਤਰ ਰੁੱਖਾਂ ਹੇਠ ਹੋਣਾ ਚਾਹੀਦਾ ਸੀ ਪਰ ਪੰਜਾਬ ਵਿੱਚ ਸਿਰਫ 6.12 ਪ੍ਰਤੀਸ਼ਤ ਧਰਤੀ ਉੱਤੇ ਹੀ ਜੰਗਲ ਬਚੇ ਹਨ। ਹੁਣ ਵੀ ਕੋਈ ਭਰੋਸਾ ਨਹੀਂ ਕਿ ਕਦੋਂ ਜੰਗਲ ਵਾਲੀ ਜ਼ਮੀਨ ਉੱਤੇ ਨਾਜਾਇਜ਼ ਕਬਜ਼ਾ ਹੋ ਜਾਵੇ ਜਾਂ ਇਹ ਕਿਸੇ ਹੋਰ ਵਿਕਾਸ ਕੰਮ ਲਈ ਦਰੱਖ਼ਤ ਕੱਟ ਕੇ ਵਿਰਾਨ ਕਰ ਦਿੱਤੀ ਜਾਵੇ।

ਲੱਖਾਂ ਰੁੱਖਾਂ ਦੇ ਕੱਟੇ ਜਾਣ ਕਰਕੇ ਹੜ੍ਹਾਂ ਤੇ ਸੋਕੇ ਦਾ ਖ਼ਤਰਾ ਵਧ ਗਿਆ ਹੈ। ਉਛਲਦੇ ਦਰਿਆ ਆਪਣੇ ਕੰਢਿਆਂ ਤੋਂ ਬਾਹਰ ਵਗ ਜਾਂਦੇ ਹਨ। ਰੁੱਖ ਘਟ ਹੋਣ ਕਰਕੇ ਤੇਜ਼ ਪਾਣੀ ਸਾਹਮਣੇ ਕੋਈ ਰੁਕਾਵਟ ਨਹੀਂ ਹੁੰਦੀ। ਰੁੱਖ ਘਟ ਹੋਣਗੇ ਤਾਂ ਧਰਤੀ ਦੀ ਤਪਸ਼ ਹੋਰ ਵਧੇਗੀ। ਉਪਜਾਊ ਧਰਤੀ ਉੱਤੇ ਨਮੀਂ ਘਟੇਗੀ। ਸੁੱਕੀ ਧਰਤੀ ਰੇਤਲੀ ਹੁੰਦੀ ਜਾਵੇਗੀ। ਧਰਤੀ ਹੇਠਲਾ ਪਾਣੀ ਹੋਰ ਹੇਠਾਂ ਚਲਾ ਜਾਵੇਗਾ। ਫੁੱਲ, ਫਲ, ਬਨਸਪਤੀ, ਲੱਕੜੀ ਦੀ ਕਿੱਲਤ ਹੋ ਜਾਵੇਗੀ। ਪਿਛਲੀ ਸਰਕਾਰ ਸਮੇਂ ਪੰਜਾਬ ਵਿੱਚ ਜੰਗਲ ਹੇਠ ਰਕਬੇ ਨੂੰ ਵਧਾਉਣ ਲਈ ਕੇਂਦਰ ਸਰਕਾਰ ਨੇ 6.11 ਕਰੋੜ ਰੁਪਏ ਭੇਜੇ ਸਨ। ਪੰਜਾਬ ਸਰਕਾਰ ਨੇ ਆਪਣਾ 40 ਪ੍ਰਤੀਸ਼ਤ ਹਿੱਸਾ ਨਹੀਂ ਪਾਇਆ। ਅਗਲੇ ਸਾਲ ਕੇਂਦਰੀ ਗਰਾਂਟ ਨਹੀਂ ਆਈ। ਕਰੋੜਾਂ ਰੁਪਏ ਤੀਰਥ ਯਾਤਰਾਵਾਂ ਉੱਤੇ ਲਾਏ ਗਏ ਪਰ ਰੁੱਖਾਂ ਹੇਠ ਰਕਬਾ ਨਹੀਂ ਵਧਾਇਆ ਗਿਆ।

ਜ਼ਮੀਨ, ਜਲ, ਜੰਗਲ, ਜ਼ਿੰਦਗੀ ਖ਼ਤਰੇ ਵਿੱਚ ਹੈ। ਬਿਰਖ ਕੱਟੇ ਜਾ ਰਹੇ ਹਨ। ਹਰਿਆਵਲ ਖਤਮ ਹੋ ਰਹੀ ਹੈ। ਟਾਹਲੀਆਂ, ਕਿੱਕਰਾਂ ਤਾਂ ਪਹਿਲਾਂ ਹੀ ਖਤਮ ਹੋ ਗਈਆਂ ਹਨ। ਪ੍ਰਦੂਸ਼ਿਤ ਹਵਾ ਤੇ ਪਾਣੀ ਕਰਕੇ ਹਰੇਕ ਮਿੰਟ ਵਿੱਚ ਔਸਤਨ ਦੋ ਭਾਰਤੀਆਂ ਦੀ ਮੌਤ ਹੋ ਰਹੀ ਹੈ।

ਪੌਣ ਪਾਣੀ ਬਾਰੇ ਇਤਿਹਾਸਿਕ ਸਮਝੌਤਾ, ਪੈਰਿਸ ਵਿਖੇ 13 ਦਸੰਬਰ 2015 ਨੂੰ ਹੋਇਆ ਸੀ। ਇਸ ਮੌਕੇ 196 ਦੇਸ਼ਾਂ ਦੇ ਨੁਮਇੰਦੇ ਹਾਜ਼ਰ ਸਨ। ਆਲਮੀ ਤਪਸ਼ ਘੱਟ ਕਰਨ ਲਈ ਸਹਿਮਤੀ ਤਹਿਤ 2020 ਤੱਕ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘੱਟ ਕਰਨ ਬਾਰੇ ਫੈਸਲਾ ਹੋਇਆ ਸੀ। ਬਾਅਦ ਵਿੱਚ ਅਮਰੀਕਾ ਨੇ ਇਸ ਸਮਝੌਤੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਪੰਜਾਬ ਵਿੱਚ ਲੱਖਾਂ ਹਰੇ-ਭਰੇ ਦਰੱਖ਼ਤ ਕੱਟ ਦਿੱਤੇ ਗਏ ਹਨ। ਕਿਸੇ ਅਥਾਰਿਟੀ ਪਾਸੋਂ ਇਸ ਵਾਸਤੇ ਪ੍ਰਵਾਨਗੀ ਨਹੀਂ ਲਈ ਗਈ। ਹੁਣ ਸ਼ਿਕਾਇਤ ਮਿਲਣ ਉੱਤੇ ਕੌਮੀ ਗਰੀਨ ਟ੍ਰਿਬਿਊਨਲ ਸਰਗਰਮ ਹੋਇਆ ਹੈ। ਨਵੀਆਂ ਬਣ ਰਹੀਆਂ ਸੜਕਾਂ ਦੇ ਕਿਨਾਰਿਆਂ ਉੱਤੇ ਹੋਰ ਰੁੱਖ ਕੱਟਣ ਦੀ ਮਨਾਹੀ ਕਰ ਦਿੱਤੀ ਗਈ ਹੈ ਭਾਵੇਂ ਕਿ ਆਰਾ ਮਸ਼ੀਨਾਂ ਤੇ ਕੁਹਾੜੇ ਹਾਲੇ ਵੀ ਚੱਲ ਰਿਹਾ ਹੈ।

17 ਅਗਸਤ 2017 ਨੂੰ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਸਖ਼ਤ ਤਾੜਨਾ ਕੀਤੀ ਸੀ ਕਿ ਤਾਜ ਮਹੱਲ ਦੇ ਨੇੜੇ 80 ਕਿਲੋਮੀਟਰ ਤੱਕ 450 ਬਿਰਖ ਕਿਸੇ ਵੀ ਸੂਰਤ ਵਿੱਚ ਕੱਟੇ ਨਾ ਜਾਣ। ਸੁਪਰੀਮ ਕੋਰਟ ਸਾਹਮਣੇ 450 ਰੁੱਖ ਕੱਟਣ ਦੀ ਆਗਿਆ ਲਈ ਪਟੀਸ਼ਨ ਸਾਹਮਣੇ ਆਈ ਸੀ। ਸਰਕਾਰ ਦੀ ਦਲੀਲ ਸੀ ਕਿ ਦਿੱਲੀਂ ਤੋਂ ਮਥੁਰਾ ਤੱਕ ਨਵੀਂ ਰੇਲ ਲਾਈਨ ਵਿਛਾਈ ਜਾਵੇ। ਸੁਪਰੀਮ ਕੋਰਟ ਨੇ ਕੇਂਦਰ ਨੂੰ ਪੁੱਛਿਆ ਕਿ ਤਾਜਮਹੱਲ ਵਰਗੀ ਅਦੁੱਤੀ ਕਲਾ ਕ੍ਰਿਤੀ ਨੂੰ, ਜਿਹੜੀ ਵਿਸ਼ਵ ਵਿਰਾਸਤ ਦਾ ਹਿੱਸਾ ਹੈ, ਕੀ ਖਤਮ ਕਰਨ ਦਾ ਵਿਚਾਰ ਹੈ ? ਸੰਸਾਰ ਦੇ ਇਸ ਅਜੂਬੇ ਨੂੰ ਪਹਿਲਾਂ ਹੀ ਹਵਾ ਪ੍ਰਦੂਸ਼ਣ ਤੇ ਵੱਧ ਰਹੀ ਧਰਤ-ਤਪਸ਼ ਦਾ ਵੱਡਾ ਖ਼ਤਰਾ ਹੈ।

ਜੇ ਵੱਧ ਤੋਂ ਵੱਧ ਰੁੱਖ ਹੋਣਗੇ ਤਾਂ ਧਰਤੀ ਠੰਢੀ ਰਹੇਗੀ। ਵੱਧ ਤੋਂ ਵੱਧ ਹਰਿਆਵਲ ਹੋਵੇਗੀ। ਰੁੱਖ ਸਾਨੂੰ ਜੀਵਨਦਾਨੀ ਆਕਸੀਜਨ ਦਿੰਦੇ ਹਨ। ਜ਼ਹਿਰੀਲੀ ਕਾਰਬਨ ਡਾਈਆਕਸਾਈਡ ਚੂਸਦੇ ਹਨ। ਬਨਸਪਤੀ ਮੌਲਦੀ ਹੈ। ਜੇ ਇਸੇ ਗਤੀ ਨਾਲ ਸੜਕਾਂ ਉੱਤੇ ਵਾਹਨ ਵੱਧਦੇ ਜਾਣਗੇ; ਹੋਰ ਹੋਟਲ, ਮੈਰਿਜ ਪੈਲੇਸ ਬਣਦੇ ਜਾਣਗੇ, ਹੋਰ ਨਵੇਂ ਕਾਰਖਾਨੇ ਹਵਾ ਦੇ ਪਾਣੀ ਨੂੰ ਦੂਸ਼ਿਤ ਕਰਨਗੇ ਤਾਂ ਪ੍ਰਦੂਸ਼ਣ ਵਿੱਚ ਵਾਧਾ ਹੋਣਾ ਯਕੀਨੀ ਹੈ। ਧਰਤੀ ਉੱਤੇ ਰਹਿਣਾ ਮੁਸ਼ਕਿਲ ਹੋ ਜਾਵੇਗਾ। ਧਰਤੀ ਹੇਠਲੇ ਪਾਣੀ ਦੇ ਸੋਮੇ ਸੁੱਕਦੇ ਜਾਣਗੇ। ਸੋਕਾ ਤੇ ਕਾਲ ਦਾ ਖ਼ਤਰਾ ਵੱਧ ਜਾਵੇਗਾ। ਅਨੇਕਾਂ ਕਿਸਮ ਦੇ ਪਸ਼ੂ, ਪੰਛੀ, ਜੀਵ-ਜੰਤੂ, ਕੀੜੇ ਮਰ ਜਾਣਗੇ। ਬਰਫੀਲੇ ਪਹਾੜ ਸੁੰਗੜਦੇ ਜਾਣਗੇ। ਕੁਦਰਤ ਦਾ ਸਹਿਜ ਤੇ ਸੰਤੁਲਨ ਵਿਗੜ ਜਾਵੇਗਾ। ਅਮੀਰੀ ਦੀਆਂ ਹੋਰ ਸਿਖ਼ਰਾਂ ਛੂਣ ਲਈ ਕਾਰਪੋਰੇਟ ਜਗਤ ਦੀ ਹਵਸ ਵੱਧਦੀ ਜਾਵੇਗੀ। ਪਹਾੜਾਂ ਜੰਗਲਾਂ ਵਿੱਚ ਸਦੀਆਂ ਤੋਂ ਵਸੇ ਆਦਿ-ਵਾਸੀਆਂ ਨੂੰ ਆਪਣੇ ਘਰਾਂ ਵਿੱਚੋਂ ਉਜਾੜ ਕੇ, ਪਹਾੜਾਂ ਜੰਗਲਾਂ ਉੱਤੇ ਕਬਜ਼ਾ ਕਰਕੇ, ਨਵੇਂ ਕਾਰਖਾਨੇ ਖੋਲ੍ਹੇ ਜਾਣਗੇ। ਕੁਦਰਤੀ ਵਾਤਾਵਰਨ ਵਿੱਚ ਵਿਗਾੜ ਪੈਦਾ ਹੋਵੇਗਾ। ਤਬਾਹਕੁਨ ਘਟਨਾਵਾਂ ਨੂੰ ਵਾਪਰਨ ਤੋਂ ਰੋਕਿਆ ਨਹੀਂ ਜਾ ਸਕੇਗਾ। ਪਾਣੀ ਦੇ ਸੋਮੇ ਸੁੱਕ ਜਾਣਗੇ। ਕਾਲ ਦਾ ਖਤਰਾ ਪੈਦਾ ਹੋਵੇਗਾ।

ਬਹੁਤ ਸਾਰੇ ਅਗਾਂਹਵਧੂ ਦੇਸ਼ਾਂ ਵਿੱਚ ਬਿਰਖ ਕੱਟਣ ਦੀ ਸਖ਼ਤ ਮਨਾਹੀ ਹੈ। ਕੈਨੇਡਾ ਦੇ ਕੌਮੀ ਝੰਡੇ ਵਿੱਚ ਉਥੋਂ ਦੇ ਕੌਮੀ ਬਿਰਖ ਮੈਪਲ ਦਾ ਪੱਤਾ ਸ਼ਾਮਲ ਹੈ। ਪੰਜਾਬ ਵਿੱਚ ਬਹੁਤ ਸਾਰੇ ਗੁਰਦੁਆਰਿਆਂ ਦੇ ਨਾਮ ਰੁੱਖਾਂ 'ਤੇ ਅਧਾਰਿਤ ਹਨ ਜਿਵੇਂ ਝਾੜ ਸਾਹਿਬ, ਜੰਡ ਸਾਹਿਬ, .ਰੇਰੂ ਸਾਹਿਬ, ਟਾਹਲੀ ਸਾਹਿਬ ਆਦਿ। ਉਪਜਾਊ ਧਰਤੀ ਹੌਲੀ ਹੌਲੀ ਘੱਟਦੀ ਜਾ ਰਹੀ ਹੈ। ਥਾਂ ਥਾਂ ਰਿਹਾਇਸ਼ੀ ਬਸਤੀਆਂ ਉੱਸਰ ਰਹੀਆਂ ਹਨ। ਹਰੇ ਭਰੇ ਜੰਗਲ ਕੱਟ ਕੇ, ਕੰਕਰੀਟ ਦੇ ਜੰਗਲ ਉਸਾਰੇ ਜਾ ਰਹੇ ਹਨ। ਧਰਤੀ ਸੁੰਗੜ ਰਹੀ ਹੈ। ਧਰਤੀ ਉਤੇ ਸੇਮ ਤੇ ਕੱਲਰ ਨੇ ਹਮਲਾ ਕੀਤਾ ਹੋਇਆ ਹੈ। ਜੇ ਧਰਤੀ ਘਟਦੀ ਗਈ ਤਾਂ ਰੁੱਖਾਂ ਲਈ ਵੀ ਥਾਂ ਘਟਦੀ ਜਾਵੇਗੀ। ਹਰਿਆਵਲ ਤਪਸ਼ ਵਿੱਚ ਬਦਲ ਜਾਵੇਗੀ। ਧਰਤੀ ਵਿੱਚ ਅਸੀਂ ਬਹੁਤ ਗੰਦ ਮਿਲਾ ਰਹੇ ਹਾਂ। ਧਰਤੀ ਹੇਠਾਂ ਤਾਰਾਂ, ਪਾਈਪਾਂ, ਸੀਵਰੇਜ ਦੀ ਗੰਦਗੀ, ਕਾਰਖਾਨਿਆਂ ਦਾ ਜ਼ਹਿਰੀਲਾ ਮਾਦਾ ਮਿਲਾਇਆ ਜਾ ਰਿਹਾ ਹੈ। ਧਰਤੀ ਉੱਪਰ ਫਸਲਾਂ ਦਾ ਰਹਿੰਦ ਖੂੰਦ, ਘਾਹ ਫੂਸ ਸਾੜਿਆ ਜਾ ਰਿਹਾ ਹੈ। ਧਰਤੀ ਦਾ ਸੀਨਾ ਅੰਦਰੋਂ ਵਿੰਨ੍ਹਿਆ ਜਾ ਰਿਹਾ ਹੈ। ਪਾਣੀ ਦੀਆਂ ਭਰੀਆਂ ਸਮੁੰਦਰੀ ਹਵਾਵਾਂ ਸਾਡੇ ਪਹਾੜਾਂ ਨਾਲ ਟਕਰਾਉਂਣ ਤੋਂ ਪਹਿਲਾਂ ਹੀ ਤਪ ਜਾਂਦੀਆਂ ਹਨ, ਬਾਰਸ਼ ਕਿਵੇਂ ਬਰਸੇ। ਪਾਣੀ ਦੇ ਭਰੇ ਮੇਘਲੇ ਸਾਡੇ ਨਾਲ ਪਹਿਲਾਂ ਹੀ ਰੁੱਸ ਗਏ ਹਨ। ਵੀਰਵਾਰ ਦੀਆਂ ਝੜੀਆਂ ਹਫਤਾ ਹਫਤਾ ਤੱਕ ਬਰਸਦੀਆਂ ਸਨ। ਪਿੱਪਲ ਦੇ ਹਰੇ ਚੌੜੇ ਪੱਤੇ ਤੋੜ ਕੇ ਗਰਮ ਤਵੇ ਉੱਤੇ ਮਿੱਠੇ ਪੂੜੇ ਫੈਲਾਏ ਜਾਂਦੇ ਸਨ। ਹੁਣ ਤਾਂ ਵਾਤਾਵਰਣ ਦਾ ਸਾਵਾਂਪਨ ਹੀ ਨਹੀਂ ਰਿਹਾ। ਇਹ ਸਥਿਤੀ ਬਦਲਣੀ ਪਏਗੀ। ਸਾਨੂੰ ਦਰੱਖ਼ਤਾਂ ਹੇਠ ਰਕਬਾ ਵਧਾ ਕੇ ਮੁੜ ਹਰਿਆ ਭਰਿਆ ਵਾਤਾਵਰਣ ਬਣਾਉਣਾ ਪਏਗਾ।

# ਬੀਜ ਵਾਸਤੇ ਆਲੂ ਪੈਦਾ ਕਰਨ ਦੇ ਅਹਿਮ ਨੁਕਤੇ

• ਸਤਪਾਲ ਸ਼ਰਮਾ, ਦਿਲਬਾਗ ਸਿੰਘ

**ਪੰਜਾਬ 'ਚ ਪ੍ਰਤੀ ਹੈਕਟੇਅਰ ਪੈਦਾਵਾਰ 25.7 ਟਨ ਪ੍ਰਤੀ ਹੈਕਟੇਅਰ ਹੈ, ਜੋ ਕਿ ਭਾਰਤ ਦੇ ਬਾਕੀ ਸੂਬਿਆਂ ਨਾਲੋਂ ਵੱਧ ਹੈ। ਸੂਬੇ ਦੇ ਤਿੰਨ ਜ਼ਿਲ੍ਹੇ ਜਲੰਧਰ, ਕਪੂਰਥਲਾ ਤੇ ਹੁਸ਼ਿਆਰਪੁਰ ਕਰੀਬ 50 ਫ਼ੀਸਦੀ ਆਲੂ ਪੈਦਾ ਕਰਦੇ ਹਨ। ਆਲੂ ਉਤਪਾਦਨ ਦਾ 60 ਫ਼ੀਸਦੀ ਹਿੱਸਾ ਬੀਜ ਲਈ ਵਰਤਿਆ ਜਾਂਦਾ ਹੈ। ਦੇਸ਼ ਵਿਚ ਆਲੂ ਦੇ ਬੀਜ ਦੀ ਮੌਜੂਦਾ ਮੰਗ ਦੇ ਮੁਕਾਬਲੇ ਕਾਫੀ ਘੱਟ ਹੈ। ਇਸ ਲਈ ਆਲੂ ਦੀ ਬੀਜ ਦੇ ਤੌਰ 'ਤੇ ਪੈਦਾਵਾਰ ਹੋਰ ਵਧਾਉਣ ਦੀ ਲੋੜ ਹੈ।**



ਪਿਛਲੇ ਸਾਲ ਪੰਜਾਬ ਵਿਚ 93.0 ਹਜ਼ਾਰ ਹੈਕਟੇਅਰ ਰਕਬੇ 'ਚੋਂ 23.9 ਲੱਖ ਟਨ ਆਲੂ ਦੀ ਪੈਦਾਵਾਰ ਕੀਤੀ ਗਈ। ਪੰਜਾਬ 'ਚ ਪ੍ਰਤੀ ਹੈਕਟੇਅਰ ਪੈਦਾਵਾਰ 25.7 ਟਨ ਪ੍ਰਤੀ ਹੈਕਟੇਅਰ ਹੈ, ਜੋ ਕਿ ਭਾਰਤ ਦੇ ਬਾਕੀ ਸੂਬਿਆਂ ਨਾਲੋਂ ਵੱਧ ਹੈ। ਸੂਬੇ ਦੇ ਤਿੰਨ ਜ਼ਿਲ੍ਹੇ ਜਲੰਧਰ, ਕਪੂਰਥਲਾ ਤੇ ਹੁਸ਼ਿਆਰਪੁਰ ਕਰੀਬ 50 ਫ਼ੀਸਦੀ ਆਲੂ ਪੈਦਾ ਕਰਦੇ ਹਨ। ਆਲੂ ਉਤਪਾਦਨ ਦਾ 60 ਫ਼ੀਸਦੀ ਹਿੱਸਾ ਬੀਜ ਲਈ ਵਰਤਿਆ ਜਾਂਦਾ ਹੈ। ਦੇਸ਼ ਵਿਚ ਆਲੂ ਦੇ ਬੀਜ ਦੀ ਮੌਜੂਦਾ ਮੰਗ ਦੇ ਮੁਕਾਬਲੇ ਕਾਫੀ ਘੱਟ ਹੈ। ਇਸ ਲਈ ਆਲੂ ਦੀ ਬੀਜ ਦੇ ਤੌਰ 'ਤੇ ਪੈਦਾਵਾਰ ਹੋਰ ਵਧਾਉਣ ਦੀ ਲੋੜ ਹੈ।

**ਵਿਸ਼ਾਣੂ ਰੋਗ ਕਾਰਨ ਘਟਦਾ ਹੈ ਝਾੜ**

ਚੰਗੀ ਪੈਦਾਵਾਰ ਲਈ ਸਿਹਤਮੰਦ ਬੀਜ ਮੁਢਲੀ ਜ਼ਰੂਰਤ ਹੈ। ਆਲੂ ਦੀ ਫ਼ਸਲ 'ਚ ਇਸ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ ਕਿਉਂਕਿ ਇਸ ਦਾ ਮੂਲ ਬੀਜ ਆਲੂ ਹੀ ਹੈ। ਬੀਜ ਆਲੂ ਦੀ ਖੇਤੀ ਦਾ ਏਨਾ ਜ਼ਰੂਰੀ ਹਿੱਸਾ ਹੈ ਕਿ ਇਸ ਦੀ ਕੀਮਤ ਲਾਗਤ ਦਾ 50 ਫ਼ੀਸਦੀ ਹੁੰਦੀ ਹੈ। ਜੇ ਅਸੀਂ ਆਲੂ ਦਾ ਉਹੀ ਬੀਜ ਸਾਲ-ਦਰ-ਸਾਲ ਵਰਤਦੇ ਰਹਿੰਦੇ ਹਾਂ ਤਾਂ ਇਸ ਨਾਲ ਬੀਜ ਕਮਜ਼ੋਰ ਪੈ ਜਾਂਦਾ ਹੈ ਤੇ ਝਾੜ ਘਟ ਜਾਂਦਾ ਹੈ। ਝਾੜ ਘਟਣ ਦਾ ਮੁੱਖ ਕਾਰਨ ਵਿਸ਼ਾਣੂ ਰੋਗ ਹੁੰਦੇ ਹਨ। ਇਹ ਵਿਸ਼ਾਣੂ ਰੋਗ ਤੇਲੇ ਰਾਹੀਂ ਜਾਂ ਨੇੜਲੇ ਖੇਤਾਂ 'ਚੋਂ ਫ਼ਸਲ ਤਕ ਫ਼ੈਲਦਾ ਹੈ ਤੇ ਆਲੂ ਦੇ ਬੀਜ ਨੂੰ ਕਮਜ਼ੋਰ ਕਰਦਾ ਹੈ। ਆਲੂ ਦਾ ਮਿਆਰੀ ਬੀਜ ਤਦ ਪੈਦਾ ਕੀਤਾ ਜਾ ਸਕਦਾ ਹੈ ਜਦੋਂ ਤੇਲੇ ਦਾ ਹਮਲਾ ਨਾ ਹੋਵੇ। ਅਜਿਹਾ ਮੌਸਮ ਅਕਤੂਬਰ- ਜਨਵਰੀ ਦਰਮਿਆਨ ਹੁੰਦਾ ਹੈ। ਆਲੂ ਦੀ ਫ਼ਸਲ ਦੇ ਪੱਤੇ ਦਸੰਬਰ ਦੇ ਅਖ਼ੀਰ 'ਚ ਤੇਲੇ ਦੇ ਵਧਣ ਤੋਂ ਪਹਿਲਾਂ ਕੱਟ ਦਿੱਤੇ ਜਾਂਦੇ ਹਨ। ਇਸ ਦੇ ਨਾਲ ਹੀ ਦਵਾਈਆਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਜਿਸ ਨਾਲ ਤੇਲੇ ਨੂੰ ਕਾਬੂ ਕੀਤਾ ਜਾਂਦਾ ਹੈ।

**ਬਿਜਾਈ ਦਾ ਸਮਾਂ**

ਬੀਜ ਵਾਲੀ ਫ਼ਸਲ ਦੀ ਬਿਜਾਈ 5 ਤੋਂ 15 ਅਕਤੂਬਰ ਤਕ ਕਰ ਦੇਣੀ ਚਾਹੀਦੀ ਹੈ। ਬਿਜਾਈ ਦਾ ਫ਼ਾਸਲਾ 50 ਸੈਂਟੀਮੀਟਰ ਗੁਣਾ 15 ਸੈਂਟੀਮੀਟਰ ਰੱਖਣਾ ਚਾਹੀਦਾ ਹੈ। ਫ਼ਸਲ ਬੀਜਣ ਤੋਂ ਪਹਿਲਾਂ ਖੇਤ 'ਚ ਹਰੀ ਖਾਦ ਪਾਓ ਤੇ 2-3 ਸਾਲ ਦੇ ਫ਼ਸਲੀ ਚੱਕਰ ਅਪਣਾਓ। ਇਸ ਨਾਲ ਆਲੂ ਦੇ ਬੀਜ ਦੀ ਗੁਣਵੱਤਾ 'ਚ ਸੁਧਾਰ ਆਉਂਦਾ ਹੈ।

**ਬੀਜ ਦੀ ਸੋਧ**

ਕੋਲਡ ਸਟੋਰ 'ਚੋਂ ਆਲੂ ਕੱਢਣ ਉਪਰੰਤ, ਬਿਮਾਰੀ ਵਾਲੇ ਆਲੂਆਂ ਨੂੰ ਛਾਂਟ ਕੇ ਵੱਖ ਕਰ ਲਵੋ ਤੇ ਉਨ੍ਹਾਂ ਨੂੰ ਜ਼ਮੀਨ 'ਚ ਡੂੰਘਾ ਦਬਾਅ ਦੇਵੋ। ਬੀਜ ਨੂੰ ਖਰੀਂਢ ਰੋਗ, ਕਾਲੇ ਰੋਗ ਤੇ ਕੋਹੜ ਤੋਂ ਬਚਾਉਣ ਲਈ ਐਮੀਸਨ 2.5 ਗ੍ਰਾਮ ਪ੍ਰਤੀ ਲਿਟਰ ਪਾਣੀ ਜਾਂ ਮੋਨਸਰਨ 2.5 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦੇ ਘੋਲ 'ਚ 10 ਮਿੰਟ ਡੁਬੋ ਕੇ ਰੱਖੋ। ਬੀਜ ਨੂੰ ਬਿਜਾਈ ਤੋਂ 10-15 ਦਿਨ ਪਹਿਲਾਂ ਕੋਲਡ ਸਟੋਰ ਵਿੱਚੋਂ ਕੱਢ ਕੇ ਸੁਕਾ ਲਵੋ ਤੇ ਫਿਰ ਘੱਟ ਠੰਡੇ ਥਾਂ 'ਤੇ, ਜਿਥੇ ਤੇਜ਼ ਰੋਸ਼ਨੀ ਨਾ ਹੋਵੇ ਫੁਟਾਰਾ ਆਉਣ ਲਈ ਖਿਲਾਰ ਦਿਓ। ਆਲੂਆਂ 'ਤੇ ਆਇਆ ਇਹ ਫੁਟਾਰਾ ਆਲੂ ਦੇ ਜ਼ਮੀਨ ਵਿੱਚੋਂ ਬਾਹਰ ਨਿਕਲਣ, ਜ਼ਿਆਦਾ ਆਲੂ ਪੈਣ, ਬੀਜ ਵਾਲੇ ਅਕਾਰ ਦੇ ਜ਼ਿਆਦਾ ਆਲੂ ਬਣਨ 'ਚ ਸਹਾਈ ਹੁੰਦਾ ਹੈ। ਫੁਟਾਰੇ ਵਾਲੇ ਆਲੂ (40 ਤੋਂ 80 ਗ੍ਰਾਮ) ਜ਼ਿਆਦਾ ਮਾਤਰਾ 'ਚ ਬੀਜ ਵਾਲੇ ਆਲੂ ਪੈਦਾ ਕਰਦੇ ਹਨ ਜੋ ਵਿਸ਼ਾਣੂ ਰੋਗ ਤੋਂ ਰਹਿਤ ਹੁੰਦੇ ਹਨ।

**ਕੀਟਾਂ ਤੋਂ ਬਚਾਅ**

ਬੀਜ ਵਾਲੀ ਫ਼ਸਲ ਨੂੰ ਰਸ ਚੂਸਣ ਵਾਲੇ ਕੀੜਿਆਂ ਤੋਂ ਬਚਾਉਣ ਲਈ ਥਿਮਟ 10 ਜੀ (ਫੋਰੇਟ) 5 ਕਿੱਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਾਈ ਵੇਲੇ ਖੇਤ 'ਚ ਪਾਓ। ਇਸ ਤੋਂ ਬਾਅਦ 300 ਮਿਲੀਲਿਟਰ ਮੈਟਾਸਿਸਟੌਕਸ 20 ਤਾਕਤ 100 ਲਿਟਰ ਪਾਣੀ 'ਚ ਘੋਲ ਕੇ 40-45 ਦਿਨਾਂ ਬਾਅਦ ਸਪਰੇਅ ਕਰੋ।

**ਬਿਮਾਰੀਆਂ ਦੀ ਰੋਕਥਾਮ**

ਤੇਲਾ ਫ਼ਸਲ ਉੱਪਰ ਵਿਸ਼ਾਣੂ ਰੋਗ ਫੈਲਾਉਂਦਾ ਹੈ। ਇਨ੍ਹਾਂ ਰੋਗਾਂ ਵਿਚ ਪੱਤਿਆਂ ਦੇ ਮੁੜਣ ਦਾ ਰੋਗ, ਵਿਸ਼ਾਣੂ ਐਕਸ, ਵਿਸ਼ਾਣੂ ਵਾਈ ਤੇ ਵਿਸ਼ਾਣੂ-ਏ ਰੋਗ ਮੁੱਖ ਹਨ। ਵਿਸ਼ਾਣੂ ਰੋਗਾਂ 'ਤੇ ਕਾਬੂ ਪਾਉਣ ਲਈ ਆਲੂਆਂ ਉੱਪਰ ਬਿਜਾਈ ਵੇਲੇ ਮਿੱਟੀ ਦੀ ਮੋਟੀ ਪਰਤ ਚੜ੍ਹਾਓ। ਬੀਜ ਪੈਦਾ ਕਰਨ ਲਈ ਉਸ ਖੇਤ ਦੀ ਚੋਣ ਕਰੋ, ਜਿਸ 'ਚ ਆਲੂਆਂ ਦੇ ਖਰੀਂਢ ਰੋਗ, ਆਲੂਆਂ ਦਾ ਕੋਹੜ ਤੇ ਆਲੂਆਂ ਦਾ ਕਾਲਾ ਪੈਣਾ ਆਦਿ ਨਾ ਹੋਏ ਹੋਣ। ਬਿਮਾਰਿਆਂ ਦੇ ਹਮਲੇ ਤੋਂ ਬਚਾਅ ਲਈ ਇੰਡੋਫਿਲ ਐਮ-45 ਜਾਂ ਕਵਚ 500- 700 ਗ੍ਰਾਮ ਪ੍ਰਤੀ ਏਕੜ, ਜਦੋਂ ਬੂਟੇ 20-25 ਸੈਂਟੀਮੀਟਰ ਦੇ ਹੋ ਜਾਣ ਤਾਂ ਸਪਰੇਅ ਕਰੋ ਅਤੇ 10 ਦਿਨਾਂ ਬਾਅਦ ਇਹ ਸਪਰੇਅ ਦੁਬਾਰਾ ਕਰੋ। ਬੀਜ ਵਾਲੀ ਫ਼ਸਲ ਦਾ ਬਿਜਾਈ ਤੋਂ 50, 65 ਤੇ 80 ਦਿਨ ਬਾਅਦ ਨਿਰੀਖਣ ਕਰੋ ਤਾਂ ਜੋ ਅਣਚਾਹੇ ਬੂਟੇ ਅਤੇ ਬਿਮਾਰੀ ਵਾਲੇ ਬੂਟੇ ਖੇਤ ਵਿੱਚੋਂ ਪੁੱਟੇ ਜਾ ਸਕਣ। ਫ਼ਸਲ ਨੂੰ ਝੁਲਸ ਰੋਗ ਤੋਂ ਬਚਾਉਣ ਲਈ ਨਵੰਬਰ ਦੇ ਪਹਿਲੇ ਹਫ਼ਤੇ ਤੋਂ ਐਂਟਰਾਕੋਲ ਜਾਂ ਇੰਡੋਫਿਲ ਐਮ-45 ਜਾਂ ਕਵਚ 500-700 ਗ੍ਰਾਮ ਪ੍ਰਤੀ ਏਕੜ ਜਾਂ ਕਾਪਰ ਆਕਸੀਕਲੋਰਾਈਡ 50 ਤਾਕਤ ਪਾਊਡਰ 750- 1000 ਗ੍ਰਾਮ ਪ੍ਰਤੀ ਏਕੜ 250 ਤੋਂ 300 ਲਿਟਰ ਪਾਣੀ ਵਿਚ ਘੋਲ ਕੇ ਹਫ਼ਤੇ-ਹਫ਼ਤੇ ਦੇ ਵਕਫ਼ੇ 'ਤੇ ਪੰਜ ਸਪਰੇਅ ਕਰੋ। ਜੇ ਅਗੇਤਾ ਝੁਲਸ ਰੋਗ ਜ਼ਿਆਦਾ ਵਧ ਜਾਵੇ ਤਾਂ ਦੂਜੀ ਤੇ ਤੀਜੀ ਸਪਰੇਅ ਵੇਲੇ ਉਕਤ ਦਵਾਈਆਂ ਦੀ ਥਾਂ ਕਰੂਜੈਟ ਐੱਮ-8 ਜਾਂ ਰਿਡੋਮਿਲ ਗੋਲਡ ਦੀ 700 ਗ੍ਰਾਮ ਮਾਤਰਾ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਕਰੋ।

**ਤੇਲੇ ਦੀ ਰੋਕਥਾਮ**

ਨਦੀਨ ਨਾਸ਼ਕਾਂ ਦੀ ਵਰਤੋਂ ਨਾਲ ਖੇਤ ਵਿਚਲੇ ਤੇ ਨੇੜਲੇ ਨਦੀਨਾਂ ਨੂੰ ਖਤਮ ਕਰ ਦਿਓ, ਕਿਉਂਕਿ ਤੇਲਾ ਇਨ੍ਹਾਂ ਨਦੀਨਾਂ ਉੱਪਰ ਪਲਦਾ ਹੈ। ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਤਾਕਤ (ਪੈਂਡੀਮੈਥਾਲਿਨ) ਇਕ ਲਿਟਰ ਪ੍ਰਤੀ ਏਕੜ ਜਾਂ ਐਰੀਲੌਨ 75 ਤਾਕਤ (ਆਈਸੋਪਰੋਟਯੂਰਾਨ) 500 ਗ੍ਰਾਮ/ਏਕੜ ਜਾਂ ਸੈਨਕੋਰ 70 ਤਾਕਤ 200 ਗ੍ਰਾਮ ਪ੍ਰਤੀ ਏਕੜ ਨਦੀਨਾਂ ਦੇ ਜੰਮ ਤੋਂ ਪਹਿਲਾਂ ਤੇ ਪਹਿਲੇ ਪਾਣੀ ਤੋਂ ਬਾਅਦ ਖੇਤ 'ਚ ਸਪਰੇਅ ਕਰੋ। ਇਸ ਤੋਂ ਇਲਾਵਾ ਰੋਗਰ 30 ਤਾਕਤ 300 ਗ੍ਰਾਮ ਪ੍ਰਤੀ ਏਕੜ ਜਾਂ ਮੈਟਾਸਿਸਟੌਕਸ 25 ਤਾਕਤ ਤੇਲੇ ਦੀ ਆਮਦ ਵੇਲੇ ਤੇ ਇਕ ਸਪਰੇਅ ਬਾਅਦ ਚ 10 ਦਿਨ ਦੇ ਫ਼ਰਕ 'ਤੇ ਹੋਰ ਕਰੋ। 25 ਦਸੰਬਰ ਦੇ ਨੇੜੇ ਜਦੋਂ ਆਲੂ 50 ਗ੍ਰਾਮ ਦੇ ਕਰੀਬ ਹੋ ਜਾਣ ਅਤੇ ਤੇਲੇ ਦੀ ਗਿਣਤੀ 20 ਤੇਲੇ ਪ੍ਰਤੀ 100 ਪੱਤਾ ਹੋਵੇ ਤਾਂ ਬੂਟਿਆਂ ਦੇ ਪੱਤੇ ਕੱਟ ਦਿਓ। ਪੱਤਿਆਂ ਨੂੰ ਮਾਰਨ ਲਈ ਗਰਾਮੈਕਸ਼ੋਨ 1 ਲਿਟਰ ਦੀ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ ਕਰੋ।

**ਸਿੰਚਾਈ**

ਪਹਿਲਾ ਪਾਣੀ ਬਿਜਾਈ ਤੋਂ ਫੌਰਨ ਬਾਅਦ ਦਿਓ, ਜਿਸ ਨਾਲ ਬੂਟੇ ਜ਼ਲਦੀ ਜ਼ਮੀਨ ਤੋਂ ਬਾਹਰ ਆ ਜਾਂਦੇ ਹਨ। ਫਿਰ ਹਲਕੀ ਸਿੰਚਾਈ ਵਾਰ-ਵਾਰ ਕੀਤੀ ਜਾਵੇ ਤਾਂ ਜੋ ਆਲੂ ਦੀ ਫ਼ਸਲ ਵਧੀਆ ਹੋਵੇ। ਖ਼ਿਆਲ ਰੱਖੋ ਕਿ ਸਿੰਚਾਈ ਦਾ ਪਾਣੀ ਵੱਟਾਂ ਦੇ ਉੱਪਰ ਨਾ ਚੜ੍ਹੇ ਇਸ ਨਾਲ ਵੱਟਾਂ ਦੀ ਮਿੱਟੀ ਸੁੱਕ ਕੇ ਸਖ਼ਤ ਹੋ ਜਾਂਦੀ ਹੈ ਤੇ ਆਲੂਆਂ ਦੇ ਜ਼ਮੀਨ 'ਚੋਂ ਬਾਹਰ ਨਿਕਲਣ 'ਚ ਅੜਚਨ ਪੈਦਾ ਹੁੰਦੀ ਹੈ। ਬਾਅਦ ਵਿਚ 8 ਤੋਂ 10 ਦਿਨ ਬਾਅਦ ਸਿੰਚਾਈ ਕਰਦੇ ਰਹੋ। ਦਸੰਬਰ ਦੇ ਅੱਧ ਤਕ ਪਾਣੀ ਘਟਾ ਦਿਓ ਤੇ ਦਸੰਬਰ ਦੇ ਅਖ਼ੀਰ ਵਿਚ ਸਿੰਚਾਈ ਬਿਲਕੁਲ ਬੰਦ ਕਰ ਦਿਓ ਤਾਂ ਜੋ ਆਲੂ ਦੇ ਪੱਤੇ ਤੇਲੇ ਦੇ ਵਧਣ ਤੋਂ ਪਹਿਲਾਂ ਹੀ ਸੁੱਕ ਜਾਣ।

**ਆਲੂ ਦਾ ਝਾੜ**

ਉਸ ਦੀ ਕਿਸਮ, ਫ਼ਸਲ ਦੇ ਸਮੇਂ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਉੱਪਰ ਨਿਰਭਰ ਕਰਦਾ ਹੈ। ਇਕ ਏਕੜ ਬੀਜ ਵਾਲੀ ਫ਼ਸਲ ਵਿੱਚੋਂ ਕਰੀਬ 8 ਤੋਂ 10 ਏਕੜ ਲਈ ਬੀਜ ਮਿਲ ਸਕਦਾ ਹੈ।

• ਮੋਬਾਈਲ 99157-31974



# ਮਟਰਾਂ ਦੀ ਅਗੇਤੀ ਬਿਜਾਈ ਲਾਹੇਵੰਦ

ਜਿੰਦਰ ਕੁਮਾਰ ਢੱਲ×

ਅਗੇਤੇ ਮਟਰ ਥੋੜ੍ਹੇ ਸਮੇ ਦੀ ਫਸਲ ਹੈ ਅਤੇ ਵੱਖ-ਵੱਖ ਫਸਲੀ ਚੱਕਰ ਲਈ ਬਹੁਤ ਢੁੱਕਵੀ ਹੈ। ਠੀਕ ਵਾਧੇ ਲਈ ਮਟਰ ਨੂੰ 20 ਤੋਂ 25 ਡਿਗਰੀ ਸੈਂਟੀਗਰੇਡ ਤਾਪਮਾਨ ਦੀ ਲੋੜ ਹੁੰਦੀ ਹੈ। ਜੇਕਰ ਤਾਪਮਾਨ 30 ਡਿਗਰੀ ਸੈਂਟੀਗਰੇਡ ਤੋਂ ਵੱਧ ਜਾਵੇ ਤਾਂ ਬੂਟੇ ਉਗਣ ਸਮੇਂ ਹੀ ਮਰ ਜਾਂਦੇ ਹਨ।

ਜੇਕਰ ਫਸਲ ਵਧਣ ਸਮੇਂ ਤਾਪਮਾਨ ਜ਼ਿਆਦਾ ਰਹੇ ਤਾਂ ਉਖੇੜਾ ਅਤੇ ਤਣੇ ਦੀ ਮੱਖੀ ਬੂਟਿਆਂ ਦੀ ਗਿਣਤੀ ਘਟਾ ਕੇ ਪੈਦਾਵਾਰ ਵਿੱਚ ਨੁਕਸਾਨ ਕਰਦੀ ਹੈ। ਇਸ ਲਈ ਮਟਰਾਂ ਦੀ ਫਸਲ ਉਸ ਇਲਾਕੇ ਵਿੱਚ ਹੀ ਚੰਗੀ ਹੋ ਸਕਦੀ ਹੈ ਜਿਥੇ ਗਰਮੀ ਤੋਂ ਸਰਦੀ ਰੁੱਤ ਦਾ ਬਦਲਾਅ ਸਹਿਜੇ ਹੁੰਦਾ ਹੈ।

ਮਟਰ ਅਗੇਤਾ 7: ਇਸ ਦੇ ਬੂਟੇ ਛੇਤੀ ਵੱਧਣ ਵਾਲੇ ਹੁੰਦੇ ਹਨ। ਹਰ ਬੂਟੇ 'ਤੇ 15-18 ਭਰਵੀਆਂ ਫਲੀਆਂ ਲੱਗਦੀਆਂ ਤੇ ਹਰ ਫਲੀ ਵਿੱਚ 7-9 ਦਾਣੇ ਹੁੰਦੇ ਹਨ। ਫਲੀਆਂ ਦੀ ਲੰਬਾਈ ਦਰਮਿਆਨੀ (9.5 ਸੈਂਟੀਮੀਟਰ) ਅਤੇ ਸਿਰੇ ਤੋਂ ਥੋੜੀਆਂ ਮੁੜੀਆਂ ਹੁੰਦੀਆਂ ਹਨ। ਇਸ ਦੀਆਂ ਫਲੀਆਂ ਇਕੱਲੀਆਂ ਜਾਂ ਜੋੜੀਆਂ ਵਿੱਚ ਲੱਗਦੀਆਂ ਹਨ। ਇਸ ਦੀਆਂ ਫਲੀਆਂ ਵਿੱਚੋਂ ਲਗਪਗ 48 ਪ੍ਰਤੀਸ਼ਤ ਦਾਣੇ ਨਿਕਲਦੇ ਹਨ। ਅਗੇਤੀ ਕਿਸਮ ਹੈ ਅਤੇ 65-70 ਦਿਨਾਂ ਵਿੱਚ ਪਹਿਲੀ ਤੁੜਾਈ ਵਾਸਤੇ ਤਿਆਰ ਹੋ ਜਾਂਦੀ ਹੈ। ਇਸ ਕਿਸਮ ਦੀਆਂ ਹਰੀਆਂ ਫਲੀਆਂ ਦਾ ਝਾੜ 32 ਕੁਇੰਟਲ ਪ੍ਰਤੀ ਏਕੜ ਹੈ।

ਏ ਪੀ-3 (ਮਟਰ): ਇਹ ਅਗੇਤੀ ਕਿਸਮ ਹੈ ਅਤੇ ਇਸ ਦੇ ਬੂਟੇ ਮਧਰੇ ਹੁੰਦੇ ਹਨ । ਫਲੀਆਂ ਦੀ ਲੰਬਾਈ ਦਰਮਿਆਨੀ (8.85 ਸੈਂਟੀਮੀਟਰ) ਅਤੇ ਸਿਰੇ ਤੋ ਮੁੜੀਆਂ ਹੁੰਦੀਆਂ ਹਨ। ਇਸ ਦੀਆਂ ਫਲੀਆਂ ਇਕੱਲੀਆਂ ਜਾਂ ਜੋੜੀਆਂ ਵਿੱਚ ਲੱਗਦੀਆਂ ਹਨ । ਹਰ ਫਲੀ ਵਿੱਚ 7-8 ਦਾਣੇ ਹੁੰਦੇ ਹਨ ਅਤੇ ਫਲੀਆਂ ਵਿੱਚੋ ਲਗਭਗ 50 ਪ੍ਰਤੀਸ਼ਤ ਦਾਣੇ ਨਿਕਲਦੇ ਹਨ। ਇਸ ਦੇ ਦਾਣੇ ਮੋਟੇ, ਝੁਰੜੀਆਂ ਵਾਲੇ ਅਤੇ ਹਰੇ ਰੰਗ ਦੇ ਹੁੰਦੇ ਹਨ। ਇਹ ਕਿਸਮ 65-70 ਦਿਨਾਂ ਵਿੱਚ ਪਹਿਲੀ ਤੁੜਾਈ ਵਾਸਤੇ ਤਿਆਰ ਹੋ ਜਾਂਦੀ ਹੈ, ਜੇਕਰ ਇਸ ਨੂੰ ਅਕਤੂਬਰ ਦੇ ਦੂਜੇ ਹਫਤੇ ਬੀਜਿਆ ਜਾਵੇ। ਇਸ ਕਿਸਮ ਦੀਆਂ ਹਰੀਆਂ ਫਲੀਆਂ ਦਾ ਝਾੜ 31.5 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

ਪੰਜਾਬ 89: ਇਸਦੇ ਬੂਟੇ ਦਰਮਿਆਨੇ ਲੰਮੇ, ਨਰੋਏ ਅਤੇ ਸਿੱਧੇ ਹੁੰਦੇ ਹਨ। ਇਸ ਵਿੱਚ ਜ਼ਿਆਦਾ (28-30) ਫ਼ਲੀਆਂ ਲੱਗਦੀਆਂ ਹਨ। ਇਸ ਦੀਆਂ ਫ਼ਲੀਆਂ ਦਿਲ ਖਿਚ੍ਹਵੀਆਂ ਗੂੜ੍ਹੀਆਂ ਹਰੀਆਂ ਹੁੰਦੀਆਂ ਹਨ ਅਤੇ ਹਰ ਫ਼ਲੀ ਵਿੱਚ 9-10 ਦਾਣੇ ਹੁੰਦੇ ਹਨ। ਫ਼ਲੀਆਂ ਆਮ ਤੌਰ 'ਤੇ ਜੋੜਿਆਂ ਵਿੱਚ ਲੱਗਦੀਆਂ ਹਨ। ਇਹ ਕਿਸਮ 100 ਦਿਨਾਂ ਵਿੱਚ ਪਹਿਲੀ ਤੁੜਾਈ ਵਾਸਤੇ ਤਿਆਰ ਹੋ ਜਾਂਦੀ ਹੈ। ਇਸਦੇ ਦਾਣੇ ਬੜੇ ਮਿੱਠੇ ਹੁੰਦੇ ਹਨ ਅਤੇ ਇਸਦੀਆਂ ਫ਼ਲੀਆਂ ਵਿਚੋਂ 55 ਪ੍ਰਤੀਸ਼ਤ ਦਾਣੇ ਨਿਕਲਦੇ ਹਨ। ਇਹ ਕਿਸਮ 60 ਕੁਇੰਟਲ (ਹਰੀਆਂ ਫ਼ਲੀਆਂ) ਪ੍ਰਤੀ ਏਕੜ ਝਾੜ ਦਿੰਦੀ ਹੈ।

ਸਤੰਬਰ ਦੇ ਮਹੀਨੇ ਵਿੱਚ ਬੀਜੀ ਇਹ ਫ਼ਸਲ ਨੂੰ ਉਖੇੜਾ ਰੋਗ ਬਹੁਤ ਲੱਗਦਾ ਹੈ। ਇਸ ਲਈ ਮੈਦਾਨੀ ਇਲਾਕਿਆਂ ਵਿੱਚ ਬਿਜਾਈ ਕਰਨ ਲਈ ਸਭ ਤੋਂ ਉਤਮ ਸਮਾਂ ਅਕਤੂਬਰ ਦੇ ਪਹਿਲੇ ਹਫ਼ਤੇ ਤੋਂ ਅੱਧ ਨਵੰਬਰ ਤੱਕ ਹੈ। ਮਸ਼ੀਨੀ ਬਿਜਾਈ ਲਈ ਅਗੇਤੀਆਂ ਕਿਸਮਾਂ ਦਾ 45 ਕਿਲੋ ਅਤੇ ਮੁੱਖ ਸਮੇਂ ਦੀਆਂ ਕਿਸਮਾਂ ਦਾ 30 ਕਿਲੋ ਬੀਜ ਪ੍ਰਤੀ ਏਕੜ ਲੱਗਦਾ ਹੈ। ਹੱਥਾਂ ਨਾਲ ਬਿਜਾਈ ਕਰਨ 'ਤੇ ਬੀਜ ਦੀ ਮਾਤਰਾ ਘੱਟ ਲਗਦੀ ਹੈ। ਅਗੇਤੀਆਂ ਕਿਸਮਾਂ ਲਈ ਫ਼ਾਸਲਾ 3075 ਸੈਂਟੀਮੀਟਰ ਤੇ ਮੁੱਖ ਮੌਸਮ ਦੀਆਂ ਕਿਸਮਾਂ ਲਈ 3010 ਸੈਂਟੀਮੀਟਰ ਰੱਖਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਮਟਰਾਂ ਦੀ ਬਿਜਾਈ ਸਮੇਂ ਠੀਕ ਵੱਤਰ ਹੋਵੇ।

ਮਟਰਾਂ ਦੀ ਬਿਜਾਈ ਖਾਦ ਡਰਿਲ ਨਾਲ ਵੱਟਾਂ 'ਤੇ ਵੀ ਕੀਤੀ ਜਾ ਸਕਦੀ ਹੈ। ਇਸ ਲਈ ਵੱਟਾਂ 60 ਸੈਂਟੀਮੀਟਰ ਚੌੜੀਆਂ ਰੱਖੋ ਅਤੇ ਹਰ ਵੱਟ ਉਤੇ 25 ਸੈਂਟੀਮੀਟਰ ਦੂਰੀ ਦੀਆਂ ਦੋ ਕਤਾਰਾਂ ਵਿੱਚ ਬਿਜਾਈ ਕਰੋ। ਇਸ ਡਰਿੱਲ ਨਾਲ ਇੱਕ ਘੰਟੇ ਵਿੱਚ ਇੱਕ ਏਕੜ ਦੀ ਬਿਜਾਈ ਕੀਤੀ ਜਾ ਸਕਦੀ ਹੈ।

ਟੀਕਾ ਤੇ ਬੀਜ ਸੋਧਣਾ: ਮਟਰਾਂ ਨੂੰ ਬਿਜਾਈ ਤੋਂ ਪਹਿਲਾਂ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਾਓ ਕਿਉਕਿ ਇਸ ਨਾਲ ਝਾੜ ਵੱਧ ਜਾਂਦਾ ਹੈ। ਇਹ ਟੀਕਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦ ਮਾਈਕਰੋਬਾਇਓਲੋਜੀ ਵਿਭਾਗ ਵਿੱਚੋਂ ਮਿਲਦਾ ਹੈ।



ਅਗੇਤੀ ਬੀਜੀ ਫਸਲ ਨੂੰ ਉਖੇੜਾ ਰੋਗ ਬਹੁਤ ਲੱਗਦਾ ਹੈ। ਇਸ ਲਈ ਬੀਜ ਨੂੰ ਬੀਜਣ ਤੋਂ ਪਹਿਲਾਂ ਇੱਕ ਗ੍ਰਾਮ ਬਾਵਿਸਟਨ ਜਾਂ 2 ਗ੍ਰਾਮ ਕੈਪਟਾਨ ਜਾਂ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ 15 ਗ੍ਰਾਮ+1 ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬੀਜਣਾ ਚਾਹੀਦਾ ਹੈ। ਮਟਰਾਂ ਦੇ ਬੀਜ ਨੂੰ ਸੋਧਣ ਲਈ ਅੱਧੇ ਲਿਟਰ ਪਾਣੀ ਵਿੱਚ ਰਾਈਜ਼ੋਬੀਅਮ ਦੇ ਟੀਕੇ ਦਾ ਪੈਕਟ (ਇੱਕ ਏਕੜ ਵਾਲਾ) ਅਤੇ 90 ਗ੍ਰਾਮ ਕੈਪਟਾਨ ਜਾਂ 45 ਗ੍ਰਾਮ ਬਾਵਿਸਟਨ ਜਾਂ 45 ਗ੍ਰਾਮ ਬਾਵਿਸਟਾਨ ਜਾਂ ਸੂਡੋਮੋਨਾਸ ਫਲਰੇਸੈਂਸ ਫਾਰਮੂਲੇਸ਼ਨ 675 ਗ੍ਰਾਮ+45 ਗ੍ਰਾਮ ਕੈਪਟਾਨ ਰਲਾ ਦਿਓ। ਫਿਰ ਇਸ ਘੋਲ ਨੂੰ 45 ਕਿਲੋ ਬੀਜ ਵਿਚ ਚੰਗੀ ਤਰ੍ਹਾਂ ਮਿਲਾ ਦਿਓ। ਬੀਜ ਨੂੰ ਛਾਂਵੇ ਸੁਕਾ ਕੇ ਉਸੇ ਦਿਨ ਖੇਤ ਵਿਚ ਬੀਜ ਦਿਓ।

ਖਾਦਾਂ: ਮਟਰ ਵਾਸਤੇ ਏਕੜ ਪਿਛੇ 8 ਟਨ ਗੋਹੇ ਦੀ ਰੂੜੀ, 20 ਕਿਲੋ ਨਾਈਟ੍ਰੋਜਨ (45 ਕਿਲੋ ਯੂਰੀਆ) ਅਤੇ 25 ਕਿਲੋ ਫਾਸਫੋਰਸ (155 ਕਿਲੋ ਸੁਪਰਫਾਸਫੇਟ) ਬਿਜਾਈ ਤੋਂ ਪਹਿਲਾਂ ਖੇਤ ਵਿੱਚ ਪਾਓ। ਇਹ ਸਾਰੀਆਂ ਖਾਦਾਂ ਬਿਜਾਈ ਤੋਂ ਪਹਿਲਾਂ ਪਾਉਣੀਆਂ ਚਾਹੀਦੀਆਂ ਹਨ। ਨਦੀਨਾਂ ਦੀ ਰੋਕਥਾਮ: ਬੀਜ ਉਗਣ ਤੋਂ 4 ਅਤੇ 8 ਹਫ਼ਤਿਆਂ ਪਿੱਛੋਂ ਗੋਡੀ ਕਰਕੇ ਖੇਤ ਨੂੰ ਨਦੀਨਾਂ ਤੋਂ ਮੁਕਤ ਰੱਖੋ । ਮਟਰਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਤਾਕਤ (ਪੈਂਡੀਮੈਥਾਲਿਨ) ਇੱਕ ਲਿਟਰ ਜਾਂ ਐਫ਼ਾਲੋਨ 50 ਤਾਕਤ (ਲੀਨੂਰੋਨ) 500 ਗ੍ਰਾਮ ਪ੍ਰਤੀ ਏਕੜ, ਨਦੀਨ ਉਗਣ ਤੋਂ ਪਹਿਲਾਂ ਬਿਜਾਈ ਤੋਂ ਦੋ ਦਿਨਾਂ ਦੇ ਵਿੱਚ ਵਰਤੋ । ਨਦੀਨ ਨਾਸ਼ਕ ਨੂੰ 150 ਤੋਂ 200 ਲਿਟਰ ਪਾਣੀ ਵਿੱਚ ਘੋਲ ਲਵੋ ਅਤੇ ਖੇਤ ਵਿੱਚ ਇੱਕਸਾਰ ਛਿੜਕਾਅ ਕਰੋ। ਇਹ ਨਦੀਨ ਨਾਸ਼ਕ ਚੌੜੇ ਪੱਤੇ ਵਾਲੇ ਤੇ ਘਾਹ ਵਾਲੇ ਨਦੀਨ, ਜਿਨ੍ਹਾਂ ਵਿੱਚ ਗੁੱਲੀ ਡੰਡਾ ਆਦਿ ਸ਼ਾਮਲ ਹਨ, ਉਤੇ ਕਾਬੂ ਪਾ ਸਕਦੇ ਹਨ ।

ਸਿੰਚਾਈ: ਬਿਜਾਈ ਠੀਕ ਵੱਤਰ ਵਿੱਚ ਕਰੋ। ਪਹਿਲਾ ਪਾਣੀ ਬਿਜਾਈ ਤੋਂ 15-20 ਦਿਨ ਬਾਅਦ ਲਾਉ। ਅਗਲਾ ਪਾਣੀ ਫੁੱਲ ਆਉਣ ਤੇ ਅਤੇ ਫਿਰ ਅਗਲਾ ਫ਼ਲ ਪੈਣ 'ਤੇ ਜੇ ਜ਼ਰੂਰਤ ਹੋਵੇ ਤਾਂ ਲਾਓ । ਮਟਰ ਦੀ ਫ਼ਸਲ ਬਰਾਨੀ ਹਾਲਤਾਂ ਵਿੱਚ ਵੀ ਘੱਟ ਸਿੰਚਾਈਆਂ ਨਾਲ ਉਗਾਈ ਜਾ ਸਕਦੀ ਹੈ। ਜ਼ਮੀਨ ਦੀ ਕਿਸਮ ਅਤੇ ਮੌਸਮ ਮੁਤਾਬਕ ਕੁੱਲ 3-4 ਪਾਣੀਆਂ ਦੀ ਲੋੜ ਹੈ

ਕੀੜੇ: ਥਰਿੱਪ (ਜੂੰ) ਕੀੜਾ ਰਸ ਚੂਸ ਕੇ ਫ਼ਸਲ ਦਾ ਬਹੁਤ ਨੁਕਸਾਨ ਕਰਦਾ ਹੈ। ਹਮਲਾ ਹੋਣ ਦੀ ਸੂਰਤ ਵਿੱਚ 400 ਮਿਲੀਲਿਟਰ ਰੋਗਰ 30 ਈਸੀ(ਡਾਈਮੈਥੋਏਟ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਲੋੜ ਪੈਣ 'ਤੇ ਇਕ ਛਿੜਕਾਅ 15 ਦਿਨਾਂ ਪਿੱਛੋਂ ਹੋਰ ਕਰੋ ।

ਮਟਰਾਂ ਦੇ ਸੁਰੰਗੀ ਕੀੜੇ ਦੀਆਂ ਸੁੰਡੀਆਂ ਪੱਤਿਆਂ ਵਿੱਚ ਸੁਰੰਗਾਂ ਬਣਾ ਲੈਂਦੀਆਂ ਅਤੇ ਪੱਤੇ ਨੂੰ ਅੰਦਰੋਂ ਖਾਂਦੀਆਂ ਹਨ। ਦਸੰਬਰ ਤੋਂ ਮਾਰਚ ਦੌਰਾਨ ਇਹ ਬਹੁਤ ਨੁਕਸਾਨ ਕਰਦੇ ਹਨ। ਚੇਪਾ ਵੀ ਰਸ ਚੂਸਦਾ ਹੈ ਇਨ੍ਹਾਂ ਦੀ ਰੋਕਥਾਮ ਲਈ ਵੀ ਉਹੀ ਵਿਧੀ ਅਪਣਾਓ ਜ ਥਰਿੱਪ ਦੀ ਰੋਕਥਾਮ ਵਾਸਤੇ ਦੱਸੀ ਗਈ ਹੈ। ਕਈ ਵਾਰ ਅਗੇਤੀ ਬੀਜੀ ਫਸਲ 'ਤੇ ਤਣੇ ਦੀ ਮੱਖੀ ਦਾ ਹਮਲਾ ਹੋ ਜਾਂਦਾ ਹੈ ਜ ਇਸ ਦੇ ਬਚਾਅ ਲਈ ਬਿਜਾਈ ਸਮੇ ਸਿਆੜਾਂ ਵਿਚ 3 ਕਿਲੋ ਥਿਮਟ 10 ਜੀ ਜਾਂ 10 ਕਿਲੋ ਫੂਰਾਡਾਨ 3 ਜੀ ਦਾਣੇਦਾਰ ਦਵਾਈ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ।

ਚਿੱਟਾ ਰੋਗ: ਇਸ ਰੋਗ ਨਾਲ ਚਿੱਟੇ ਆਟੇ ਵਰਗੇ ਧੱਬੇ ਪੌਦਿਆਂ ਦੇ ਤਣਿਆਂ, ਸ਼ਾਖਾਂ, ਪੱਤਿਆਂ ਅਤੇ ਫ਼ਲੀਆਂ ਉਤੇ ਪੈਦਾ ਹੋ ਜਾਦੇ ਹਨ। ਪੰਜਾਬ ਵਿੱਚ ਚਿੱਟਾ ਰੋਗ ਆਮ ਤੌਰ 'ਤੇ ਅੱਧ ਫਰਵਰੀ ਤੋਂ ਮਾਰਚ ਵਿੱਚ ਆਉਂਦਾ ਹੈ ਜਦ ਫਸਲ ਖ਼ਤਮ ਹੋਣ ਨੇੜੇ ਹੁੰਦੀ ਹੈ ਜਿਸ ਕਰਕੇ ਝਾੜ ਦਾ ਨੁਕਸਾਨ ਨਹੀਂ ਹੁੰਦਾ। ਇੱਕ ਏਕੜ ਫ਼ਸਲ ਉਤੇ 80 ਮਿਲੀਲਿਟਰ ਕੈਰਾਥੇਨ 40 ਤਾਕਤ ਜਾਂ 600 ਗ੍ਰਾਮ ਸਲਫ਼ੈਕਸ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਤਿੰਨ ਛਿੜਕਾਅ 10 ਦਿਨਾਂ ਦੇ ਵਕਫ਼ੇ 'ਤੇ ਕਰੋ। ਬੀਜ ਨੂੰ ਬੀਜਣ ਤੋਂ ਪਹਿਲਾਂ ਇੱਕ ਗ੍ਰਾਮ ਬਾਵਿਸਟਨ ਜਾਂ 2 ਗ੍ਰਾਮ ਕੈਪਟਾਨ ਜਾਂ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ 15 ਗ੍ਰਾਮ+1 ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬੀਜਣਾ ਚਾਹੀਦਾ ਹੈ ।×

## ਸੰਪਾਦਕੀ

# ਸਾਫ਼ ਪਾਣੀ ’ਤੇ ਗੰਧਲੀ ਸਿਆਸਤ

ਪਿਛਲੇ ਕੁਝ ਦਿਨਾਂ ਦੌਰਾਨ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੇ ਮੁੱਦੇ ’ਤੇ ਬਹਿਸ ਲਗਾਤਾਰ ਚੱਲਦੀ ਰਹੀ ਹੈ ਅਤੇ ਇਹ ਮੁੱਦਾ ਅਖ਼ਬਾਰਾਂ ਦੀਆਂ ਸੁਰਖ਼ੀਆਂ ’ਚ ਵੀ ਛਾਇਆ ਰਿਹਾ ਹੈ। ਇਸ ਮਸਲੇ ਨੂੰ ਲੈ ਕੇ ਪਿਛਲੇ ਕੁਝ ਸਮੇਂ ਤੋਂ ਰਾਜਾਂ ਦਰਮਿਆਨ ਖਿੱਚੋਤਾਣ ਅਤੇ ਦੂਸ਼ਣਬਾਜ਼ੀ ਬਹੁਤ ਵਧ ਗਈ ਹੈ ਜੋ ਸਿਆਸੀ ਭਾਹ ਮਾਰਦੀ ਹੈ। ਭਾਖੜਾ ਨੰਗਲ ਡੈਮ ਨੂੰ ਸੰਚਾਲਿਤ ਕਰਨ ਵਾਲੇ ਇਸ ਪ੍ਰਬੰਧਕੀ ਬੋਰਡ ’ਚ ਪੰਜਾਬ ਦੀ ਭੂਮਿਕਾ ਲਗਾਤਾਰ ਸੀਮਤ ਕੀਤੀ ਜਾ ਰਹੀ ਹੈ। ਜਿਸ ਵੇਲੇ ਇਹ ਡੈਮ ਪੰਜਾਬ ਦੀ ਧਰਤੀ ’ਤੇ ਹੋਂਦ ’ਚ ਆਇਆ, ਉਦੋਂ ਇਸ ਦੇ ਪ੍ਰਬੰਧਾਂ ਨੂੰ ਲੈ ਕੇ ਕੋਈ ਮਸਲਾ ਨਹੀਂ ਸੀ ਕਿਉਂਕਿ ਉਦੋਂ ਪੰਜਾਬ ਅਣਵੰਡਿਆ ਸੀ। ਸੰਨ 1966 ਵਿੱਚ ਇਸ ਵਿੱਚੋਂ ਹਰਿਆਣਾ ਨੇ ਜਨਮ ਲਿਆ ਅਤੇ ਪੰਜਾਬ ਦੇ ਕੁਝ ਹਿੱਸੇ ਉਸ ਸਮੇਂ ਹਿਮਾਚਲ ਪ੍ਰਦੇਸ਼ (ਜੋ 1 ਨਵੰਬਰ 1956 ਨੂੰ ਯੂਟੀ ਬਣਿਆ ਸੀ) ’ਚ ਰਲਾ ਦਿੱਤੇ ਗਏ। ਸਾਂਝੇ ਪੰਜਾਬ ਦੇ ਇਸ ਪੁਨਰਗਠਨ ਨਾਲ ਡੈਮ ਦੇ ਪ੍ਰਬੰਧਕੀ ਬੋਰਡ ਵਿੱਚ ਪੁਨਰਗਠਿਤ ਸੂਬਿਆਂ ਦੇ ਨੁਮਾਇੰਦਿਆਂ ਨੂੰ ਵੀ ਸ਼ਾਮਿਲ ਕੀਤਾ ਗਿਆ। ਹੌਲੀ-ਹੌਲੀ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ’ਚ ਵੱਖ-ਵੱਖ ਰਾਜਾਂ ਦੀਆਂ ਜ਼ਿੰਮੇਵਾਰੀਆਂ ਅਤੇ ਹੱਕਾਂ ਨੂੰ ਲੈ ਕੇ ਮਸਲੇ ਤੇ ਵਿਵਾਦ ਉੱਭਰਨ ਲੱਗੇ। ਡੈਮ ਦੇ ਪ੍ਰਬੰਧਨ ਬਾਰੇ ਹਾਲ ਹੀ ’ਚ ਛਪੀਆਂ ਖ਼ਬਰਾਂ ਦੀਆਂ ਕੁਝ ਸੁਰਖ਼ੀਆਂ ਇਉਂ ਹਨ:

ਇਨ੍ਹਾਂ ਸੁਰਖ਼ੀਆਂ ਹੇਠ ਛਪੀਆਂ ਵਿਸ਼ਲੇਸ਼ਣਾਤਮਕ ਖ਼ਬਰਾਂ ਤੋਂ ਲੱਗਦਾ ਹੈ ਕਿ ਕੇਂਦਰ ਸਰਕਾਰ ਵੱਲੋਂ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ’ਚੋਂ ਪੰਜਾਬ ਦੇ ਹੱਕ ਅਤੇ ਦਾਅਵੇ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ। ਆਜ਼ਾਦੀ ਤੋਂ ਬਾਅਦ ਪੰਜਾਬ ’ਚ ਜਨਮੀ ਅਤੇ ਪ੍ਰਵਾਨ ਚੜ੍ਹੀ ਪੀੜ੍ਹੀ ਲਈ ਭਾਖੜਾ ਡੈਮ ਤੋਂ ਪੈਦਾ ਹੁੰਦੀ ਬਿਜਲੀ ਅਤੇ ਇਸ ’ਚੋਂ ਨਿਕਲੀਆਂ ਨਹਿਰਾਂ ਮਹਿਜ਼ ਵਿਕਾਸ ਦੇ ਪ੍ਰਤੀਕ ਨਹੀਂ ਸਗੋਂ ਇਸ ਦੀ ਮਾਨਸਿਕਤਾ ਦਾ ਹਿੱਸਾ ਹਨ। ਉਦੋਂ ਨੰਦ ਲਾਲ ਨੂਰਪੁਰੀ ਦਾ ਲਿਖਿਆ ਪ੍ਰਚੱਲਿਤ ਗੀਤ ‘ਭਾਖੜੇ ਤੋਂ ਆਉਂਦੀ ਮੁਟਿਆਰ ਨੱਚਦੀ’ ਸਾਡੀ ਲੋਕਧਾਰਾ ਦਾ ਹਿੱਸਾ ਐਵੇਂ ਤਾਂ ਨਹੀਂ ਬਣਿਆ। ਇੱਥੇ ‘ਮੁਟਿਆਰ’ ਦਾ ਮਤਲਬ ਭਾਖੜਾ ਤੋਂ ਨਿਕਲਦੀ ਵੱਡੀ ਨਹਿਰ ਹੈ ਜਿਸ ਨੇ ਸੂਬੇ ਦੀ ਹਜ਼ਾਰਾਂ ਏਕੜ ਭੂਮੀ ਨੂੰ ਸਾਫ਼ ਸ਼ਫਾਫ ਪਾਣੀ ਨਾਲ ਜ਼ਰਖ਼ੇਜ਼ ਬਣਾਇਆ ਅਤੇ ਇਨ੍ਹਾਂ ਪਾਣੀਆਂ ਨੇ ਪੰਜਾਬ ਵਿੱਚ ਹਰੀ ਕ੍ਰਾਂਤੀ ਲਿਆਉਣ ਵਿੱਚ ਅਹਿਮ ਯੋਗਦਾਨ ਪਾਇਆ। ਸਾਡੇ ਬਜ਼ੁਰਗ ਦੱਸਦੇ ਸਨ ਕਿ ਜਦੋਂ ਉਨ੍ਹਾਂ ਨੇ ਪਹਿਲੀ ਵਾਰੀ ਏਡੇ ਉੱਚੇ ਭਾਖੜਾ ਡੈਮ (ਜੋ ਏਸ਼ੀਆ ਦਾ ਦੂਜਾ ਸਭ ਤੋਂ ਉੱਚਾ ਡੈਮ ਹੈ) ਬਾਰੇ ਸੁਣਿਆ ਤਾਂ ਉਨ੍ਹਾਂ ਨੂੰ ਹੈਰਾਨੀ ਭਰੀ ਖ਼ੁਸ਼ੀ ਹੋਈ ਸੀ। ਇਸ ਦੀ ਗੋਬਿੰਦ ਸਾਗਰ ਝੀਲ ਦਾ ਨਾਂ ?ਤਾਂ ਪੰਜਾਬੀਆਂ ਨੂੰ ਦਸਮ ਗੁਰੂ ਨਾਲ ਜੋੜਦਾ ਹੈ। ਉਨ੍ਹਾਂ ਦਹਾਕਿਆਂ ਦੌਰਾਨ ਪੰਜਾਬੀ ਪਰਿਵਾਰ ਜਦੋਂ ਆਨੰਦਪੁਰ ਸਾਹਿਬ, ਨੈਣਾ ਦੇਵੀ ਜਾਂ ਫਿਰ ਇਸੇ ਰਾਹੇ ਕਾਂਗੜਾ ਜਾਂ ਧਰਮਸ਼ਾਲਾ ਜਾਂਦੇ ਤਾਂ ਰਾਹ ਵਿੱਚ ਆਪਣੇ ਬੱਚਿਆਂ ਨੂੰ ਭਾਖੜਾ ਡੈਮ ਦਿਖਾਉਣਾ ਨਾ ਭੁੱਲਦੇ। ਬਰਤਾਨਵੀ ਹਕੂਮਤ ਤੋਂ ਆਜ਼ਾਦੀ ਹਾਸਲ ਕਰਨ ਮਗਰੋਂ ਇਸ ਡੈਮ ਦੀ ਉਸਾਰੀ ਭਾਰਤ ਲਈ ਇੱਕ ਵੱਡੀ ਪ੍ਰਾਪਤੀ ਸੀ ਅਤੇ ਪੰਜਾਬ ਲਈ ਮਾਣਮੱਤਾ ਸਰਮਾਇਆ ਕਿਉਂਕਿ ਸਾਂਝੇ ਪੰਜਾਬ ਦਾ ਇਹ ਪਹਿਲਾ ਵਿਸ਼ਾਲ ਡੈਮ ਅਤੇ ਪ੍ਰੋਜੈਕਟ ਸੀ। ਕਿਹਾ ਜਾ ਸਕਦਾ ਹੈ ਕਿ ਭਾਖੜਾ ਡੈਮ ਪੰਜਾਬ ਦੇ ਵਿਕਾਸ ਨਾਲ ਹੀ ਨਹੀਂ ਜੁੜਿਆ ਹੋਇਆ ਸਗੋਂ ਇਹ ਇਸ ਦੇ ਲੋਕਾਂ ਦੀ ਮਾਨਸਿਕਤਾ ’ਤੇ ਵੀ ਡੂੰਘਾ ਉੱਕਰਿਆ ਹੋਇਆ ਹੈ। ਇਸ ਨੇ ਪੰਜਾਬ ਦੀ ਮਿੱਟੀ ਨੂੰ ਹੀ ਨਹੀਂ ਸਗੋਂ ਇਸ ਦੇ ਸੱਭਿਆਚਾਰ ਨੂੰ ਵੀ ਜ਼ਰਖ਼ੇਜ਼ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

ਇਸ ਡੈਮ ਦੇ ਮੁੱਢ ਦੀ ਗੱਲ ਕਰਦਿਆਂ ਇਹ ਤੱਥ ਸਾਹਮਣੇ ਆਉਂਦੇ ਹਨ: ਇਸ ਦਾ ਸੰਕਲਪ ਸਰ ਛੋਟੂ ਰਾਮ ਨੇ 1923 ਵਿੱਚ ਦਿੱਤਾ। ਇਸ ਡੈਮ ਦੀ ਯੋਜਨਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਪੰਜਾਬ ਦੇ ਤਤਕਾਲੀ ਵਿੱਤ ਮੰਤਰੀ ਸਰ ਛੋਟੂ ਰਾਮ ਅਤੇ ਬਿਲਾਸਪੁਰ ਦੇ ਰਾਜੇ ਨੇ ਇੱਕ ਸਮਝੌਤੇ ’ਤੇ ਦਸਤਖ਼ਤ ਕੀਤੇ ਅਤੇ 8 ਜਨਵਰੀ 1945 ਨੂੰ ਇਸ ਪ੍ਰੋਜੈਕਟ ਦੀ ਯੋਜਨਾ ਨੂੰ ਅੰਤਿਮ ਰੂਪ ਦਿੱਤਾ ਗਿਆ। ਇਸ ’ਤੇ ਮੁੱਢਲਾ ਕੰਮ ਪੰਜਾਬ ਦੇ ਤਤਕਾਲੀ ਲੈਫਟੀਨੈਂਟ ਗਵਰਨਰ ਸਰ ਲੂਈ ਡੇਨ ਦੀ ਅਗਵਾਈ ਵਿੱਚ 1946 ’ਚ ਸ਼ੁਰੂ ਹੋ ਗਿਆ ਸੀ ਪਰ ਕੁਝ ਕਾਰਨਾਂ ਕਰਕੇ ਇਸ ਪ੍ਰੋਜੈਕਟ ’ਚ ਦੇਰੀ ਹੋ ਗਈ ਅਤੇ ਦੇਸ਼ ਆਜ਼ਾਦ ਹੋਣ ਮਗਰੋਂ 1948 ਵਿੱਚ ਇਸ ’ਤੇ ਦੁਬਾਰਾ ਕੰਮ ਸ਼ੁਰੂ ਹੋਇਆ। ਇਸ ਪ੍ਰੋਜੈਕਟ ਨੂੰ ਕੇਂਦਰ ਸਰਕਾਰ ਨੇ ਹੀ ਫੰਡ ਮੁਹੱਈਆ ਕਰਵਾਉਣੇ ਸਨ ਪਰ ਨਿਵੇਸ਼ਕਾਂ ਅਤੇ ਸਰਕਾਰ ਵੱਲੋਂ ਫੰਡਾਂ ਦੀ ਘਾਟ ਨੇ ਅਮਰੀਕੀ ਸਿਵਿਲ ਇੰਜਨੀਅਰ ਹਾਰਵੇ ਸਲੋਕਮ ਨੂੰ ਇਹ ਪ੍ਰੋਜੈਕਟ ਛੱਡਣ ਲਈ ਮਜਬੂਰ ਕਰ ਦਿੱਤਾ ਸੀ ਜਿਸ ਤੋਂ ਮਗਰੋਂ ਉੱਘੇ ਠੇਕੇਦਾਰ ਸਰ ਸੋਭਾ ਸਿੰਘ ਅੱਗੇ ਆਏ ਅਤੇ ਇਸ ਪ੍ਰੋਜੈਕਟ ਲਈ ਖ਼ੁਦ ਅਤੇ ‘ਕਮਾਨੀ ਇੰਜਨੀਅਰਿੰਗ’ ਦੀ ਮਦਦ ਨਾਲ ਫੰਡ ਜੁਟਾਏ। ਉਦੋਂ ਇਸ ਡੈਮ ’ਤੇ 245.28 ਕਰੋੜ ਰੁਪਏ ਦੀ ਲਾਗਤ ਆਈ ਸੀ। ਇਸ ਡੈਮ ਦੀ ਰਸਮੀ ਸ਼ੁਰੂਆਤ ਮੌਕੇ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੇ ਆਖਿਆ ਸੀ, “ਇਹ ਡੈਮ ਮਜ਼ਦੂਰਾਂ ਵੱਲੋਂ ਭਾਰਤ ਦੇ ਲੋਕਾਂ ਅਤੇ ਦੇਸ਼ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦਿੱਤਾ ਗਿਆ ਤੋਹਫ਼ਾ ਹੈ।” ਉੱਘੇ ਇਤਿਹਾਸਕਾਰ ਰਾਮਚੰਦਰ ਗੁਹਾ ਭਾਖੜਾ ਡੈਮ ਦੇਸ਼ ਨੂੰ ਸਮਰਪਿਤ ਕੀਤੇ ਜਾਣ ਬਾਰੇ ਲਿਖਦੇ ਹਨ: “ਜਦੋਂ ਪ੍ਰਧਾਨ ਮੰਤਰੀ ਨਹਿਰੂ ਨੇ ਪਾਵਰ ਹਾਊਸ ਦਾ ਸਵਿੱਚ ਦਬਾਇਆ ਤਾਂ ਆਸਮਾਨ ਵਿੱਚ ਭਾਰਤੀ ਹਵਾਈ ਸੈਨਾ ਦੇ ਜਹਾਜ਼ ਮੰਡਰਾ ਰਹੇ ਸਨ। ਜਿਉਂ ਹੀ ਨਹਿਰੂ ਨੇ ਡੈਮ ਦੇ ਗੇਟ ਖੋਲ੍ਹੇ ਤਾਂ ਉਸ ਵਿੱਚੋਂ ਬੇਹੱਦ ਵੇਗ ਨਾਲ ਹੇਠਾਂ ਵੱਲ ਡਿੱਗਦੇ ਪਾਣੀ ਨੂੰ ਦੇਖ ਕੇ ਡੈਮ ਨੇੜਲੇ ਪਿੰਡਾਂ ਦੇ ਵਾਸੀਆਂ ਨੇ ਖ਼ੁਸ਼ੀ ’ਚ ਪਟਾਖ਼ੇ ਚਲਾਏ।”

ਹੁਣ ਜਦੋਂ ਵਾਰ-ਵਾਰ ਇਸ ਦੇ ਪ੍ਰਬੰਧਨ ’ਚ ਪੰਜਾਬ ਦੀ ਭੂਮਿਕਾ ਅਤੇ ਇਸ ਦੇ ਹੱਕਾਂ ’ਤੇ ਤਰ੍ਹਾਂ-ਤਰ੍ਹਾਂ ਦੇ ਵਿਵਾਦ ਖੜ੍ਹੇ ਕੀਤੇ ਜਾਂਦੇ ਹਨ ਤਾਂ ਪੰਜਾਬ ਨੂੰ ਲੱਗਦਾ ਹੈ ਕਿ ਸਮੇਂ ਦੀ ਸਿਆਸਤ ਉਸ ਦੇ ਹੱਕ ਖੋਹਣਾ ਚਾਹੁੰਦੀ ਹੈ ਜਾਂ ਘੱਟੋ-ਘੱਟ ਇਨ੍ਹਾਂ ਨੂੰ ਸੀਮਤ ਕਰਨਾ ਚਾਹੁੰਦੀ ਹੈ। ਇਸ ਸਮੁੱਚੇ ਵਿਵਾਦ ਦੀ ਵਿਆਖਿਆ ਕੀਤੇ ਬਗ਼ੈਰ ਵੀ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਬਾਰੇ ਛਪੀਆਂ ਖ਼ਬਰਾਂ ਤੋਂ ਸਾਨੂੰ ਇਸ ਦਾ ਅਨੁਮਾਨ ਹੋ ਜਾਂਦਾ ਹੈ। ਕੇਂਦਰ ਨੇ ਭਾਖੜਾ-ਬਿਆਸ ਮੈਨੇਜਮੈਂਟ ਰੂਲਜ਼ 1974 ਵਿੱਚ ਸੋਧ ਲਈ ਡਰਾਫਟ ਨੋਟੀਫਿਕੇਸ਼ਨ ਵਿੱਚ ਪੰਜਾਬ ਨੂੰ ਸ਼ਰਤੀਆ ਨੁਮਾਇੰਦਗੀ ਦੇਣ ਤੋਂ ਹੱਥ ਮੁੜ ਪਿਛਾਂਹ ਖਿੱਚ ਲਏ। ਇਸ ਮਗਰੋਂ ਬੀ ਬੀ ਐੱਮ ਬੀ ਵਿੱਚ ਮੈਂਬਰ-ਬਿਜਲੀ ਅਤੇ ਮੈਂਬਰ-ਸਿੰਚਾਈ ਲਾਉਣ ਲਈ ਯੋਗਤਾ ਅਤੇ ਤਜਰਬੇ ਆਦਿ ਵਾਸਤੇ ਹੁਣ ਫਿਰ ਨਵਾਂ ਸੋਧਿਆ ਡਰਾਫਟ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਜਿਸ ’ਤੇ ਕੇਂਦਰ ਨੇ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਤੋਂ ਸੁਝਾਅ ਅਤੇ ਟਿੱਪਣੀਆਂ ਮੰਗੀਆਂ ਹਨ।

ਕੇਂਦਰ ਵੱਲੋਂ ਜਾਰੀ ‘ਭਾਖੜਾ-ਬਿਆਸ ਮੈਨੇਜਮੈਂਟ ਬੋਰਡ (ਸੋਧ) ਰੂਲਜ਼ 2025’ ਲਈ ਜਾਰੀ ਸੋਧ ਨੋਟੀਫਿਕੇਸ਼ਨ ’ਚ ਮੋਟੇ ਤੌਰ ’ਤੇ ਦੋ ਨੁਕਤੇ ਉੱਭਰੇ ਹਨ। ਪਹਿਲੀ ਗੱਲ ਇਹ ਹੈ ਕਿ ਬੀ ਬੀ ਐੱਮ ਬੀ ’ਚ ਮੈਂਬਰ (ਪਾਵਰ) ਲਗਾਏ ਜਾਣ ਲਈ ਯੋਗਤਾ ਤੇ ਸ਼ਰਤਾਂ ਪੂਰੀਆਂ ਕਰਨ ਵਾਲੇ ਪੰਜਾਬ ਦੇ ਉਮੀਦਵਾਰ ਨੂੰ ਸਿਰਫ਼ ਤਰਜੀਹ ਦਿੱਤੀ ਜਾਣੀ ਹੈ। ਸਿਰਫ਼ ਤਰਜੀਹ ਦੀ ਗੱਲ ਕਰ ਕੇ ਮੌਕੇ ’ਤੇ ਸਥਿਤੀ ਮੁਤਾਬਿਕ ਇਸ ਨਿਯਮ ਦੀ ਯੋਗਤਾ ਦੇ ਸੰਦਰਭ ਵਿੱਚ ਕੀ ਤੇ ਕਿਵੇਂ ਵਿਆਖਿਆ ਕੀਤੀ ਜਾਵੇਗੀ ਅਤੇ ਇਸ ਨੂੰ ਅਮਲ ’ਚ ਕਿਵੇਂ ਲਿਆਂਦਾ ਜਾਵੇਗਾ, ਬਾਰੇ ਕੁਝ ਵੀ ਪੱਕਾ ਨਹੀਂ। ਸ਼ਬਦਾਂ ਦੇ ਪੇਚਾਂ ਨੂੰ ਕਿਵੇਂ ਖੋਲ੍ਹਿਆ ਜਾਵੇਗਾ ਜਾਂ ਫਸਾਇਆ ਜਾਵੇਗਾ, ਉਸ ਦਾ ਸਹੀ ਪਤਾ ਤਾਂ ਉਦੋਂ ਹੀ ਲੱਗੇਗਾ ਜਦੋਂ ਹਕੀਕੀ ਰੂਪ ’ਚ ਉਹ ਸਥਿਤੀ ਸਾਹਮਣੇ ਆਵੇਗੀ। ਪੰਜਾਬ ਦੇ ਲਗਾਤਾਰ ਵਿਰੋਧ ਮਗਰੋਂ ਸੋਧੇ ਹੋਏ ਡਰਾਫਟ ਨੋਟੀਫਿਕੇਸ਼ਨ ’ਚ ਪਹਿਲੇ ਡਰਾਫਟ ਨੋਟੀਫਿਕੇਸ਼ਨ ਮੁਕਾਬਲੇ ਯੋਗਤਾ ਅਤੇ ਸ਼ਰਤਾਂ ਵਿੱਚ ਕੁਝ ਢਿੱਲ ਜ਼ਰੂਰ ਦਿੱਤੀ ਗਈ ਹੈ ਪਰ ਇਸ ਦੇ ਮੂਲ ਢਾਂਚੇ ’ਚ ਕੋਈ ਬਦਲਾਅ ਨਹੀਂ ਕੀਤਾ ਗਿਆ। ਸਭ ਤੋਂ ਪ੍ਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ ਬੀ ਬੀ ਐੱਮ ਬੀ ਦੇ ਮੈਂਬਰਾਂ ਦੀ ਚੋਣ ਵਾਸਤੇ ਜੋ ਕਮੇਟੀ ਬਣਾਈ ਗਈ ਹੈ, ਉਸ ਵਿੱਚ ਪੰਜਾਬ ਦਾ ਕੋਈ ਵੀ ਨੁਮਾਇੰਦਾ ਨਹੀਂ ਹੈ।

ਪਹਿਲਾਂ ਕੇਂਦਰ ਨੇ ਬੀ ਬੀ ਐੱਮ ਬੀ ’ਚ ਪੰਜਾਬ ਦੀ ਸਥਾਈ ਮੈਂਬਰੀ ਨੂੰ ਖੋਰਾ ਲਾਇਆ। ਪਰ ਗੱਲ ਇੱਥੇ ਹੀ ਨਹੀਂ ਰੁਕੀ, ਇਸ ਤੋਂ ਬਾਅਦ ਹੁਣ ਕੇਂਦਰ ਨੇ ਬੀ ਬੀ ਐੱਮ ਬੀ ਵਿੱਚ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਨੂੰ ਪੱਕੀ ਪ੍ਰਤੀਨਿਧਤਾ ਦੇਣ ਦੀ ਕਾਰਵਾਈ ਵੀ ਇੱਕ ਤਰ੍ਹਾਂ ਸ਼ੁਰੂ ਕਰ ਦਿੱਤੀ ਹੈ। ਹਕੀਕਤ ਇਹ ਹੈ ਕਿ ਪੰਜਾਬ ਬੀ ਬੀ ਐੱਮ ਬੀ ਦਾ ਸਭ ਤੋਂ ਵੱਧ 39.58 ਫ਼ੀਸਦੀ ਖ਼ਰਚ ਝੱਲਦਾ ਹੈ ਜਦੋਂਕਿ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਕ੍ਰਮਵਾਰ 24 ਫ਼ੀਸਦੀ ਤੇ 4 ਫ਼ੀਸਦੀ ਖ਼ਰਚ ਝੱਲਦੇ ਹਨ। ਇਉਂ ਕੇਂਦਰ ਇਨ੍ਹਾਂ ਸੂਬਿਆਂ ਨੂੰ ਪੰਜਾਬ ਦੇ ਬਰਾਬਰ ਅਧਿਕਾਰ ਦੇਣ ਲਈ ਤਿਆਰ ਜਾਪਦਾ ਹੈ। ਪਾਣੀ ਦੇ ਮਸਲੇ ’ਤੇ ਪੰਜਾਬ ਤੇ ਹਰਿਆਣਾ ਦਰਮਿਆਨ ਵਿਵਾਦ ਕਿਸੇ ਤੋਂ ਲੁਕਿਆ ਨਹੀਂ। ਚਾਰਾਂ ਸੂਬਿਆਂ ਨੂੰ ਬਰਾਬਰ ਨੁਮਾਇੰਦਗੀ ਮਿਲਣ ਦੀ ਸੂਰਤ ਵਿੱਚ ਪੰਜਾਬ ਦੇ ਹੱਕਾਂ ਨੂੰ ਲਾਜ਼ਮੀ ਖੋਰਾ ਲੱਗੇਗਾ। ਤਿੰਨ ਗੁਆਂਢੀ ਸੂਬੇ ਕਿਸੇ ਵੀ ਵਿਵਾਦ ਦੀ ਸੂਰਤ ’ਚ ਇੱਕਜੁੱਟ ਹੋ ਕੇ ਪੰਜਾਬ ’ਤੇ ਭਾਰੂ ਪੈ ਸਕਦੇ ਹਨ। ਇਹ ਸਥਿਤੀ ਸਭ ਤੋਂ ਵੱਧ ਵਿੱਤੀ ਬੋਝ ਚੁੱਕਣ ਵਾਲੇ ਪੰਜਾਬ ਨਾਲ ਬੇਇਨਸਾਫ਼ੀ ਹੋਵੇਗੀ।

ਭਾਖੜਾ ਬਿਆਸ ਡੈਮ ਦੀ ਉਚਾਈ ਅੱਜ ਵੀ ਓਨੀ ਹੀ ਹੈ ?ਅਤੇ ਇਸ ’ਚੋਂ ਵਹਿੰਦਾ ਪਾਣੀ ਵੀ ਓਨਾ ਹੀ ਸਾਫ਼ ਤੇ ਸਫ਼ਾਫ਼ ਹੈ ਪਰ ਇਸ ’ਤੇ ਕੀਤੀ ਜਾ ਰਹੀ ਸਿਆਸਤ ਜ਼ਰੂਰ ਗੰਧਲੀ ਹੈ।

# ਜਿਨ੍ਹਾਂ ਨੇ ਦੇਸ਼ ਲਈ ਪ੍ਰਾਨ ਨਿਓਛਾਵਰ ਕੀਤੇ, ਉਹ ਅੱਜ ਵੀ ਸਾਡੀ ਰਗਾਂ ਵਿੱਚ ਜਜ਼ਬਾ ਬਣ ਕੇ ਵਸਦੇ ਹਨ -ਐਸ.ਐਸ.ਪੀ.



**ਮਾਲੇਰਕੋਟਲਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਸ਼ਹੀਦੀ ਯਾਦਗਾਰ ਦਿਵਸ ਦੇ ਮੌਕੇ ਮਾਲੇਰਕੋਟਲਾ ਪੁਲਿਸ ਵੱਲੋਂ ਸਥਾਨਕ ਜ਼ਿਲ੍ਹਾ ਪੁਲਿਸ ਮੁਖੀ ਦਫ਼ਤਰ ਵਿਖੇ ਸਥਾਪਿਤ ਸ਼ਹੀਦੀ ਸਮਾਰਕ ’ਤੇ ਉਹਨਾਂ ਸੂਰਵੀਰ ਪੁਲਿਸ ਅਤੇ ਅਰਧ ਸੁਰੱਖਿਆ ਬਲਾਂ ਦੇ ਜਵਾਨਾਂ ਅਤੇ ਅਧਿਕਾਰੀਆਂ ਨੂੰ ਭਾਵਪੂਰਨ ਸ਼ਰਧਾਂਜਲੀ ਭੇਂਟ ਕੀਤੀ ਗਈ ਜਿਨ੍ਹਾਂ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਅਮਨ ਲਈ ਆਪਣਾ ਸਭ ਕੁਝ ਨਿਓਛਾਵਰ ਕਰ ਦਿੱਤਾ।

ਇਸ ਮੌਕੇ ਸਿਵਲ ਜੱਜ ਜੂਨੀਅਰ ਡਵੀਜਨ ਵਿਸ਼ਵ ਗੁਪਤਾ, ਸਹਾਇਕ ਕਮਿਸ਼ਨਰ ਕਮ ਐਸ.ਡੀ.ਐਮ. ਅਮਰਗੜ੍ਹ ਰਾਕੇਸ਼ ਗਰਗ,ਐਸ.ਪੀ (ਐਚ) ਗੁਰਸ਼ਰਨਜੀਤ ਸਿੰਘ, ਐਸ.ਪੀ (ਡੀ) ਸਤਪਾਲ ਸ਼ਰਮਾਂ, ਐਸ.ਪੀ ਰਾਜਵਿੰਦਰ ਸਿੰਘ, ਡੀ.ਐਸ.ਪੀ ਮਾਲੇਰਕੋਟਲਾ ਮਾਨਵਜੀਤ ਸਿੰਘ ਸਿੱਧੂ, ਡੀ.ਐਸ.ਪੀ ਅਹਿਮਦਗੜ੍ਹ ਸੁਖਦੇਵ ਸਿੰਘ, ਡੀ.ਐਸ.ਪੀ ਅਮਰਗੜ੍ਹ ਸੰਜੀਵ ਕਪੂਰ, ਡੀ.ਐਸ.ਪੀ (ਐਚ) ਆਤੀਸ਼ ਭਾਟੀਆ, ਡੀ.ਐਸ.ਪੀ (ਡੀ) ਸਤੀਸ਼ ਕੁਮਾਰ, ਡੀ.ਐਸ.ਪੀ ਸਪੈਸ਼ਲ ਬ੍ਰਾਂਚ ਰਣਜੀਤ ਸਿੰਘ, ਡੀ.ਐਸ.ਪੀ ਯਾਦਵਿੰਦਰ ਸਿੰਘ ਸਮੇਤ ਸਮੂਹ ਐੱਸ.ਐੱਚ.ਓਜ ਅਤੇ ਇੰਨਚਾਰਜਾਂ ਅਤੇ ਸ਼ਹੀਦ ਪਰਿਵਾਰਾਂ ਦੇ ਮੈਂਬਰਾਂ ਸਮੇਤ ਰਿਟਾਇਰਡ ਪੁਲਿਸ ਅਧਿਕਾਰੀ ਵੀ ਮੌਜੂਦ ਸਨ । ਐਸ.ਐਸ.ਪੀ. ਗਗਨ ਅਜੀਤ ਸਿੰਘ ਨੇ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਸਾਨੂੰ ਹਿੰਮਤ, ਸੇਵਾ ਤੇ ਸਮਰਪਣ ਦਾ ਪਾਠ ਪੜ੍ਹਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਦਹਾਕਿਆਂ ਤੱਕ ਦਹਿਸ਼ਤਗਰਦੀ ਦਾ ਸਾਹਮਣਾ ਕਰਦਿਆਂ ਅਣਗਿਣਤ ਕੁਰਬਾਨੀਆਂ ਦਿੱਤੀਆਂ ਹਨ । ਇਹ ਕੁਰਬਾਨੀਆਂ ਸਾਡੀ ਰੂਹ ਅਤੇ ਅਸਲੀਅਤ ਦਾ ਹਿੱਸਾ ਹਨ। ਉਨ੍ਹਾਂ ਕਿਹਾ, ਸ਼ਹੀਦਾਂ ਦੀ ਯਾਦ ਸਾਨੂੰ ਹਰ ਸਮੇਂ ਇਹ ਪ੍ਰੇਰਣਾ ਦਿੰਦੀ ਹੈ ਕਿ ਅਸੀਂ ਸਾਡੇ ਦੇਸ਼ ਦੀ ਆਨ, ਬਾਨ ਤੇ ਸ਼ਾਨ ਲਈ ਹਰ ਸਮੇਂ ਤਿਆਰ ਰਹੀਏ। ਉਹਨਾਂ ਦੀ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਸਾਰੇ ਮਿਲ ਕੇ ਦੇਸ਼ ਵਿਰੋਧੀ ਅਤੇ ਗ਼ੈਰਸਮਾਜਿਕ ਤਾਕਤਾਂ ਦੇ ਮਨਸੂਬੇ ਅਸਫਲ ਕਰੀਏ।

ਉਨ੍ਹਾਂ ਕਿਹਾ ਕਿ ਸ਼ਹੀਦ ਸਾਡੇ ਸਮਾਜ ਦੇ ਪ੍ਰੇਰਨਾਂ ਤੇ ਦਿਸ਼ਾ ਪ੍ਰਦਾਨ ਕਰਦੇ ਹਨ ਉਹਨਾਂ ਦੀਆਂ ਕੁਰਬਾਨੀਆਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਐਸ.ਐਸ.ਪੀ. ਵੱਲੋਂ ਜ਼ਿਲ੍ਹੇ ਦੇ 10 ਸ਼ਹੀਦ ਪੁਲਿਸ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਦੁੱਖ ਤਕਲੀਫ਼ਾਂ ਨੂੰ ਸੁਣਦਿਆਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਗਿਆ। ਸਮਾਗਮ ਦੌਰਾਨ ਐਸ.ਪੀ. ਹੈੱਡਕੁਆਟਰ ਗੁਰਸ਼ਰਨਜੀਤ ਸਿੰਘ ਵੱਲੋਂ ਸੰਨ 1959 ਵਿੱਚ ਲਦਾਖ ਵਿੱਚ ਚੀਨ ਫੌਜ ਵੱਲੋ ਐਂਬੂਸ਼ ਲਗਾ ਕੇ ਬਿਨਾਂ ਦੱਸੇ ਹਮਲਾ ਕਰਕੇ ਸ਼ਹੀਦ ਹੋਏ ਸੈਨਿਕਾਂ ਅਤੇ ਦੇਸ਼ ਭਰ ਦੇ ਸ਼ਹੀਦ ਹੋਏ ਪੁਲਿਸ ਅਤੇ ਅਰਧ ਸੈਨਿਕ ਬਲਾਂ ਦੇ ਸ਼ੂਰਵੀਰਾਂ ਦੇ ਨਾਮ ਪੜ੍ਹ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।ਸਮਾਰੋਹ ਦੀ ਸ਼ੁਰੂਆਤ ਡੀ.ਐਸ.ਪੀ. ਹੈੱਡਕੁਆਟਰ ਆਤਿਸ਼ ਭਾਟਿਆਂ ਦੀ ਅਗਵਾਈ ਹੇਠ ਟੁਕੜੀ ਵੱਲੋਂ ਸਲਾਮੀ ਨਾਲ ਹੋਈ। ਇਸ ਉਪਰੰਤ ਟੁਕੜੀ ਵੱਲੋਂ ਹਥਿਆਰ ਪੁੱਠੇ ਕਰਕੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਸਮਾਗਮ ਦੇ ਅੰਤ ਵਿੱਚ ਸ਼ਹੀਦਾਂ ਦੀਆਂ ਤਸਵੀਰਾਂ ਅੱਗੇ ਪੁਲਿਸ ਅਧਿਕਾਰੀਆਂ, ਕਰਮਚਾਰੀਆਂ ਅਤੇ ਸ਼ਹੀਦ ਪਰਿਵਾਰਾਂ ਦੇ ਮੈਂਬਰਾਂ ਨੇ ਫੁੱਲਾਂ ਦੀਆਂ ਗੀਥਾਂ ਰੱਖ ਕੇ ਉਨ੍ਹਾਂ ਦੀਆਂ ਅਮਰ ਕੁਰਬਾਨੀਆਂ ਨੂੰ ਸਲਾਮ ਕੀਤਾ।

# ਵਿਧਾਇਕ ਮਾਲੇਰਕੋਟਲਾ ਨੇ ਪਿੰਡ ਮੁਬਾਰਕਪੁਰ ਦੇ ਕਿਸਾਨਾਂ ਨੂੰ ਫਸਲ ਦੇ ਖਰਾਬੇ ਦੀ ਮੁਆਵਜਾ ਰਾਸ਼ੀ ਦੇ ਮਨਜ਼ੂਰੀ ਪੱਤਰ ਦਿੱਤੇ



**ਮਾਲੇਰਕੋਟਲਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਵੱਲੋਂ ਵਿਧਾਨ ਸਭਾ ਹਲਕਾ ਦੇ ਪਿੰਡ ਮੁਬਾਰਕਪੁਰ ਦੇ ਕਿਸਾਨਾਂ ਨੂੰ ਫਸਲ ਦੇ ਖਰਾਬੇ ਦੀ ਮੁਆਵਜਾ ਰਾਸ਼ੀ ਦੇ ਮਨਜ਼ੂਰੀ ਪੱਤਰ ਦਿੱਤੇ ਗਏ । ਇਸ ਮੌਕੇ ਐਸ.ਡੀ.ਐਮ.ਮਾਲੇਰਕੋਟਲਾ ਗੁਰਮੀਤ ਕੁਮਾਰ ਬਾਂਸਲ ਅਤੇ ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਕੌਰ ਵੀ ਹਾਜ਼ਰ ਸਨ।

ਇਸ ਮੌਕੇ ਵਿਧਾਇਕ ਮਾਲੇਰਕੋਟਲਾ ਨੇ ਕਿਹਾ ਕਿ ਇਹ ਸਿਰਫ਼ ਵਿੱਤੀ ਸਹਾਇਤਾ ਨਹੀਂ, ਸਗੋਂ ਪੰਜਾਬ ਸਰਕਾਰ ਦਾ ਇਹ ਪੱਕਾ ਵਾਅਦਾ ਹੈ ਕਿ ਕੁਦਰਤੀ ਆਫ਼ਤਾਂ ਸਮੇਂ ਲੋਕਾਂ ਨਾਲ ਹਰ ਕਦਮ ’ਤੇ ਖੜ੍ਹੇ ਰਹਾਂਗੇ।

ਉਨ੍ਹਾਂ ਕਿਹਾ ਕਿ ਸਾਡੇ ਕਿਸਾਨ ਪੰਜਾਬ ਦੀ ਰੀੜ੍ਹ ਦੀ ਹੱਡੀ ਹਨ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਕੋਈ ਵੀ ਪ੍ਰਭਾਵਿਤ ਕਿਸਾਨ, ਪਰਿਵਾਰ ਜਾਂ ਘਰ ਅਣਡਿੱਠਾ ਨਾ ਰਹਿ ਜਾਵੇ।ਉਨ੍ਹਾਂ ਨੇ ਕਿਹਾ ਕਿ ਪੰਜਾਬ ਹਮੇਸ਼ਾ ਹਿੰਮਤ, ਏਕਤਾ ਅਤੇ ਕੁਰਬਾਨੀ ਦੀ ਧਰਤੀ ਰਿਹਾ ਹੈ। ਹੁਣੇ ਆਏ ਹੜ੍ਹਾਂ ਨੇ ਸਾਡੇ ਖੇਤਾਂ, ਘਰਾਂ ਅਤੇ ਪਸ਼ੂਆਂ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ, ਪਰ ਪੰਜਾਬ ਦੇ ਲੋਕਾਂ ਨੇ ਹੌਂਸਲਾ ਨਹੀਂ ਹਾਰਿਆ ਅਤੇ ਇਕ ਦੂਜੇ ਦਾ ਸਾਥ ਦਿੱਤਾ।

ਉਨ੍ਹਾਂ ਹੋਰ ਕਿਹਾ ਕਿ ਪੰਜਾਬ ਸਰਕਾਰ ਅਤੇ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਵੱਲੋਂ ਹੜ੍ਹ ਪੀੜਤ ਪਰਿਵਾਰਾਂ ਦੀ ਹਰ ਸੰਭਵ ਸਹਾਇਤਾ ਕਰਨ ਦਾ ਪੱਕਾ ਵਾਅਦਾ ਪੂਰਾ ਕਰਨ ਦੇ ਸਾਰਥਕ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਉਨ੍ਹਾਂ ਦੇ ਨੁਕਸਾਨ ਦੀ ਭਰਪਾਈ ਹੋ ਸਕੇ । ਸਾਡੀ ਪੰਜਾਬ ਸਰਕਾਰ ਲੋਕਾਂ ਦੇ ਹਰ ਦੁੱਖ-ਸੁੱਖ ਦੀ ਘੜੀ ਵਿੱਚ ਨਾਲ ਖੜੀ ? ਹੈ ਤਾਂ ਜੋ ਉਨ੍ਹਾਂ ਦੇ ਨੁਕਸਾਨ ਦੀ ਭਰਭਾਈ ਕੀਤੀ ਜਾ ਸਕੇ । ਉਨ੍ਹਾਂ ਹੋਰ ਕਿਹਾ ਕਿ ਕੁਦਰਤੀ ਆਫਤਾ ਤੋਂ ਪ੍ਰਭਾਵਿਤ ਪਰਿਵਾਰ ਦੀ ਹਰ ਮਦਦ ਕਰਨ ਲਈ ਸਾਰਥਕ ਉਪਰਾਲੇ ਲਗਾਤਾਰ ਜਾਰੀ ਹਨ ਤਾਂ ਜੋ ਹਰ ਵਿਅਕਤੀ ਤੱਕ ਮਦਦ ਦਾ ਹੱਥ ਪੁਜ ਸਕੇ ।

ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ, ਧਾਰਮਿਕ ਅਤੇ ਸਵੈ ਸੇਵੀ ਸੰਸਥਾਵਾਂ ਤੇ ਵਲੰਟੀਅਰਾਂ ਦਾ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਨੇ ਹੜਾਂ ਦੌਰਾਨ ਦਿਨ-ਰਾਤ ਜੁੱਟ ਕੇ ਸੁਰੱਖਿਆ, ਮਦਦ ਅਤੇ ਬਹਾਲੀ ਦੇ ਕੰਮ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

# ਅਨੁਸੂਚਿਤ ਜਾਤੀ ਉਮੀਦਵਾਰਾਂ ਲਈ ਮੁਫਤ ਡੇਅਰੀ ਸਿਖਲਾਈ ਕੋਰਸ 27 ਅਕਤੂਬਰ ਨੂੰ ਸ਼ੁਰੂ ਹੋਵੇਗਾ

**ਗੁਰਦਾਸਪੁਰ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਖੇਤੀ ਤੇ ਖੇਤਰ ਵਿੱਚ ਵਿਭਿਨਤਾ ਲਿਆਉਣ ਦੇ ਮਕਸਦ ਨਾਲ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ ਖੇਤੀਬਾੜੀ ਦੇ ਨਾਲ-ਨਾਲ ਸਹਾਇਕ ਧੰਦੇ ਨਾਲ ਪ੍ਰੇਰਿਤ ਕਰਨ ਲਈ ਸਕੀਮ ਫਾਰ ਪ੍ਰੋਮੋਸ਼ਨ ਆਫ ਡੇਅਰੀ ਫਾਰਮਿੰਗ ਐਜ ਲਿਵਲੀ ਹੁੱਡ ਫਾਰ ਐਸ.ਸੀ ਬੈਨੀਫਿਸਰੀਜ਼ ਦੀ ਸ਼ੁਰੂਆਤ ਪੂਰੇ ਪੰਜਾਬ ਵਿੱਚ ਕੀਤੀ ਗਈ ਹੈ।



ਇਸ ਤਹਿਤ ਡੇਅਰੀ ਵਿਕਾਸ ਵਿਭਾਗ ਵੱਲੋਂ ਜਿਲ੍ਹਾ ਗੁਰਦਾਸਪੁਰ ਵਿਖੇ ਐਸ.ਸੀ ਸਿਖਿਆਰਥੀਆਂ ਵਾਸਤੇ ਮੁਫਤ ਡੇਅਰੀ ਸਿਖਲਾਈ ਕੋਰਸ 27 ਅਕਤੂਬਰ ਤੋ 07 ਨਵੰਬਰ 2025 ਤੱਕ ਡੇਅਰੀ ਸਿਖਲਾਈ ਕੇਂਦਰ (ਵੇਰਕਾ) ਅੰਮ੍ਰਿਤਸਰ ਵਿਖੇ ਸ਼ੁਰੂ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆ ਡਿਪਟੀ ਡਾਇਰੈਕਟਰ ਡੇਅਰੀ ਵਰਿਆਮ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਸਕੀਮ ਅਧੀਨ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ ਦੋ ਹਫਤੇ ਦੀ ਮੁਫਤ ਡੇਅਰੀ ਸਿਖਲਾਈ ਦੇ ਨਾਲ-ਨਾਲ 3500/- ਰਪਏ ਵਜੀਫਾ ਵੀ ਦਿੱਤਾ ਜਾਵੇਗਾ।

ਉਨ੍ਹਾਂ ਨੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਨਾਲ ਸਬੰਧਿਤ ਲਾਭਪਾਤਰੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਜਿਲ੍ਹਾ ਪ੍ਰਬੰਧਕੀ ਕੰਪਲੈਕਸ ਚੋਥੀ ਮੰਜਿਲ ਕਮਰਾ ਨੰ 508 ਗੁਰਦਾਸਪਰ ਵਿਖੇ ਮਿਤੀ 27 ਅਕਤੂਬਰ 2025 ਤੱਕ ਆਪਣੇ ਫਾਰਮ ਜਮ੍ਹਾ ਕਰਵਾ ਸਕਦੇ ਹਨ।ਡੇਅਰੀ ਦਾ ਕਿੱਤਾ ਕਰਨ ਦੇ ਚਾਹਵਾਨ ਅਨੁਸੂਚਿਤ ਜਾਤੀ ਨਾਲ ਸਬੰਧਿਤ ਉਮੀਦਵਾਰ ਜਿਸ ਦੀ ਉਮਰ 18 ਤੋ 50 ਸਾਲ ਅਤੇ ਪੰਜਾਬ ਦੇ ਵਸਨੀਕ ,ਪੇਂਡੂ ਪਿਛਕੜ ਵਾਲੇ ਘੱਟੋ-ਘੱਟ 5ਵੀਂ ਪਾਸ ਹੋਣੇ ਚਾਹੀਦੇ ਹਨ।

ਉਨ੍ਹਾ ਨੇ ਕਿਹਾ ਕਿ ਚਾਹਵਾਨ ਉਮੀਦਵਾਰ ਪੜਾਈ ਸਬੰਧੀ ਸਰਟੀਫਿਕੇਟ ਜਾਤੀ ਸਰਟੀਫਿਕੇਟ , ਅਧਾਰ ਕਾਰਡ, ਬੈਂਕ ਖਾਤੇ ਦੀ ਕਾਪੀ ਅਤੇ ਤਾਜਾ ਪਾਸਪੋਰਟ ਸਾਈਜ਼ ਫੋਟੋ ਸਮੇਤ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਵਿਖੇ ਸੰਪਰਕ ਕਰ ਸਦਕੇ ਹਨ।

ਵਧੇਰੇ ਜਾਣਕਾਰੀ ਲਈ ਫੋਨ ਨੰ 80548-00880, 75089-73471 , 78888-50893 ਜਾਂ 94177-66062 ਸੰਪਰਕ ਕਰੋ।

# ਖਾਦਾਂ ਨਾਲ ਟੈਗਿੰਗ ਕਰਨ ’ਤੇ ਹੋਵੇਗੀ ਸਖਤ ਕਾਰਵਾਈ



**ਬਠਿੰਡਾ,24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਧੂ ਦੀ ਯੋਗ ਅਗਵਾਈ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਟੀਮ ਵੱਲੋਂ ਡਾ. ਹਰਜਸਪਾਲ ਸ਼ਰਮਾ ਬਲਾਕ ਖੇਤੀਬਾੜੀ ਅਫਸਰ ਬਠਿੰਡਾ ਦੀ ਮੌਜੂਦਗੀ ਵਿੱਚ ਗੋਨਿਆਣਾ ਮੰਡੀ ਵਿੱਚ ਸਥਿਤ ਖਾਦਾਂ ਦੇ ਡੀਲਰਾਂ ਦੀ ਚੈਕਿੰਗ ਕੀਤੀ ਗਈ।

ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਇਸ ਚੈਕਿੰਗ ਦਾ ਮੁੱਖ ਮੰਤਵ ਕਿਸਾਨਾਂ ਨੂੰ ਮਿਆਰੀ ਖਾਦ ਜਿਵੇਂ ਕਿ ਡੀ.ਏ.ਪੀ, ਯੂਰੀਆ ਤੇ ਹੋਰ ਲੋੜੀਦੀਆਂ ਖਾਦਾਂ ਸਮੇਂ-ਸਿਰ ਅਤੇ ਬਿਨਾਂ ਕਿਸੇ ਦਵਾਈ ਜਾਂ ਖਾਦ ਦੇ ਟੈਗਿੰਗ ਤੋਂ ਬਗੈਰ ਮੁਹੱਈਆ ਕਰਵਾਉਣਾ ਹੈ।ਚੈਕਿੰਗ ਦੌਰਾਨ ਖੇਤੀਬਾੜੀ ਅਧਿਕਾਰੀਆਂ ਵੱਲੋਂ ਡੀਲਰਾਂ ਨੂੰ ਸਖਤ ਹਦਾਇਤ ਕਰਦਿਆਂ ਕਿਹਾ ਕਿ ਕਿਸੇ ਵੀ ਕਿਸਾਨ ਨੂੰ ਕਿਸੇ ਕਿਸਮ ਦੀ ਦਵਾਈ ਜਾਂ ਖਾਦ, ਡੀ.ਏ.ਪੀ ਜਾਂ ਹੋਰ ਜ਼ਰੂਰੀ ਖਾਦਾਂ ਨਾਲ ਟੈਗਿੰਗ ਕਰਕੇ ਨਾ ਦਿੱਤੀ ਜਾਵੇ। ਖਾਦਾਂ ਨਾਲ ਸਬੰਧਤ ਸਟਾਕ ਰਜਿਸਟਰ ਅਤੇ ਹੋਰ ਲੋੜੀਂਦੇ ਦਸਤਾਵੇਜ ਪੂਰੇ ਰੱਖੇ ਜਾਣ। ਇਸ ਮੌਕੇ ਉਹਨਾਂ ਸਮੂਹ ਡੀਲਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜੇਕਰ ਕਿਸੇ ਕਿਸਮ ਦੀ ਖਾਦ ਦੀ ਕਾਲਾ ਬਾਜ਼ਾਰੀ ਜਾਂ ਟੈਗਿੰਗ ਕੀਤੀ ਜਾਂਦੀ ਹੈ ਤਾਂ ਉਸ ਡੀਲਰ ਖਿਲਾਫ ਫਰਟੀਲਾਈਜ਼ਰ ਕੰਟਰੋਲ ਆਰਡਰ 1985 ਤਹਿਤ ਸਖਤ ਤੋਂ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਸੀ-ਪਾਈਟ ਕੈਂਪ ਤਲਵਾੜਾ ਵਿਖੇ ਟੈਰੀਟੋਰੀਅਲ ਆਰਮੀ ਦੀ ਟ੍ਰੇਨਿੰਗ ਲਈ ਦਾਖ਼ਲਾ ਸ਼ੁਰੂ, ਤਿਆਰੀ ਮੁਫ਼ਤ

**ਹੁਸ਼ਿਆਰਪੁਰ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ-ਪਾਈਟ ਕੈਂਪ ਤਲਵਾੜਾ ਦੇ ਟ੍ਰੇਨਿੰਗ ਅਧਿਕਾਰੀ ਸੂਬੇਦਾਰ ਗੁਰਨਾਮ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਅਦਾਰੇ ਸੀ-ਪਾਈਟ ਕੈਂਪ ਤਲਵਾੜਾ ਵੱਲੋਂ ਟੈਰੀਟੋਰੀਅਲ ਆਰਮੀ ਦੀ ਟ੍ਰੇਨਿੰਗ ਲਈ ਜ਼ਿਲ੍ਹਾ ਹੁਸ਼ਿਆਰਪੁਰ ਦੇ ਨੌਜਵਾਨਾਂ ਲਈ ਕੈਂਪ ਵਿੱਚ ਦਾਖਲਾ ਸ਼ੁਰੂ ਹੈ । ਇਹ ਭਰਤੀ 103 ਇਨਫੈਨਟਰੀ ਸਿਖਲਾਈ ਬਟਾਲੀਅਨ ਵੱਲੋਂ ਲੁਧਿਆਣਾ ਵਿਖੇ 17 ਨਵੰਬਰ 25 ਤੋਂ 30 ਨਵੰਬਰ 25 ਤੱਕ ਕੀਤੀ ਜਾ ਰਹੀ ਹੈ । ਭਰਤੀ ਲਈ ਉਮਰ 18 ਤੋਂ 42 ਸਾਲ ਅਤੇ ਘੱਟੋਂ - ਘੱਟ ਦਸਵੀਂ ਪਾਸ 45 ਫੀਸਦੀ ਅੰਕਾ ਨਾਲ ,ਲੰਬਾਈ 160 ਸੈਂਟੀਮੀਟਰ ,ਭਾਰ 50 ਕਿਲੋ ,ਛਾਤੀ- 77/82 ਸੈਂਟੀਮੀਟਰਸ । ਟ੍ਰੇਨਿੰਗ ਅਧਿਕਾਰੀ ਨੇ ਦੱਸਿਆ ਕਿ ਟ੍ਰੇਨਿੰਗ ਦੌਰਾਨ ਨੌਜਵਾਨਾਂ ਨੂੰ ਰਿਹਾਇਸ਼ ਅਤੇ ਖਾਣਾ ਪੰਜਾਬ ਸਰਕਾਰ ਵੱਲੋਂ ਬਿਲਕੁਲ ਮੁਫ਼ਤ ਹੈ। ਵਧੇਰੇ ਜਾਣਕਾਰੀ ਲਈ ਹੇਠ ਮੋਬਾਈਲ ਨੰਬਰ 99882-71125 ਅਤੇ 62830-31125 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਹੀਦ ਦੇਸ਼ ਤੇ ਕੌਮ ਦਾ ਸਰਮਾਇਆ ਹੁੰਦੇ ਹਨ-ਪੂਰਾ ਦੇਸ਼ ਹਮੇਸ਼ਾਂ ਆਪਣੇ ਸ਼ਹੀਦਾਂ ਦਾ ਰਿਣੀ ਰਹੇਗਾ- ਐੱਸ.ਐੱਸ.ਪੀ, ਆਦਿੱਤਿਆ

**ਗੁਰਦਾਸਪੁਰ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਦੀਵਾਲੀ ਦੇ ਪਵਿੱਤਰ ਤਿਓਹਾਰ ਮੌਕੇ ‘ਤੇ ਸ੍ਰੀ ਦਲਵਿੰਦਰਜੀਤ ਸਿੰਘ, ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈਡ ਕਰਾਸ ਸੁਸਾਇਟੀ, ਗੁਰਦਾਸਪੁਰ ਵਲੋਂ ਬਿਰਧ ਆਸ਼ਰਮ, ਗੁਰਦਾਸਪੁਰ ਵਿਖੇ ਪਹੁੰਚ ਕੇ ਬਜ਼ੁਰਗਾਂ ਨੂੰ ਦੀਵਾਲੀ ਦੀ ਮੁਬਾਰਕਬਾਦ ਦਿੱਤੀ।

ਡਿਪਟੀ ਕਮਿਸ਼ਨਰ ਵਲੋਂ ਉਹਨਾਂ ਨਾਲ ਗੱਲਬਾਤ ਕਰਕੇ ਉਹਨਾਂ ਦੀਆਂ ਮੁਸ਼ਕਲਾਂ ਆਦਿ ਬਾਰੇ ਜਾਣਕਾਰੀ ਪ੍ਰਾਪਤ ਕੀਤੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਬਜੁਰਗ ਸਾਡੇ ਆਪਣੇ ਹਨ ਅਤੇ ਬਜ਼ੁਰਗਾਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ ‘ਤੇ ਕੀਤਾ ਜਾਵੇਗਾ। ਉਹਨਾਂ ਵਲੋਂ ਆਸ਼ਰਮ ਦੇ ਕਮਰਿਆਂ, ਰਸੋਈ ਅਤੇ ਹੋਰ ਸਹੂਲਤਾਂ ਦੀ ਜਾਂਚ ਕੀਤੀ ਗਈ।

ਇਸ ਮੌਕੇ ਉਹਨਾਂ ਨੇ ਬਜ਼ੁਰਗਾਂ ਨੂੰ ਫਲ ਆਦਿ ਵੰਡੇ ਅਤੇ ਸੰਬੰਧਤ ਸਟਾਫ ਨੂੰ ਨਿਰਦੇਸ਼ ਦਿੱਤੇ ਕਿ ਬਜ਼ੁਰਗਾਂ ਦੀ ਸਿਹਤ ਅਤੇ ਸੁਖ-ਸੁਵਿਧਾ ਦਾ ਖਾਸ ਧਿਆਨ ਰੱਖਿਆ ਜਾਵੇ। ਨਾਲ ਹੀ ਉਨ੍ਹਾਂ ਕਿਹਾ ਕਿ ਜੇਕਰ ਆਸ਼ਰਮ ਨੂੰ ਕਿਸੇ ਵੀ ਤਰ੍ਹਾਂ ਦੀ ਮਦਦ ਦੀ ਲੋੜ ਹੋਵੇ ਤਾਂ ਪ੍ਰਸ਼ਾਸਨ ਨੂੰ ਜ਼ਰੂਰ ਜਾਣਕਾਰੀ ਦਿੱਤੀ ਜਾਵੇ।

ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਜ਼ਿਲ੍ਹੇ ਅੰਦਰ ਚਲਾਏ ਜਾ ਰਹੇ ਚਿਲਡਰਨ ਹੋਮ, ਜ਼ੇਲ ਰੋਡ, ਗੁਰਦਾਸਪੁਰ ਪਹੁੰਚੇ ਅਤੇ ਬੱਚਿਆਂ ਨੂੰ ਫਲ, ਮਿਠਾਈਆਂ ਅਤੇ ਖੇਡ ਦਾ ਸਮਾਨ ਵੰਡ ਕੇ ਦੀਵਾਲੀ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ।

ਬੱਚਿਆਂ ਵਲੋਂ ਦੀਵਾਲੀ ਦੇ ਮੌਕੇ ‘ਤੇ ਆਪਣੇ ਹੱਥਾਂ ਨਾਲ ਤਿਆਰ ਕੀਤੇ ਗਏ ਦੀਵ ? ਅਤੇ ਪੇਂਟਿੰਗਾਂ ਵੀ ਡਿਪਟੀ ਕਮਿਸ਼ਨਰ ਵਲੋਂ ਖਰੀਦੀਆਂ ਗਈਆਂ, ਜਿਸ ਨਾਲ ਬੱਚਿਆਂ ਦਾ ਮਨੋਬਲ ਵਧਿਆ। ਉਨਾਂ ਨੇ ਬੱਚਿਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੀ ਪੜਾਈ ‘ਤੇ ਖ਼ਾਸ ਧਿਆਨ ਦੇਣ ਤੇ ਆਸ਼ਰਮ ਵਲੋਂ ਪ੍ਰਦਾਨ ਕੀਤੀਆਂ ਸਹੂਲਤਾਂ ਦਾ ਲਾਭ ਲੈ ਕੇ ਜੀਵਨ ਵਿਚ ਉੱਚਾਈਆਂ ਹਾਸਲ ਕਰਨ।

ਇਸ ਮੌਕੇ ਰਾਜੀਵ ਸਿੰਘ, ਸਕੱਤਰ, ਰੈਡ ਕਰਾਸ ਸੋਸਾਇਟੀ , ਗੁਰਦਾਸਪੁਰ, ਸ੍ਰੀਮਤੀ ਅਰਪਣਾ, ਮੈਨੇਜਰ, ਬਿਰਧ ਆਸ਼ਰਮ (ਹੈਲਪ ਏਜ਼ ਇੰਡੀਆ), ਗੁਰਦਾਸਪੁਰ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸੁਨੀਲ ਸ਼ਰਮਾ, ਮੈਡਮ ਸੰਦੀਪ ਕੌਰ, ਸੁਪਰਡੈਂਟ ਅਤੇ ਸਟਾਫ ਮੈਂਬਰ ਵੀ ਹਾਜ਼ਰ ਸਨ।

# ਘਰ ਵਿੱਚ ਵਰਤੀਆਂ ਜਾਣ ਵਾਲੀਆਂ ਖੁੱਲ੍ਹੀਆਂ ਨਮਕਦਾਨੀਆਂ ‘ਚ ਆਇਓਡਾਈਜ਼ਡ ਨਮਕ ਰੱਖਣ



**ਬਠਿੰਡਾ,24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਸਿਵਲ ਸਰਜਨ ਡਾ. ਤਪਿੰਦਰਜੋਤ ਦੀ ਯੋਗ ਅਗਵਾਈ ਵਿੱਚ ਸਿਹਤ ਵਿਭਾਗ ਵੱਲੋਂ ਜਿਲ੍ਹੇ ਦੀਆਂ ਸਿਹਤ ਸੰਸਥਾਵਾਂ, ਸਕੂਲਾਂ ਕਾਲਜਾਂ ਅਤੇ ਜਨਤਕ ਥਾਵਾਂ ’ਤੇ ਗਲੋਬਲ ਆਇਓਡੀਨ ਡੈਂਫੀਸੈਂਸੀ ਡਿਸਆਰਡਰ ਪ੍ਰਵੈਨਸ਼ਨ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਦਫ਼ਤਰ ਸਿਵਲ ਸਰਜਨ ਵਿਖੇ ਆਇਓਡੀਨ ਸਬੰਧੀ ਜਾਗਰੂਕਤਾ ਬੈਨਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਅਨੁਪਮਾ ਸ਼ਰਮਾ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਊਸ਼ਾ ਗੋਇਲ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਸੁਖਜਿੰਦਰ ਸਿੰਘ ਗਿੱਲ ਆਦਿ ਹਾਜ਼ਰ ਸਨ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਤਪਿੰਦਰਜੋਤ ਨੇ ਦੱਸਿਆ ਕਿ ਹਰੇਕ ਸਾਲ 21 ਅਕਤੂਬਰ ਨੂੰ ਗਲੋਬਲ ਆਇਓਡੀਨ ਡੈਂਫੀਸੈਂਸੀ ਡਿਸਆਰਡਰ ਪ੍ਰਵੈਨਸ਼ਨ ਦਿਵਸ ਮਨਾਇਆ ਜਾਂਦਾ ਹੈ, ਜਿਸ ਦਾ ਮੁੱਖ ਮੰਤਵ ਆਇਓਡੀਨ ਦੀ ਘਾਟ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਉਣ ਸਬੰਧੀ ਜਾਗਰੂਕ ਕਰਨਾ ਹੈ ਤਾਂ ਕਿ ਆਇਓਡੀਨ ਦੀ ਕਮੀ ਨਾਲ ਹੋਣ ਵਾਲੀਆਂ ਸਿਹਤ ਸਬੰਧੀ ਸਮੱਸਿਆਵਾਂ ਤੋਂ ਬਚਾਓ ਕੀਤਾ ਜਾ ਸਕੇ।

ਸਿਵਲ ਸਰਜਨ ਨੇ ਦੱਸਿਆ ਕਿ ਆਇਓਡੀਨ ਇੱਕ ਕੁਦਰਤੀ ਖੁਰਾਕੀ ਤੱਤ ਹੈ ਜੋ ਕਿ ਰੋਜ਼ਾਨਾ ਦੀ ਜਿੰਦਗੀ ਵਿੱਚ ਇੱਕ ਇਨਸਾਨ ਨੂੰ 150 ਮਾਈਕ੍ਰੋਗ੍ਰਾਮ (ਸੂਈ ਦੇ ਨੱਕੇ ਜਿੰਨਾ) ਚਾਹੀਦਾ ਹੈ। ਇਹ ਆਇਓਡੀਨ ਤੱਤ ਆਇਓਡਾਈਜ਼ਡ ਨਮਕ ਵਿੱਚੋਂ ਮਿਲਦਾ ਹੈ। ਗਰਭਵਤੀ ਔਰਤ ਨੂੰ ਬੱਚੇ ਦੇ ਦਿਮਾਗੀ, ਸਰੀਰਕ ਅਤੇ ਮਾਨਸਿਕ ਵਿਕਾਸ ਲਈ ਅਤਿ ਜ਼ਰੂਰੀ ਹੈ। ਇਸ ਦੀ ਕਮੀ ਨਾਲ ਗਰਭਪਾਤ ਹੋਣਾ, ਸਰੀਰਕ ਨੁਕਸ ਵਾਲਾ ਬੱਚਾ ਪੈਦਾ ਹੋਣਾ, ਮਰਿਆ ਬੱਚਾ ਪੈਦਾ ਹੋਣਾ, ਬੱਚੇ ਨੂੰ ਬੋਲਾਪਣ, ਭੈਂਗਾਪਣ, ਬੋਨਾਪਣ, ਗਿੱਲੜ, ਥਾਇਰਾਇਡ ਆਦਿ ਰੋਗ ਲਗਦੇ ਹਨ।

ਉਨ੍ਹਾਂ ਦੱਸਿਆ ਕਿ ਹਮੇਸ਼ਾ ਸਹੀ ਕੰਪਨੀ ਦਾ ਮਿਆਰੀ ਆਇਓਡਾਈਜ਼ ਨਮਕ ਹੀ ਖਰੀਦਣਾ ਅਤੇ ਵਰਤੋਂ ਕਰਨੀ ਚਾਹੀਦੀ ਹੈ। ਨਮਕ ਦੀ ਥੈਲੀ ਉੱਪਰ ਚੜਦੇ ਸੂਰਜ ਦੇ ਨਿਸ਼ਾਨ ਹੀ ਆਇਓਡੀਨ ਯੁਕਤ ਲੂਣ ਦੀ ਪਹਿਚਾਨ ਹੈ। ਘਰ ਵਿੱਚ ਵਰਤੀਆਂ ਜਾਣ ਵਾਲੀਆਂ ਖੁੱਲ੍ਹੀਆਂ ਨਮਕਦਾਨੀਆਂ ਵਿੱਚ ਆਇਓਡਾਈਜ਼ਡ ਨਮਕ ਨਹੀਂ ਰੱਖਣਾ ਚਾਹੀਦਾ, ਕਿਓਂਕਿ ਸਿੱਲੇ ਹੋਏ ਨਮਕ ਵਿੱਚੋਂ ਆਇਓਡੀਨ ਦੀ ਮਾਤਰਾ ਲਗਭਗ ਖਤਮ ਹੋ ਜਾਂਦੀ ਹੈ। ਇਸ ਲਈ ਨਮਕ ਨੂੰ ਢੱਕਣ ਨਾਲ ਬੰਦ ਕਰ ਕੇ ਰੱਖਿਆ ਜਾਵੇ ਤੇ ਨਮਕ ਦੀ ਸਹੀ ਸੰਭਾਲ ਕਰਨੀ ਚਾਹੀਦੀ ਹੈ।

ਉਨ੍ਹਾਂ ਦੱਸਿਆ ਕਿ ਲੂਣ ਨੂੰ ਹਮੇਸ਼ਾ ਹਵਾ ਨਾ ਲੱਗਣ ਵਾਲੇ ਬਰਤਨ (ਏਅਰ ਟਾਈਟ) ਵਿੱਚ ਰੱਖਣਾ ਚਾਹੀਦਾ ਹੈ, ਧੁੱਪ, ਸੇਕ, ਨਮੀ ਤੋਂ ਬਚਾ ਕੇ ਰੱਖਣਾ ਚਾਹੀਦਾ ਹੈ। ਭੋਜਨ ਵਿੱਚ ਆਇਓਡੀਨ ਦੀ ਪੂਰਤੀ ਲਈ ਹਮੇਸ਼ਾ ਭੋਜਨ ਵਿੱਚ ਦੁੱਧ, ਦਹੀਂ, ਅੰਡਾ, ਮੱਛੀ ਅਤੇ ਸਮੁੰਦਰੀ ਭੋਜਨ ਦੀ ਵਰਤੋਂ ਕਰੋ। ਸ਼ਾਕਾਹਾਰੀ ਭੋਜਨ ਵਿਚ ਚੈਰੀ, ਅਨਾਨਾਸ ਤੇ ਹਰੀਆਂ ਫਲੀਆਂ ਆਦਿ ਵਿਚ ਵੀ ਪਾਇਆ ਜਾਂਦਾ ਹੈ।

ਇਸ ਮੌਕੇ ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਕੁਲਵੰਤ ਸਿੰਘ, ਜ਼ਿਲ੍ਹਾ ਬੀ.ਸੀ.ਸੀ ਨਰਿੰਦਰ ਕੁਮਾਰ, ਬੀ.ਈ.ਈ ਗਗਨਦੀਪ ਸਿੰਘ ਭੁੱਲਰ, ਸੀਨੀਅਰ ਫਾਰਮੇਸੀ ਅਫ਼ਸਰ ਸੁਖਵਿੰਦਰ ਸਿੰਘ ਸਿੱਧੂ ਅਤੇ ਅਸ਼ੋਕ ਕੁਮਾਰ ਐਸ.ਐਲ.ਟੀ ਆਦਿ ਹਾਜ਼ਰ ਸਨ।

# ਕਿਸਾਨਾਂ ਨੂੰ ਹੁਣ ਤੱਕ 364.65 ਕਰੋੜ ਦੀ ਕੀਤੀ ਅਦਾਇਗੀ : ਡਿਪਟੀ ਕਮਿਸ਼ਨਰ

**ਬਠਿੰਡਾ,24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 20 ਅਕਤੂਬਰ 2025 ਤੱਕ ਕੁੱਲ 207900 ਮੈਟ੍ਰਿਕ ਟਨ ਝੋਨੇ ਦੀ ਆਮਦ ਹੋਈ, ਜਿਸ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਨੇ 193739 ਮੈਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਭਰ ਦੀਆਂ ਅਨਾਜ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਨਿਰਵਿਘਨ ਜਾਰੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਖਰੀਦ ਕੀਤੇ ਜਾ ਰਹੇ ਝੋਨੇ ਦੀ 364.65 ਕਰੋੜ ਰੁਪਏ ਦੀ ਅਦਾਇਗੀ ਵੀ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਨਗ੍ਰੇਨ ਵੱਲੋਂ 84215 ਮੀਟ੍ਰਿਕ ਟਨ, ਮਾਰਕਫ਼ੈਡ 40571, ਪਨਸਪ 45535, ਪੰਜਾਬ ਵੇਅਰ ਹਾਊਸ 23320,ਐਫ.ਸੀ.ਆਈ. 83 ਅਤੇ ਹੋਰ ਪ੍ਰਾਈਵੇਟ ਵਪਾਰੀਆਂ ਵਲੋਂ 15 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ।

# ਦੇਸ਼ ਖਾਤਰ ਜਾਨਾਂ ਵਾਰਨ ਵਾਲੇ ਬਹਾਦਰ ਪੁਲਿਸ ਜਵਾਨਾਂ ਨੂੰ ਗੁਰਦਾਸਪੁਰ ਪੁਲਿਸ ਨੇ ਸ਼ਹੀਦੀ ਦਿਵਸ ਮੌਕੇ ਦਿੱਤੀ ਨਿੱਘੀ ਸ਼ਰਧਾਂਜਲੀ

**ਗੁਰਦਾਸਪੁਰ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲਿਸ ਦੇ ਬਹਾਦਰ ਜਵਾਨਾਂ ਨੇ ਹਮੇਸ਼ਾਂ ਹੀ ਸੂਬੇ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਦਿਆਂ ਵੱਡੀਆਂ ਕੁਰਬਾਨੀਆਂ ਦੇ ਕੇ ਸ਼ਾਨਾਮੱਤਾ ਇਤਿਹਾਸ ਸਿਰਜਿਆ ਹੈ। ਇਹ ਪ੍ਰਗਟਾਵਾ ਐੱਸ.ਐੱਸ.ਪੀ.ਗੁਰਦਾਸਪੁਰ, ਸ੍ਰੀ ਆਦਿੱਤਿਆ ਨੇ ਅੱਜ ਸਥਾਨਕ ਪੁਲਿਸ ਲਾਈਨ ਵਿਖੇ ਪੁਲਿਸ ਸ਼ਹੀਦੀ ਦਿਵਸ ਮੌਕੇ ਸ਼ਹੀਦ ਹੋਏ ਪੰਜਾਬ ਪੁਲਸ ਤੇ ਹੋਰ ਸੁਰੱਖਿਆ ਬਲਾਂ ਦੇ ਜਵਾਨਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇ ?ਟ ਕਰਦਿਆਂ ਆਪਣੇ ਸੰਬੋਧਨ ਦੌਰਾਨ ਕੀਤਾ।

ਇਸ ਮੌਕੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਜ) ਐਸ.ਪੀ (ਐੱਚ), ਜੁਗਰਾਜ ਸਿੰਘ, ਪਰਮਜੀਤ ਕੁਮਾਰ, ਸੀਨੀਅਰ ਮੀਤ ਪ੍ਰਧਾਨ ਸੇਵਾਮੁਕਤ ਵੈਲਫੇਅਰ ਐਸੋਸੀਏਸ਼ਨ ਗੁਰਦਾਸਪੁਰ ਅਤੇ ਮੈਂਬਰ ਸੈਮੂਅਲ ਮਸੀਹ, ਐਮ.ਡੀ ਡਾ. ਅਜੈਪਾਲ ਸਿੰਘ, ਸਮੂਹ ਡੀ ਐਸ ਪੀਜ਼, ਸਮੂਹ ਐਸ ਐਚ ਉਜ਼ ਅਤੇ ਸ਼ਹੀਦ ਜਵਾਨਾਂ ਦੇ ਪਰਿਵਾਰਕ ਮੈਂਬਰ ਅਤੇ ਸਾਬਕਾ ਪੁਲਿਸ ਅਧਿਕਾਰੀ ਮੌਜੂਦ ਸਨ।

ਐੱਸ.ਐੱਸ.ਪੀ, ਆਦਿੱਤਿਆ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਨ ਕਰਦਿਆਂ ਕਿਹਾ ਕਿ ਸ਼ਹੀਦ ਦੇਸ਼ ਤੇ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਪੂਰਾ ਦੇਸ਼ ਹਮੇਸ਼ਾਂ ਆਪਣੇ ਸ਼ਹੀਦਾਂ ਦਾ ਰਿਣੀ ਰਹੇਗਾ।

ਉਨਾਂ ਦੱਸਿਆ ਕਿ ਪੰਜਾਬ ਪੁਲਿਸ ਨੇ ਅੱਤਵਾਦ ਨੂੰ ਖਤਮ ਕਰਨ ਲਈ ਬੜੀ ਬਹਾਦਰੀ ਨਾਲ ਲੜਾਈ ਲੜੀ ਹੈ ਅਤੇ ਪੰਜਾਬ ਪੁਲਿਸ ਦੇ ਸਿਪਾਹੀ ਤੋਂ ਲੈ ਕੇ ਵੱਡੇ ਅਧਿਕਾਰੀ ਤੱਕ ਨੇ ਸ਼ਹਾਦਤ ਦਾ ਜਾਮ ਪੀਤਾ ਹੈ।

ਐਸ ਐਸ ਪੀ ਗੁਰਦਾਸਪੁਰ ਨੇ ਅੱਗੇ ਕਿਹਾ ਸ਼ਹੀਦਾਂ ਦੇ ਪਰਿਵਾਰ ਸਾਡੇ ਆਪਣੇ ਪਰਿਵਾਰ ਹਨ ਅਤੇ ਪੁਲਿਸ ਵਿਭਾਗ ਸ਼ਹੀਦ ਪਰਿਵਾਰਾਂ ਦੇ ਹਰ ਦੁੱਖ-ਸੁੱਖ ਦੀ ਘੜੀ ਵਿੱਚ ਉਨਾਂ ਦੇ ਨਾਲ ਖੜਾ ਹੈ।

ਐਸ ਐਸ ਪੀ ਗੁਰਦਾਸਪੁਰ ਨੇ ਅੱਜ ਦੇ ਦਿਨ 21 ਅਕਤੂਬਰ ਦੇ ਇਤਿਹਾਸ ਦਾ ਜ਼ਿਕਰ ਕਰਦਿਆਂ ਦੱਸਿਆ ਕਿ 1959 ਨੂੰ ਲੱਦਾਖ ਦੇ ਹੌਟ ਸਪਰਿੰਗਜ਼ ਵਿਖੇ ਚੀਨ ਦੇ ਬਾਰਡਰ ’ਤੇ ਪੈਟਰੋਲਿੰਗ ਕਰ ਰਹੀ ਸੀ.ਆਰ.ਪੀ.ਐੱਫ ਦੀ ਟੁੱਕੜੀ ’ਤੇ ਚੀਨੀ ਫੌਜੀਆਂ ਨੇ ਘਾਤ ਲਗਾ ਕੇ ਹਮਲਾ ਕੀਤਾ ਸੀ, ਜਿਸਦਾ ਸਾਡੇ ਦੇਸ਼ ਦੇ ਜਵਾਨਾਂ ਨੇ ਬੜੀ ਦਲੇਰੀ ਤੇ ਬਹਾਦਰੀ ਨਾਲ ਮੁਕਾਬਲਾ ਕੀਤਾ ਅਤੇ ਦੇਸ਼ ਦੀ ਰਾਖੀ ਲਈ ਇਹ ਜਵਾਨ ਸ਼ਹਾਦਤ ਪ੍ਰਾਪਤ ਕਰ ਗਏ ਸਨ। ਉਨਾਂ ਸ਼ਹੀਦਾਂ ਦੀ ਯਾਦ ਵਿਚ ਸਾਲ 1960 ਤੋਂ ਦੇਸ਼ ਦੀਆਂ ਸਾਰੀਆਂ ਪੁਲਿਸ ਫੋਰਸਿਜ਼, ਸੁਰੱਖਿਆ ਬਲਾਂ ਵਲੋਂ ਲਏ ਗਏ ਫੈਸਲੇ ਮੁਤਾਬਕ ਹਰ ਸਾਲ 21 ਅਕਤੂਬਰ ਦਾ ਦਿਨ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਜਾਨਾਂ ਵਾਰਨ ਵਾਲੇ ਬਹਾਦਰ ਜਵਾਨਾਂ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਕੁਲਵੰਤ ਸਿੰਘ ਮਾਨ ਸਿੰਘ, ਡੀ.ਐੱਸ.ਪੀ. ਦੀ ਕਮਾਂਡ ਹੇਠ ਪੁਲਿਸ ਦੇ ਜਵਾਨਾਂ ਨੇ ਸ਼ੋਕ ਸਲਾਮੀ ਦੌਰਾਨ ਹਥਿਆਰ ਉਲਟੇ ਕਰਕੇ ਸ਼ਹੀਦ ਅਫਸਰਾਂ ਤੇ ਜਵਾਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਦੋ ਮਿੰਟ ਦਾ ਮੌਨ ਧਾਰਨ ਕੀਤਾ।

ਇਸ ਮੌਕੇ ਸ੍ਰੀ ਰਜਿੰਦਰ ਸਿੰਘ ਮਿਨਹਾਸ, ਡੀ.ਐਸ.ਪੀ ਦੀਨਾਨਗਰ ਵਲੋਂ ਪਿਛਲੇ ਇੱਕ ਸਾਲ ਦੌਰਾਨ ਦੇਸ਼ ਭਰ ਵਿੱਚ ਸ਼ਹੀਦ ਹੋਏ ਸੁਰੱਖਿਆ ਜਵਾਨਾਂ ਦੇ ਨਾਮ ਪੜ੍ਹ ਕੇ ਉਨਾਂ ਨੂੰ ਸ਼ਰਧਾਂਜਲੀ ਦਿੱਤੀ।ਉਪਰੰਤ ਐਸ.ਐਸ.ਪੀ ਗੁਰਦਾਸਪੁਰ ਵਲੋਂ ਸ਼ਹੀਦਾਂ ਜਵਾਨਾਂ ਦੇ ਪਰਿਵਾਰਕ ਮੈਂਬਰਾਂ ਦੀਆਂ ਦੁੱਖ ਤਕਲੀਫ਼ਾਂ ਵੀ ਸੁਣੀਆਂ ਤੇ ਕਿਹਾ ਕਿ ਪੁਲਿਸ ਵਿਭਾਗ, ਸ਼ਹੀਦ ਪਰਿਵਾਰ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ ’ਤੇ ਹੱਲ ਕਰਨ ਲਈ ਵਚਨਬੱਧ ਹੈ।

ਉਪਰੰਤ ਸਾਰਿਆਂ ਵਲੋਂ ਨਾਸ਼ਤਾ ਵੀ ਕੀਤਾ ਗਿਆ।

# ਅਜੂਬੇ ਵਰਗੀ ਸ਼ਖ਼ਸੀਅਤ ਮਨਮੋਹਨ ਬਾਵਾ



ਹਰਵਿੰਦਰ ਬਿਲਾਸਪੁਰ
ਮੋਬਾਈਲ : 98149-07020

*ਮਨਮੋਹਨ ਬਾਵਾ ਦਾ ਬਚਪਨ ਬਹੁਤ ਗੁਰਬਤ ਵਿਚ ਗੁਜ਼ਰਿਆ। ਹਾਲਾਤ ਇੱਥੋਂ ਤਕ ਬਦਤਰ ਸਨ ਕਿ ਉਸ ਨੂੰ ਤੇਈ-ਚੌਵੀ ਸਾਲ ਦੀ ਉਮਰ ਤਕ ਪੈਰੀਂ ਜੁੱਤੀ ਨਹੀਂ ਸੀ ਜੁੜੀ। ਇਸ ਦੇ ਸਬੂਤ ਵਜੋਂ ਉਹ ਆਪਣੇ ਵੱਡੇ, ਚੌੜੇ ਪੰਜਿਆਂ ਵਾਲੇ ਪੈਰ ਵਿਖਾਉਣ ਲੱਗਦਾ ਹੈ...*

ਪ੍ਰਸਿੱਧ ਜਾਂ ਉੱਘਾ ਸ਼ਬਦ ਨਾਵਲਕਾਰ ਮਨਮੋਹਨ ਬਾਵਾ ਲਈ ਬੌਣਾ ਹੈ। ਇਸ ਦਾ ਅਹਿਸਾਸ ਉਸ ਨੂੰ ਮਿਲ ਕੇ ਅਤੇ ਉਸ ਬਾਰੇ ਜਾਣ ਕੇ ਬਾਖ਼ੂਬੀ ਹੋ ਜਾਂਦਾ ਹੈ। ਪਿਛਲੇ ਦਿਨੀਂ ਉਨਾਂ ਨਾਲ ਦੋ ਦਿਨ ਗੁਜ਼ਾਰਨ ਦਾ ਮੌਕਾ ਮਿਲਿਆ। ਇਸ ਸਮੇਂ ਦੌਰਾਨ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਅਹਿਮ ਪਹਿਲੂਆਂ ਬਾਰੇ ਜਾਨਣ ਦਾ ਮੌਕਾ ਮਿਲਿਆ। ਜਿਸ ਤਰ੍ਹਾਂ ਅੱਜ ਖ਼ੁਦਕੁਸ਼ੀਆਂ ਦਾ ਦੌਰ ਚੱਲ ਰਿਹਾ ਹੈ, ਉਨਾਂ ਦੀ ਸੰਘਰਸ਼ਮਈ ਜ਼ਿੰਦਗੀ ਇਕ ਚਾਨਣ-ਮੁਨਾਰੇ ਦਾ ਕੰਮ ਕਰਦੀ ਹੈ।

ਆਪਣੀ ਜ਼ਿੰਦਗੀ ਬਾਰੇ ਕੁਝ ਬਿਆਨ ਕਰਨ ਤੋਂ ਪਹਿਲਾਂ ਉਹ ਦੋ ਮਿੰਟ ਲਈ ਆਪਣੀਆਂ ਅੱਖਾਂ ਬੰਦ ਕਰ ਲੈਂਦਾ ਹੈ। ਸ਼ਾਇਦ ਬੀਤੇ ਦੀਆਂ ਘਟਨਾਵਾਂ ਨੂੰ ਇਕ ਲੜੀ ਵਿਚ ਪਰੋਂਦਾ ਹੋਵੇ। ਉਸ ਦੇ ਡੱਬੀਆਂ ਵਾਲੇ ਖੇਸ ਦੀ, ਸਤੰਬਰ ਮਹੀਨੇ, ਡਲਹੌਜ਼ੀ ਦੀ ਹਲਕੀ ਠੰਢ ਨਾਲ ਗੁਫ਼ਤਗੂ ਸ਼ੁਰੂ ਹੋ ਜਾਂਦੀ ਹੈ। ਉਸ ਦਾ ਬਚਪਨ ਬਹੁਤ ਗੁਰਬਤ ਵਿਚ ਗੁਜ਼ਰਿਆ। ਹਾਲਾਤ ਇੱਥੋਂ ਤਕ ਬਦਤਰ ਸਨ ਕਿ ਉਸ ਨੂੰ ਤੇਈ-ਚੌਵੀ ਸਾਲ ਦੀ ਉਮਰ ਤਕ ਪੈਰੀਂ ਜੁੱਤੀ ਨਹੀਂ ਸੀ ਜੁੜੀ। ਇਸ ਦਾ ਸਬੂਤ ਉਹ ਆਪਣੇ ਵੱਡੇ, ਚੌੜੇ ਪੰਜਿਆਂ ਵਾਲੇ ਆਪਣੇ ਪੈਰ ਵਿਖਾਉਣ ਲੱਗ ਜਾਂਦਾ ਹੈ। ਬਾਪ ਦਾ ਪਿੱਛਾ, ਆਲਸ ਨੇ ਨਹੀਂ ਛੱਡਿਆ। ਨਾਨਾ ਜੀ ਸਰਦੇ-ਪੁੱਜਦੇ ਸਨ। ਜੁਆਈ ਨੂੰ ਕਈ ਕੰਮ ਸ਼ੁਰੂ ਕਰ ਕੇ ਦਿੱਤੇ ਪਰ ਸਭ ਫੇਲ੍ਹ। ਆਪਣੀ ਲੱਕੜੀ ਦੀ ਦੁਕਾਨ ਸੰਭਾਲ਼ ਦਿੱਤੀ ਪਰ ਡੇਢ ਦੋ ਸਾਲਾਂ ਵਿਚ ਉਹ ਵੀ ਖਤਮ।

ਬਚਪਨ ਦਾ ਕੁਝ ਸਮਾਂ ਧੂਰੀ ਅਤੇ ਕੁਝ ਅੰਮ੍ਰਿਤਸਰ, ਬਿਆਸ ਵਿਚ ਗੁਜ਼ਰਿਆ। ਫਿਰ ਸਾਰਾ ਪਰਿਵਾਰ ਦਿੱਲੀ ਜਾ ਕੇ ਵਸ ਗਿਆ। ਪੜ੍ਹਾਈ ਵਿਚ ਜ਼ਿਆਦਾ ਰੁਚੀ ਨਹੀਂ ਸੀ ਪਰ ਫਿਰ ਵੀ ਰੁਲ਼ਖੁਲ ਕੇ ਓਦੋਂ ਤਕ ਬਾਵਾ ਨੇ ਦਸਵੀਂ ਪਾਸ ਕਰ ਲਈ ਸੀ। ਪਰ ਉਸ ਦਾ ਮਨ ਕਹਿੰਦਾ ਸੀ ਕਿ ਉਸ ਨੇ ਕਲਰਕ ਨਹੀਂ ਬਣਨਾ। ਉਸ ਨੇ ਤਾਂ ਚਿਤਰਕਾਰ ਬਣਨਾ ਹੈ। ਪਰ ਕਿਸੇ ਆਰਟ ਕਾਲਜ ਵਿਚ ਦਾਖ਼ਲੇ ਲਈ ਘਰ ਦੇ ਹਾਲਾਤ ਸਾਜ਼ਗਾਰ ਨਹੀਂ ਸਨ। ਅਖੀਰ ਇਕ ਦਿਨ ਉਹ ਘਰੋਂ ਭੱਜ ਕੇ ਮੁੰਬਈ ਵਾਲੀ ਟਰੇਨ ਚੜ੍ਹ ਗਿਆ। ਉਸ ਵਕਤ ਉਸ ਕੋਲ ਉੱਨੀ ਰੁਪਏ ਸਨ ਜੋ ਉਸ ਨੇ ਘਰ ਦਾ ਸੌਦਾ ਪੱਤਾ ਲਿਆਉਣ ਵੇਲੇ ਪੈਸਿਆਂ ਵਿੱਚੋਂ ਥੋੜ੍ਹੇ ਥੋੜ੍ਹੇ ਰੱਖ ਕੇ ਜੋੜੇ ਸਨ। ਉਸ ਨੇ ਟਰੇਨ ਦੀ ਟਿਕਟ ਨਹੀਂ ਸੀ ਲਈ। ਰਾਤ ਸਾਰੀ ਗੁਜ਼ਰ ਗਈ ਪਰ ਸਵੇਰੇ ਪਹੁ ਫੁੱਟਦੀ ਨਾਲ ਟੀਟੀ ਆ ਗਿਆ। ਟਿੱਕਟ ਗੁੰਮ ਹੋ ਗਈ ਦਾ ਬਹਾਨਾ ਮਾਰਿਆ ਪਰ ਟੀਟੀ ਨੇ ਦੋ ਚਪੇੜਾਂ ਮਾਰ ਕੇ ਅਗਲੇ ਸਟੇਸ਼ਨ ’ਤੇ ਲਾਹ ਦਿੱਤਾ।

ਇਹ ਇਕ ਛੋਟਾ ਜਿਹਾ ਸਟੇਸ਼ਨ ਜਿਸ ਦਾ ਨਾਮ ਗੰਜ ਵਿਸੰਡਾ ਸੀ। ਉਸ ਨੂੰ ਕੋਈ ਗਿਆਨ ਨਹੀਂ ਸੀ ਕਿ ਮੁੰਬਈ ਹਾਲੇ ਕਿੰਨੀ ਦੂਰ ਹੈ। ਚਾਹ ਵਾਲੇ ਨੂੰ ਪੁੱਛਿਆ। ਉਸ ਨੇ ਕਿਹਾ ਕਿ ਇੱਥੋਂ ਭੁਪਾਲ ਵਾਲੀ ਗੱਡੀ ਫੜ੍ਹੋ। ਭੁਪਾਲ ਤੋਂ ਤੇਜ਼ ਟਰੇਨ ਮਿਲ ਜਾਵੇਗੀ। ਉਸ ਨੇ ਪੁੱਛਿਆ ਕਿ ਭੁਪਾਲ ਨੂੰ ਸੜਕ ਕਿਹੜੀ ਜਾਵੇਗੀ, ਚਾਹ ਵਾਲੇ ਨੇ ਰਸਤਾ ਸਮਝਾ ਦਿੱਤਾ। ਸੋਲਾਂ-ਸਤਾਰਾਂ ਸਾਲ ਦੇ ਬਾਵੇ ਦੇ ਪੈਰ ਲੰਮੇ ਪੈਂਡਿਆਂ ਨਾਲ ਉਲਝ ਗਏ। ਤੁਰਦੇ ਤੁਰਦੇ ਸ਼ਾਮ ਪਈ ਤਾਂ ਵੇਖਿਆ ਉਹ ਇਕ ਪਿੰਡ ਵਿਚ ਸੀ। ਉੱਥੇ ਇਕ ਮੰਦਿਰ ਵਿਚ ਰਾਤ ਕੱਟ ਸਵੇਰੇ ਫੇਰ ਤੁਰ ਪਿਆ। ਰਸਤੇ ਵਿਚ ਇਕ ਪੁਰਾਣਾ ਸ਼ਹਿਰ ਗੈਰਸਪੁਰ ਆਇਆ। ਸਾਹਮਣੇ ਇਕ ਪੁਰਾਣਾ ਮੰਦਿਰ ਸੀ, ਜੋ ਬਹੁਤ ਟੁੱਟੀ ਭੱਜੀ ਹਾਲਤ ਵਿਚ ਸੀ। ਓਥੇ ਦੋ ਤਿੰਨ ਬੰਦੇ ਆਪਣੇ ਕੰਮ ਵਿਚ ਰੁੱਝੇ ਹੋਏ ਸਨ। ਸ਼ਾਇਦ ਮੰਦਿਰ ਦੇ ਨਵੀਨੀਕਰਨ ਬਾਰੇ ਮੁਢਲਾ ਕੰਮ ਚੱਲ ਰਿਹਾ ਸੀ। ਇਕ ਨਕਸ਼ਾ ਨਵੀਸ, ਇਕ ਫੋਟੋਗ੍ਰਾਫ਼ਰ ਅਤੇ ਇਕ ਚਿੱਤਰਕਾਰ ਆਪਣੇ ਕੰਮ ਵਿਚ ਰੁੱਝੇ ਹੋਏ ਸਨ।

ਬਾਵਾ ਚਿੱਤਰਕਾਰ ਕੋਲ ਜਾ ਕੇ ਬੈਠ ਗਿਆ। ਚਿੱਤਰਕਾਰ ਸਕੈੱਚ ਤਿਆਰ ਕਰ ਰਿਹਾ ਸੀ। ਉਹ ਚਿੱਤਰਕਾਰ ਪਾਸੋਂ ਕਾਗ਼ਜ਼ ਲੈ ਆਥਣ ਤਕ ਵਿੰਗੀਆਂ ਟੇਢੀਆਂ ਲਕੀਰਾਂ ਵਾਹੁੰਦਾ ਰਿਹਾ। ਸ਼ਾਮ ਛੁੱਟੀ ਦੇ ਵਕਤ ਚਿੱਤਰਕਾਰ ਨੇ ਆਪਣੇ ਕੁਝ ਸਕੈੱਚ ਜਿੰਨਾਂ ਵਿਚ ਕੁਝ ਖ਼ਾਮੀ ਰਹਿ ਗਈ ਸੀ, ਸੁੱਟ ਦਿੱਤੇ, ਜਿਨਾਂ ਨੂੰ ਚਿੱਤਰਕਾਰ ਦੀ ਇਜ਼ਾਜਤ ਲੈ ਕੇ ਬਾਵੇ ਨੇ ਸਾਂਭ ਲਿਆ। ਉੱਥੇ ਹੀ ਰਾਤ ਕੱਟ ਕੇ ਸਵੇਰੇ ਅਗਲੇ ਸਫ਼ਰ ’ਤੇ ਨਿੱਕਲ ਲਿਆ। ਇਸ ਵਕਤ ਤਕ ਉਸ ਦੇ ਬੋਝੇ ਵਿਚਲੇ ਪੈਸੇ ਖਤਮ ਹੋ ਚੁੱਕੇ ਸਨ। ਅੱਗੇ ਸਾਂਚੀ ਸ਼ਹਿਰ ਵਿਚ ਇਕ ਭੱਠੇ ਤੇ ਨੌਕਰੀ ਲਈ ਤਰਲਾ ਮਾਰਿਆ। ਮਜ਼ਦੂਰੀ ਦਾ ਕੰਮ ਮਿਲਿਆ। ਕੁਝ ਦਿਨਾਂ ਬਾਅਦ ਜਦ ਮਾਲਕ ਨੂੰ ਉਸ ਦੇ ਪੜ੍ਹੇ ਲਿਖੇ ਹੋਣ ਦਾ ਪਤਾ ਲੱਗਿਆ ਤਾਂ ਉਸ ਨੂੰ ਮਜ਼ਦੂਰਾਂ ਦੀ ਹਾਜ਼ਰੀ ਵਗੈਰਾ ਲਗਾਉਣ ਦਾ ਕੰਮ ਦੇ ਦਿੱਤਾ। ਥੋੜ੍ਹੇ ਦਿਨ ਹੋਰ ਕੰਮ ਕਰਨ ਤੋਂ ਬਾਅਦ ਉਸ ਨੇ ਮਾਲਕ ਤੋਂ ਇਜ਼ਾਜਤ ਮੰਗੀ ਤੇ ਦੱਸਿਆ ਕਿ ਉਹ ਤਾਂ ਮੁੰਬਈ ਚਿੱਤਰਕਾਰੀ ਸਿੱਖਣ ਜਾ ਰਿਹਾ ਹੈ ਤਾਂ ਮਾਲਕ ਨੇ ਉਸ ਦੀ ਮਿਹਨਤ ਤੋਂ ਇਲਾਵਾ ਕੁਝ ਹੋਰ ਪੈਸੇ ਵੀ ਦੇ ਦਿੱਤੇ।

ਇਸ ਤਰ੍ਹਾਂ ਸਤਾਰਾਂ ਦਿਨਾਂ ਬਾਅਦ ਭੁਪਾਲ ਪਹੁੰਚਿਆ। ਭੁਪਾਲ ਤੋਂ ਮੁੰਬਈ। ਆਰਟ ਕਾਲਜ ਗਿਆ। ਪਤਾ ਲੱਗਿਆ ਅਡਮਿਸ਼ਨਾਂ ਹੋ ਚੁੱਕੀਆਂ ਸਨ। ਫਿਰ ਵੀ ਪ੍ਰਬੰਧਕ ਨੇ ਪੁੱਛਿਆ ਕਿ ਤੁਹਾਨੂੰ ਚਿੱਤਰਕਾਰੀ ਬਾਰੇ ਕੁਝ ਗਿਆਨ ਹੈ? ਤਾਂ ਉਸ ਨੇ ਉਹ ਸਕੈੱਚ ਜੋ ਉਹ ਗੈਰਸਪੁਰ ਤੋਂ ਲੈ ਕੇ ਆਇਆ ਸੀ, ਵਿਖਾ ਦਿੱਤੇ ਕਿ ਇਹ ਮੈਂ ਬਣਾਏ ਹਨ। ਪ੍ਰਬੰਧਕ ਨੇ ਪ੍ਰਭਾਵਿਤ ਹੋ ਕੇ ਸਪੈਸ਼ਲ ਦਾਖ਼ਲਾ ਦੇ ਦਿੱਤਾ।

ਸੱਤ ਅੱਠ ਮਹੀਨੇ ਕਾਲਜ ਲਗਾਏ। ਵਾਪਸ ਘਰ ਜਾਣ ਦਾ ਮਨ ਕੀਤਾ ਤਾਂ ਉਸ ਨੇ ਪ੍ਰਬੰਧਕ ਨੂੰ ਦੱਸਿਆ। ਪ੍ਰਬੰਧਕ ਇਸ ਗੱਲ ਤੇ ਮੰਨ ਗਿਆ ਕਿ ਉਹ ਹਰ ਸਾਲ ਸਾਰੇ ਸਬਜੈਕਟਾਂ ਨਾਲ ਸਬੰਧਿਤ ਆਪਣੇ ਚਿੱਤਰ ਬਣਾ ਕੇ ਸਾਨੂੰ ਪੋਸਟ ਕਰ ਦਿਆ ਕਰੇ। ਜੇ ਕੁਆਲਿਫਾਈ ਕਰਦਾ ਹੋਵੇਗਾ ਤਾਂ ਉਸ ਨੂੰ ਪੇਪਰ ਦੇਣ ਦੀ ਇਜਾਜ਼ਤ ਮਿਲ ਜਾਇਆ ਕਰੇਗੀ। ਵਾਪਸ ਦਿੱਲੀ ਆ ਕੇ ਇਕ ਬੰਗਾਲੀ ਆਰਟਿਸਟ ਕੋਲੋਂ ਟ੍ਰੇਨਿੰਗ ਲਈ। ਇਸ ਤਰ੍ਹਾਂ ਉਹ ਹਰ ਸਾਲ ਪੇਪਰ ਦਿੰਦਾ ਰਿਹਾ। ਯਾਦਾਂ ਤਾਜ਼ਾ ਕਰਦਿਆਂ ਉਹ ਦੱਸਦਾ ਹੈ ਕਿ ਮੈਂ ਡਿਜ਼ਾਈਨ ਦੇ ਸਬਜੈਕਟ ਚੋਂ ਕਾਫੀ ਕੰਮਜ਼ੋਰ ਸਾਂ।



ਮੇਰੇ ਵਾਂਗ ਗਵਾਲੀਅਰ ਤੋਂ ਤਿੰਨ ਕੁੜੀਆਂ ਵੀ ਪੇਪਰ ਦੇਣ ਆਉਂਦੀਆਂ ਸਨ। ਓਦੋਂ ਹੁਣ ਵਾਂਗ ਕੁੜੀਆਂ ਨੂੰ ਬੁਲਾਉਣ ਦਾ ਰਿਵਾਜ਼ ਨਹੀਂ ਸੀ ਪਰ ਮੇਰੇ ਨਾਲ ਉਨ੍ਹਾਂ ਦੀ ਹੈਲੋ ਹਾਏ ਹੋ ਗਈ। ਉਨ੍ਹਾਂ ਵਿੱਚੋਂ ਇਕ ਕੁੜੀ ਦਾ ਨਾਂ ਬਸੰਤੀ ਸੀ। ਡਿਜ਼ਾਈਨ ਦੇ ਪੇਪਰ ਤੋਂ ਇਕ ਦਿਨ ਪਹਿਲਾਂ ਉਸ ਨੂੰ ਬੇਨਤੀ ਕੀਤੀ ਕਿ ਕੱਲ੍ਹ ਨੂੰ ਤੁਸੀਂ ਕਿਸੇ ਅੱਛੇ ਡਿਜ਼ਾਈਨ ਵਾਲੀ ਸਾੜ੍ਹੀ ਪਹਿਨ ਕੇ ਆਈਓ। ਦੂਸਰੇ ਦਿਨ ਤਿੰਨੇ ਕੁੜੀਆਂ ਬਹੁਤ ਵਧੀਆ ਡਿਜ਼ਾਈਨ ਦੀਆਂ ਸਾੜੀਆਂ ਪਹਿਨ ਕੇ ਆਈਆਂ। ਇਸ ਤਰ੍ਹਾਂ ਸਾੜ੍ਹੀ ਤੋਂ ਨਕਲ ਮਾਰ ਕੇ ਪਾਸ ਹੋਇਆ। ਬਸੰਤੀ ਤੇ ਬਾਅਦ ਵਿਚ ਉਸ ਨੇ ਦੋ ਤਿੰਨ ਕਹਾਣੀਆਂ ਵੀ ਲਿਖੀਆਂ।

ਦੂਸਰਾ ਇਸ਼ਕ ਉਸ ਨੂੰ ਸਫ਼ਰ ਨਾਲ ਹੋਇਆ। ਉਸ ਨੇ ਸਾਰੀ ਦੁਨੀਆ ਗਾਹੀ ਹੈ। ਇਸ ਮੰਤਵ ਲਈ ਉਸ ਨੂੰ ਯੂਐਨਓ ਅਤੇ ਹੋਰ ਸੰਸਥਾਵਾਂ ਤੋਂ ਵੀ ਸਹਾਇਤਾ ਮਿਲਦੀ ਰਹੀ। ਦੇਸ਼ ਵਿਚ ਬਹੁਤੀ ਯਾਤਰਾ ਉਸ ਨੇ ਪੈਦਲ ਕੀਤੀ। ਉਹ ਦੱਸਦਾ ਹੈ ਕਿ ਜਿੱਥੇ ਜਿੱਥੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਗਏ, ਉਹ ਸਾਰੇ ਸਥਾਨਾਂ ’ਤੇ ਗਿਆ ਹੈ। ਦੁਨੀਆਂ ਦੇ ਕਈ ਸਥਾਨਾਂ ’ਤੇ ਉਹ ਦੂਹਰੀ-ਤੀਹਰੀ ਵਾਰ ਵੀ ਜਾ ਆਇਆ ਹੈ।

ਹੁਣ ਤਾਂ ਗੂਗਲ ’ਤੇ ਧਰਤੀ ਦੇ ਹਰ ਕੋਨੇ ਦਾ ਨਕਸ਼ਾ ਹੈ ਪਰ ਉਸ ਵਕਤ ਨਹੀਂ ਸੀ। ਪਰਬਤਰੋਹੀ ਦੌਰਾਨ ਉਸ ਨੇ ਹਿਮਾਲਿਆ ਪਰਬਤ ਲੜੀ ਅਤੇ ਹਿਮਾਚਲ ਦੇ ਹੋਰ ਬਹੁਤ ਸਾਰੇ ਪਹਾੜੀ ਏਰੀਏ ਦੀ ਟਰੈਕਿੰਗ ਜੋ ਕਿ ਬਹੁਤ ਜ਼ੋਖ਼ਮ ਵਾਲਾ ਕੰਮ ਹੈ, ਦੇ ਨਕਸ਼ੇ ਬਣਾਏ। ਇਨ੍ਹਾਂ ਨਕਸ਼ਿਆਂ ਨੂੰ ਉਸ ਵੇਲੇ ਇੰਗਲੈਂਡ ਦੇ ਪ੍ਰਕਾਸ਼ਕ ਨੇ ਛਾਪਿਆ, ਜਿਸ ਤੋਂ ਬਾਵੇ ਨੂੰ ਲਗਪਗ ਡੇਢ ਕਰੋੜ ਰੁਪਏ ਦੀ ਰਾਇਲਟੀ ਪ੍ਰਾਪਤ ਹੋਈ। ਇਨ੍ਹਾਂ ਯਾਤਰਾਵਾਂ ਬਾਰੇ ਵਿਸਥਾਰ ਨਾਲ ਜਾਨਣ ਲਈ ਉਸ ਦੇ ਸਫ਼ਰਨਾਮੇ ‘ਜੰਗਲ ਜੰਗਲ ਪਰਬਤ ਪਰਬਤ’, ਪੱਥ ਹੀ ਮੰਜ਼ਿਲ ਹੈ’ ਅਤੇ ਹੁਣ ‘20000 ਮੀਲ ਲੰਮੀ ਦੇਸ਼ ਕਾਲ ਯਾਤਰਾ’ ਪਾਠਕਾਂ ਦੀ ਕਚਿਹਰੀ ਵਿਚ ਹਾਜ਼ਰ ਹਨ।

ਇਸੇ ਦੌਰਾਨ ਇਤਿਹਾਸ ਦੀਆਂ ਪੁਸਤਕਾਂ ਪੜ੍ਹਨ ਦਾ ਸ਼ੌਕ ਲੱਗ ਗਿਆ, ਬਹੁਤ ਸਾਰੀਆਂ ਇਤਿਹਾਸਕ ਪੁਸਤਕਾਂ ਪੜ੍ਹੀਆਂ ਜਿਨਾਂ ਵਿੱਚੋਂ ‘ਵੋਲਗਾ ਸੇ ਗੰਗਾ’ ਵੀ ਸ਼ਾਮਿਲ ਹੈ। ਹੁਣ ਉਸ ਦੇ ਅੰਦਰ ਕੁਝ ਖੌਰੂ ਪਾ ਰਿਹਾ ਸੀ ਜੋ ਬਾਹਰ ਆਉਣਾ ਚਾਹੁੰਦਾ ਸੀ। ਉਸ ਨੂੰ ਲੱਗਿਆ ਕਿ ਇਤਿਹਾਸ ਦੇ ਕੁਝ ਪਹਿਲੂ ਦੁਨੀਆਂ ਦੀ ਨਜ਼ਰ ਵਿਚ ਲਿਆਂਦੇ ਹੀ ਨਹੀਂ ਗਏ। ਆਖਰ ਪਚਵੰਜਾ ਸਾਲ ਦੀ ਉਮਰ ਵਿਚ ਆ ਕੇ ਕਲਮ ਚੁੱਕ ਲਈ। ਪਹਿਲਾਂ ਕਹਾਣੀਆਂ ਲਿਖੀਆਂ। ਪਰ ਉਸ ਨੂੰ ਲੱਗਿਆ ਕਿ ਜੋ ਉਹ ਕਹਿਣਾ ਚਾਹੁੰਦਾ ਹੈ ਉਹ ਕਹਾਣੀ ਵਿਚ ਨਹੀਂ ਸਮਾ ਸਕਦਾ। ਫਿਰ ਉਸ ਨੇ ਇਤਿਹਾਸਕ ਪਿਠਭੂਮੀ ਵਾਲੇ ਵੱਡ ਅਕਾਰੀ ਨਾਵਲ ਲਿਖੇ। ਹੁਣ ਤਕ ਉਸ ਦੇ ‘ਯੁੱਧ ਨਾਦ’, ‘ਕਾਲ ਕਥਾ’, ਯੁੱਗ ਅੰਤ’, ‘ਅਫਗਾਨਿਸਤਾਨ ਦੀ ਉਰਵਲਾ’ ਅਤੇ ‘1857 ਦਿੱਲੀ ਦਿੱਲੀ’ ਪ੍ਰਕਾਸ਼ਿਤ ਹੋ ਚੁੱਕੇ ਹਨ। ਸ਼ੇਰ ਸ਼ਾਹ ਸੂਰੀ ਉੱਪਰ ਇਕ ਨਾਵਲ ਛਪਣ ਲਈ ਤਿਆਰ ਹੈ।

ਉਹ ਅੱਜ ਕੱਲ੍ਹ ਡਲਹੌਜ਼ੀ ਦੇ ਸਭ ਤੋਂ ਪੁਰਾਣੇ ਅਤੇ ਵਿਸ਼ਾਲ ਖੇਤਰ ਵਾਲੇ ਹੋਟਲ ਮੇਹਰ ਦਾ ਮਾਲਕ ਹੈ। ਦੋ ਬੇਟੀਆਂ ਹਨ ਜੋ ਆਪਣੇ ਘਰ ਸੁੱਖੀ-ਸਾਂਦੀ ਵਸਦੀਆਂ ਹਨ। ਪਚਾਸੀ ਸਾਲ ਦੇ ਸਵਾ ਛੇ ਫੁੱਟੇ ਨੌਜਵਾਨ ਬਾਬੇ ਦਾ ਨਾਂ ਸਾਹਿਤ ਅਕੈਡਮੀ ਪੁਰਸਕਾਰ ਲਈ ਵਿਚਾਰ ਅਧੀਨ ਨਾਵਾਂ ਵਿਚ ਬੋਲਦਾ ਹੈ। ਹਾਲਾਂਕਿ ਉਸ ਵਰਗੀਆਂ ਸ਼ਖ਼ਸੀਅਤਾਂ ਇਨ੍ਹਾਂ ਮਾਣ-ਸਨਮਾਨਾਂ ਤੋਂ ਬਹੁਤ ਉੱਪਰ ਹੁੰਦੀਆਂ ਹਨ ਪਰ ਫਿਰ ਵੀ ਸਾਡੀ ਤਾਂ ਇਹੀ ਦੁਆ ਹੈ ਕਿ ਉਹ ਦਿਨ ਜਲਦੀ ਆਵੇ ਜਦ ਇਹ ਪੁਰਸਕਾਰ ਉਨਾਂ ਦੀ ਝੋਲੀ ਪਵੇ। •

# ਤੈਂ ਕੀ ਦਰਦ ਨਾ ਆਇਆ

ਕਹਾਣੀ



ਸਤਨਾਮ ਚੌਹਾਨ
ਮੋਬਾਈਲ : 98886-15531

*ਤੁਰਨ ਲੱਗਿਆਂ ਪੁੱਤਰਾ ਮੈਂ ਘਰੋਂ ‘ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ’ ਜੀ ਦੀ ਬੀੜ ਚੁੱਕ ਲਈ ਜੋ ਸਾਡੇ ਪਾਕਿਸਤਾਨ ਵਾਲੇ ਘਰ ਵਿਚ ਬਿਰਾਜਮਾਨ ਸੀ...*

ਦਹਾਕਿਆਂ ਪਹਿਲਾਂ ਕਾਲੀ ਹਨੇਰੀ ਝੁਲੀ। ਜਿਸ ਵਿਚ ਪਤਾ ਨਹੀਂ ਕਿੰਨੇ ਹੀ ਘਰ ਉਜੜੇ, ਕਿੰਨੀਆਂ ਹੀ ਅਸਮਤਾਂ ਲੁੱਟੀਆਂ ਗਈਆਂ, ਕਿੰਨੀਆਂ ਨੇ ਆਪਣੀਆਂ ਇੱਜ਼ਤਾਂ ਬਚਾਉਣ ਖ਼ਾਤਰ ਖੂਹ-ਟੋਬਿਆਂ ’ਚ ਛਾਲਾਂ ਮਾਰੀਆਂ। ਲੋਕਾਂ ਦੇ ਮਿਹਨਤ ਨਾਲ ਬਣਾਏ ਘਰ ਉੱਜੜ ਗਏ। ਮਨੁੱਖ ਨੂੰ ਮਨੁੱਖ ਦੀ ਪਛਾਣ ਭੁੱਲ ਗਈ। ਇਹ ਦੱਸਦੇ-ਦੱਸਦੇ ਮੇਰੇ ਬਾਪੂ ਜੀ ਇਕ ਹਾਉਕਾ ਲੈ ਕੇ ਉਦਾਸ ਹੋ ਗਏ। ਮੇਰੇ ਦੇਖਦੇ-ਦੇਖਦੇ ਇਕ ਪੀੜ ਉਨ੍ਹਾਂ ਦੇ ਚਿਹਰੇ ’ਤੇ ਫੈਲ ਗਈ। ਮੈਂ ਫੇਰ ਪੁੱਛਿਆ, “ਬਾਪੂ ਜੀ ਫੇਰ ਕੀ ਹੋਇਆ”। ਉਨ੍ਹਾਂ ਫਿਰ ਹਉਕਾ ਲਿਆ ਫਿਰ ਮੈਨੂੰ ਉਸ ਕਾਲੀ ਹਨੇਰੀ ਦੇ ਉਜਾੜੇ ਦੀ ਦਰਦਨਾਕ ਘਟਨਾ ਸੁਣਾਉਣ ਲੱਗੇ। ਫਿਰ ਰੁੱਕ ਕੇ ਕਹਿੰਦੇ “ਛੱਡ ਤੂੰ ਕੀ ਲੈਣਾ ਸੁਣ ਕੇ ਇੰਨਾਂ ਦਰਦ” ਕਿਵੇਂ ਸਹੇਗੀ, ਕਿਵੇਂ ਸੁਣੇਗੀ? ਨਾ ਜ਼ਿੱਦ ਕਰ ਮੇਰੀ ਲਾਡਲੀ ਧੀ। ਨਾ ਜ਼ਿੱਦ ਕਰ। ਪਰ ਮੈਂ ਫਿਰ ਵੀ ਬਾਪੂ ਜੀ ਕੋਲ ਕੁਰਸੀ ਰੱਖ ਬੈਠ ਗਈ, ਨਹੀਂ ਤੁਸੀਂ ਸੁਣਾਓ।

ਬਾਪੂ ਬੋਲਦਾ ਹੈ ਤਾਂ ਇਦਾਂ ਲੱਗਦਾ ਜਿਵੇਂ ਆਵਾਜ਼ ਕਿਸੇ ਡੂੰਘੇ ਖੂਹ ਚੋਂ ਆ ਰਹੀ ਹੋਵੇ। ਦਰਦੀਲੀ ਜਿਹੀ। ਅੱਖਾਂ ਦੇ ਕੋਨਿਆਂ ਵਿਚ ਪਾਣੀ ਸਿਮ ਆਇਆ। ਵੈਸੇ ਮੈਂ ਕਦੇ ਬਾਪੂ ਜੀ ਨੂੰ ਰੋਂਦੇ ਨਹੀਂ ਸੀ ਦੇਖਿਆ, ਬਥੇਰੀਆਂ ਮੁਸੀਬਤਾਂ ਦੇ ਪਹਾੜ ਆਏ। ਮਾਂ ਦੀ ਮੌਤ ਤਾਂ ਇਕ ਸੱਚੀ-ਮੁੱਚੀ ਪਹਾੜ ਜਿਹੀ ਹੀ ਮੁਸੀਬਤ ਸੀ, ਜਿਸ ਨਾਲ ਬਾਪੂ ਜੀ ਇਕੱਲੇ ਵੀ ਹੋਏ ਤੇ ਪਰਿਵਾਰਕ ਜ਼ਿੰਮੇਵਾਰੀਆਂ ਵੀ ਆਣ ਸਿਰ ਪਈਆਂ। ਖੈਰ...।

ਬਾਪੂ ਜੀ ਬੋਲੇ ਉਸ ਕਾਲੀ ਹਨੇਰੀ ਆਉਣ ਦੇ ਅਸਾਰ ਤਾਂ ਬੜੇ ਦਿਨ ਪਹਿਲਾਂ ਹੀ ਭਾਂਪ ਲਏ ਗਏ ਸਨ। ਪਰ ਫਿਰ ਵੀ ਲੋਕ ਇਹ ਸੋਚਦੇ ਕਿ ਸ਼ਾਇਦ ਇਹ ਹਨੇਰੀ ਕੁਝ ਪਲਾਂ, ਘੰਟਿਆਂ, ਦਿਨਾਂ ਦੀ ਹੋਵੇਗੀ ਤੇ ਫਿਰ ਆਮ ਵਰਗਾ ਮਾਹੌਲ ਹੋ ਜਾਵੇਗਾ। ਸਭ ਕੁਝ ਰਾਜਿਆਂ ਦੀਆਂ ਚਾਲਾਂ ਸਨ, ਦੋ ਟੋਟੇ ਕਰ ਕੇ ਰੱਖ ਦਿੱਤੇ, ਉਨ੍ਹਾਂ ਸਾਂਝਾ ਦੇ, ਜੋ ਸਦੀਆਂ ਤੋਂ ਬਣੀਆਂ ਹੋਈਆਂ ਸਨ। ਉਨ੍ਹਾਂ ਵਿਚ ਇਕ ਨਫ਼ਰਤ ਦੀ ਚਿੰਗਾਰੀ ਛੱਡ ਦਿੱਤੀ ਗਈ ਉਹ ਸੀ ਧਰਮ। ਲੋਕ ਇੱਧਰਲੇ ਪਾਸਿਉਂ ਮੁਸਲਮਾਨਾਂ ਦੇ ਵੈਰੀ ਬਣ ਗਏ ਤੇ ਉੱਧਰ ਜੋ ਭਰਾਵਾਂ ਵਾਂਗ ਸਾਂਝਾਂ ਪਾ ਕੇ ਰਹਿੰਦੇ ਸਨ, ਉਹ ਹਿੰਦੂ ਸਿੱਖਾਂ ਦੇ ਵੈਰੀ ਬਣ ਗਏ।

ਸਾਡਾ ਵੀ ਨਵਾਂ ਸੋਹਣਾ ਮਕਾਨ ਬਣਿਆ ਹੋਇਆ ਸੀ, ਰਾਵਲਪਿੰਡੀ ਦੇ ਕੋਲ ਪਿੰਡ ਸੀ, ਜ਼ਮੀਨ ਸੀ, ਘਰ ਵਿਚ ਬਰਕਤਾਂ ਸਨ। ਉਨ੍ਹਾਂ ਦਿਨਾਂ ’ਚ ਲੋਕ ਬੈਂਕਾਂ ’ਚ ਘੱਟ ਹੀ ਪੈਸਾ-ਧੇਲਾ ਜਮ੍ਹਾਂ ਕਰਾਉਂਦੇ। ਘਰਾਂ ਵਿਚ ਹੀ ਗਾਗਰਾਂ, ਘੜਿਆਂ ’ਚ ਪਾ ਕੇ ਦੱਬ ਛੱਡਦੇ, ਚੋਰ ਉਚੱਕਿਆਂ ਤੋਂ ਬਚਾਉਣ ਲਈ।

“ਫੇਰ ਬਾਪੂ ਜੀ ਅੱਗੇ ਕੀ ਹੋਇਆ”? ਮੈਂ ਪੁੱਛਿਆ।

ਫੇਰ ਪੁੱਤਰਾ ਇਹ ਹਨੇਰੀ ਸਾਡੇ ਵਾਲੇ ਪਾਸੇ ਰੁਖ ਕਰ ਗਈ। ਲੋਕ ਹਲਕੇ ਕੁੱਤਿਆਂ ਵਾਂਗੂ ਕਲ੍ਹ ਤਕ ਜੋ ਹਮਸਾਏ ਸਨ, ਜਿਨ੍ਹਾਂ ਨਾਲ ਸਭ ਕੁਝ ਸਾਂਝਾ ਸੀ, ਉਨਾਂ ਨੂੰ ਜਾਨੋ ਮਾਰਨ ’ਤੇ ਤੁਲੇ ਹੋਏ ਸਨ। ਨੌਜਵਾਨ ਕੁੜੀਆਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ ਸਨ, ਨੰਗ-ਧੱੜੰਗੀਆਂ ਕੁੜੀਆਂ ਦੀਆਂ ਲਾਸ਼ਾਂ ਬਿਨਾਂ ਛਾਤੀਆਂ ਤੋਂ ਰੁਲ਼ ਰਹੀਆਂ ਸਨ, ਲੋਕ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਅਸੀਂ ਵੀ ਆਪਣਾ ਥੋੜ੍ਹਾ ਬਹੁਤ ਸਮਾਨ ਇਕ ਡਾਚੀ ’ਤੇ ਲੱਦ ਤੁਰ ਪਏ। ਸਾਡੇ ਨਾਲ ਤੇਰਾ ਤਾਇਆ, ਦਾਦਾ ਜੀ, ਮਾਂ ਤੇ ਹੋਰ ਕਈ ਲੋਕ ਸਨ। ਤੁਰਨ ਲੱਗਿਆਂ ਪੁੱਤਰਾ ਮੈਂ ਘਰੋਂ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵੀ ਚੁੱਕ ਲਈ ਜੋ ਸਾਡੇ ਪਾਕਿਸਤਾਨ ਵਾਲੇ ਘਰ ਵਿਚ ਬਿਰਾਜਮਾਨ ਸੀ। ਹਫੜਾ-ਦਫੜੀ ਇੰਨੀ ਪਈ ਕਿ ਕੁਝ ਹੋਰ ਚੁੱਕਣ ਦਾ ਸਮਾਂ ਹੀ ਨਾ ਮਿਲਿਆ।

ਤੁਰਦੇ-ਤੁਰਦੇ ਡਾਚੀ ਜਿਸ ਤੇ ਸਮਾਨ ਰੱਖਿਆ ਸੀ, ਉਹ ਬਹਿ ਗਈ। ਰਾਹ ’ਚ ਤੇਰੇ ਦਾਦਾ ਜੀ ਨੂੰ ਮਾੜੇ ਲੋਕਾਂ ਨੇ ਮਾਰ ਦਿੱਤਾ ਅਤੇ ਤੇਰੇ ਤਾਇਆ ਜੀ ਵੀ ਉਨ੍ਹਾਂ ਦਾ ਮੁਕਾਬਲਾ ਕਰਦੇ ਹੋਏ ਮਾਰੇ ਗਏ। ਮੈਂ ਤੇ ਤੇਰੀ ਮਾਂ ਰਹਿ ਗਏ, ਕੀ ਕਰਦੇ ਅਸੀਂ। ਸਭ ਸਮਾਨ ਛੱਡਿਆ, ਡਾਚੀ ਵੀ ਪਰ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਕੀ ਕਰੀਏ?

“ਫੇਰ ਬਾਪੂ ਜੀ” ਮੈਂ ਵੀ ਪੂਰੀ ਤਰ੍ਹਾਂ ਬਾਪੂ ਜੀ ਦੇ ਨਾਲ-ਨਾਲ ਤੁਰਦਾ ਮਹਿਸੂਸ ਕਰ ਰਹੀ ਸੀ ਤੇ ਉਨ੍ਹਾਂ ਜਿੰਨਾ ਦਰਦ ਮਹਿਸੂਸ ਕਰ ਰਹੀ ਸਾਂ। ਜਿੰਨਾ ਉਨਾਂ ਨੇ ਹੰਡਾਇਆ ਸੀ। “ਫਿਰ ਮੈਂ ਖੜ੍ਹੇ ਹੋ ਗੁਰੂ ਸੱਚੇ ਅੱਗੇ ਆਪਣੀ ਬੇਵਸੀ ਦੀ ਅਰਜੋਈ ਕਰ ਆਦਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਲ ਪ੍ਰਵਾਹ ਕਰ ਦਿੱਤਾ। ਦਿਲ ਬੜਾ ਰੋਇਆ ਬੜਾ ਤੜਪੇ ਪਰ ਹੋਰ ਕੋਈ ਚਾਰਾ ਨਹੀਂ ਸੀ। ਫਿਰ ਅਸੀ ਪੈਦਲ ਤੁਰ ਪਏ। ਲਾਸ਼ਾਂ, ਕੋਈ ਮਰਿਆ ਹੋਇਆ, ਕੋਈ ਅੱਧ ਮਰਿਆ ਤੜਪ ਰਿਹਾ ਸੀ। ਜਵਾਨ ਔਰਤਾਂ ਦੀਆਂ ਨੰਗੀਆਂ ਲਾਸ਼ਾਂ ਬੜਾ ਭਿਆਨਕ ਸਮਾਂ ਸੀ। ਪਰ-ਪਰ ਇਹ ਕਾਫ਼ਿਰ ਅੱਖਾਂ ਕੀ ਕਰਦੀਆਂ। ਸਭ ਦੇਖਣਾ ਪਿਆ”। ਬਾਪੂ ਜੀ ਦੀਆਂ ਅੱਖਾਂ ਫਿਰ ਸਿਮ ਆਈਆਂ।

ਕਿਸੇ ਪਾਸੇ ਮਰੀ ਹੋਈ ਮਾਂ ਦੇ ਦੁਆਲੇ ਨਿੱਕਾ ਬੱਚਾ ਰਿੜ੍ਹਦਾ, ਉਸ ਦੀਆਂ ਮਰੀਆਂ ਛਾਤੀਆਂ ਵਿੱਚੋਂ ਦੁੱਧ ਚੁੰਘਣ ਦੀ ਕੋਸ਼ਿਸ਼ ਕਰ ਰਿਹਾ ਸੀ। ਬੱਸ ਪੁੱਤਰਾ ਹੁਣ ਹੋਰ ਨਾ ਦਰਦ ਫਰੋਲ, ਇਹ ਦਾਸਤਾਂ ਤਾਂ ਬਹੁਤ ਲੰਮੀ ਏ। ਤੂੰ ਛੋਟੀ ਏ ਜਾਹ ਖੇਡ। ਪਰ ਮੈਂ ਛੋਟੀ ਨਹੀਂ ਸਾਂ। ਮੈਨੂੰ ਤਾਂ ਇੱਦਾਂ ਲੱਗਦਾ ਸੀ ਜਿਵੇਂ ਮੈਂ ਹੁਣ ਵੀ ਪਾਕਿਸਤਾਨ ’ਚ ਹਾਂ। ਮੇਰੀ ਕੋਈ ਸਾਂਝ ਹੈ, ਉੱਥੋਂ ਦੀ ਮਿੱਟੀ ਨਾਲ। ਕਦੇ-ਕਦੇ ਮੈਂ ਸੋਚਦੀ ਹਾਂ ਕਿ ਸ਼ਾਇਦ ਮੈਂ ਕੋਈ ਉਧਰਲੀ ਹੀ ਰੂਹ ਹੋਵਾਂ। ਪਾਕਿਸਤਾਨ, ਲਾਹੌਰ ਦੀਆਂ ਰੋਣਕਾਂ ਮੈਨੂੰ ਕਈ ਵਾਰ ਸੁਪਨੇ ’ਚ ਦਿੱਸੀਆਂ ਨੇ। ਖੈਰ...ਬਾਪੂ ਜੀ ਨੂੰ ਮੈਂ ਹੋਰ ਦੁੱਖੀ ਨਹੀਂ ਦੇਖਣਾ ਚਾਹੁੰਦੀ ਸਾਂ ਇਸ ਲਈ ਹੋਰ ਕੁਝ ਪੁੱਛਣ ਦੀ ਥਾਂ ਉੱਪਰ ਵੱਲ ਮੂੰਹ ਕਰਕੇ ਇਹੋ ਹੀ ਕਿਹਾ “ਹੇ ਰੱਬਾ ਤੈਂ ਕੀ ਦਰਦ ਨਾ ਆਇਆ”। •

# ਸਾਹਿਤ ਦੀ ਸਾਰਥਿਕਤਾ



ਭੁਪਿੰਦਰ ਸਿੰਘ ਚੌਕੀਮਾਨ
ਮੋਬਾਈਲ : 82849-79502

*ਜਿਨ੍ਹਾਂ ਸਮਾਜਿਕ ਕੁਰੀਤੀਆਂ ਨੂੰ ਕਾਨੂੰਨ ਠੀਕ ਨਹੀਂ ਕਰ ਸਕਦਾ, ਉਨ੍ਹਾਂ ਨੂੰ ਲੇਖਕਾਂ ਦੁਆਰਾ ਲੋਕਾਂ ਦੀ ਸੋਚ ਬਦਲ ਕੇ ਹੀ ਖ਼ਤਮ ਕੀਤਾ ਜਾ ਸਕਦਾ ਹੈ। ਲੋਕਾਂ ਦੀ ਸੋਚ ਪ੍ਰਭਾਵਿਤ ਕਰਨ ਲਈ ਲੇਖਕ ਦਾ ਆਪਣਾ ਆਚਰਨ ਬਹੁਤ ਉੱਚਾ ਹੋਣਾ ਚਾਹੀਦਾ ਹੈ...*

ਹਰ ਸਮਾਜ ਦੀ ਅਸਲੀ ਤਸਵੀਰ ਨੂੰ ਉਸ ਦੇ ਸਾਹਿਤ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਵਧੀਆ ਸਾਹਿਤ ਹੀ ਇਕ ਸੁੰਦਰ ਤੇ ਨਰੋਏ ਸਮਾਜ ਨੂੰ ਜਨਮ ਦਿੰਦਾ ਹੈ। ਸਾਹਿਤਕਾਰਾਂ ਦੀ ਕਲਮ ਵਿਚ ਐਸਾ ਜਾਦੂ ਹੁੰਦਾ ਹੈ, ਜਿਸ ਕਿਸਮ ਦਾ ਗੁਣ ਉਸ ਅੰਦਰ ਹੁੰਦਾ ਹੈ, ਉਸੇ ਕਿਸਮ ਦੇ ਸਮਾਜ ਦੀ ਸਿਰਜਣਾ ਕਰ ਦਿੰਦਾ ਹੈ। ਜੇ ਸਾਹਿਤ ਲੱਚਰਤਾ ਭਰਪੂਰ ਹੋਵੇ ਤਾਂ ਸਮਾਜ ਪੁੱਠੇ ਪਾਸੇ ਵੱਲ ਨੂੰ ਚੱਲ ਪੈਂਦਾ ਹੈ। ਦੂਸਰੇ ਪਾਸੇ ਜੋ ਸਾਹਿਤ ਨੈਤਿਕਤਾ ਅਤੇ ਇਨਸਾਨੀ ਕਦਰਾਂ-ਕੀਮਤਾਂ ਵਾਲਾ ਹੋਵੇ। ਉਸ ਸਮਾਜ ਦਾ ਮਿਆਰ ਬਹੁਤ ਉੱਚ ਕੋਟੀ ਦੇ ਕਿਰਦਾਰ ਵਾਲਾ ਹੁੰਦਾ ਹੈ।

ਸਮਾਜ ਤਾਂ ਚੱਲਦਾ ਰਹਿੰਦਾ ਹੈ ਭਾਵੇਂ ਉਹ ਕਿਸੇ ਵੀ ਕਿਸਮ ਦਾ ਹੋਵੇ। ਸਮਾਜ ਕਾਇਦੇ ਕਾਨੂੰਨ ਅਨੁਸਾਰ ਚਲਾਇਆ ਜਾਂਦਾ ਹੈ ਪਰ ਸਮਾਜ ਅੰਦਰ ਕੁਝ ਅਜਿਹੇ ਵਰਤਾਰੇ ਅਤੇ ਹਾਲਾਤ ਹੁੰਦੇ ਹਨ ਜਿਨ੍ਹਾਂ ਨੂੰ ਕਾਨੂੰਨ ਬਣਾ ਕੇ ਹੀ ਨਹੀਂ ਪੈਦਾ ਕੀਤਾ ਜਾ ਸਕਦਾ ਜਾਂ ਚਲਾਇਆ ਜਾ ਸਕਦਾ। ਉਨ੍ਹਾਂ ਹਾਲਾਤ ਅਤੇ ਵਰਤਾਰਾਂ ਨੂੰ ਉਸਾਰੂ ਪਾਸੇ ਵੱਲ ਲੈ ਕੇ ਜਾਣ ਦੀ ਜ਼ਿੰਮੇਵਾਰੀ ਲੇਖਕਾਂ ਤੇ ਸਾਹਿਤਕਾਰਾਂ ਦੀ ਹੁੰਦੀ ਹੈ ਜੋ ਆਪਣੇ ਪ੍ਰਭਾਵਸ਼ਾਲੀ ਵਿਚਾਰਾਂ ਨੂੰ ਕਲਮ ਰਾਹੀਂ ਪ੍ਰਗਟ ਕਰਕੇ ਸਮਾਜ ਨੂੰ ਸਹੀ ਲੀਹ ਉੱਪਰ ਲਿਆ ਕੇ ਅੱਗੇ ਤੋਰਨ ਵਿਚ ਮਹਾਨ ਯੋਗਦਾਨ ਪਾਉਂਦੇ ਹਨ। ਸਾਹਿਤਕਾਰ ’ਤੇ ਲੇਖਕ ਲੋਕਾਂ ਦੇ ਸੱਚੇ ਹਿਤੈਸ਼ੀ ਹੁੰਦੇ ਹਨ। ਸਮਾਜ ਨੂੰ ਨਰੋਏ ਪੱਖ ਵੱਲ ਲਿਜਾ ਕੇ ਇਕ ਨੈਤਿਕਤਾ ਭਰਪੂਰ ਸਮਾਜ ਦੀ ਹੋਂਦ ਪੈਦਾ ਕਰਨਾ ਹੀ ਇਨ੍ਹਾਂ ਦਾ ਉਦੇਸ਼ ਹੋਣਾ ਚਾਹੀਦਾ ਹੈ।

ਪ੍ਰਭਾਵਸ਼ਾਲੀ ਢੰਗ ਨਾਲ ਲਿਖਣਾ ਇਕ ਕੁਦਰਤ ਦਾ ਦਿੱਤਾ ਗੁਣ ਹੁੰਦਾ ਹੈ। ਕੁਦਰਤ ਦੇ ਪ੍ਰਦਾਨ ਕੀਤੇ ਹੋਏ ਇਸ ਸੁੰਦਰ ਗੁਣ ਦੀ ਵਰਤੋਂ ਸਕਾਰਥ ਹੋਣੀ ਚਾਹੀਦੀ ਹੈ। ਇਸ ਦੀ ਸਾਰਥਿਕ ਵਰਤੋਂ ਕਰ ਕੇ ਸਮਾਜ ਨੂੰ ਉਸਾਰੂ ਪਾਸੇ ਜਾਣ ਵਾਸਤੇ ਸੇਧ ਦਿੱਤੀ ਜਾਵੇ। ਇਸ ਸੇਧ ਦੇਣ ਵਿਚ ਜਦੋਂ ਖ਼ੁਦਗਰਜ਼ੀ ਜਾਂ ਕੋਈ ਹੋਰ ਮਤਲਬ ਹੋਵੇ, ਉਸ ਵਕਤ ਇਹ ਸਮਾਜ ਨੂੰ ਪੁੱਠੀ ਸੇਧ ਦੇ ਕੇ ਸਮਾਜ ਦੇ ਤਾਣੇ-ਬਾਣੇ ਨੂੰ ਵਿਗਾੜਨ ਵਿਚ ਭਾਰੀ ਯੋਗਦਾਨ ਕਰਦਾ ਹੈ, ਜਿਸ ਕਰਕੇ ਸਾਡੇ ਸਮਾਜ ਵਿਚ ਹਰ ਰੋਜ਼ ਨਵੀਆਂ ਤੋਂ ਨਵੀਆਂ ਕੁਰੀਤੀਆਂ ਜਨਮ ਲੈਣਾ ਸ਼ੁਰੂ ਕਰ ਦਿੰਦੀਆਂ ਹਨ। ਲੇਖਕਾਂ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ, ਅਣਜਾਣ ਅਤੇ ਬੇਖ਼ਬਰੇ ਲੋਕਾਂ ਨੂੰ ਜਗਾਕੇ ਪ੍ਰਚਲਤ ਕੁਰੀਤੀਆਂ ਨੂੰ ਖਤਮ ਕਰਵਾਉਣਾ ਹੁੰਦਾ ਹੈ। ਉਸ ਦੇ ਨਾਲ ਹੀ ਇਹ ਫ਼ਰਜ਼ ਵੀ ਬਣਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਕੁਰੀਤੀਆਂ ਬਾਰੇ ਲੋਕਾਂ ਨੂੰ ਅਗਾਹ ਕਰਨਾ ਹੁੰਦਾ ਹੈ। ਕੁਝ ਕੁ ਸਮਾਜਿਕ ਕੁਰੀਤੀਆਂ ਨੂੰ ਕਾਨੂੰਨ ਠੀਕ ਨਹੀਂ ਕਰ ਸਕਦਾ ਉਨ੍ਹਾਂ ਨੂੰ ਲੇਖਕਾਂ ਦੁਆਰਾ ਲੋਕਾਂ ਦੀ ਸੋਚ ਬਦਲ ਕੇ ਹੀ ਖਤਮ ਕੀਤਾ ਜਾ ਸਕਦਾ ਹੈ। ਲੋਕ ਸੋਚ ਪ੍ਰਭਾਵਿਤ ਕਰਨ ਲਈ ਸਾਹਿਤਕਾਰ ਜਾਂ ਲੇਖਕ ਦਾ ਆਪਣੇ ਆਪ ’ਚ ਆਚਰਨ ਬਹੁਤ ਉੱਚਾ ਹੋਣਾ ਚਾਹੀਦਾ ਹੈ ਤਾਂ ਹੀ ਲੋਕ ਉਸ ਤੋਂ ਪ੍ਰਭਾਵਿਤ ਹੋਣਗੇ।

ਸਾਹਿਤਕਾਰ ਤੇ ਲੇਖਕ ਸਮੇਂ-ਸਮੇਂ ’ਤੇ ਪੈਦਾ ਹੋ ਰਹੀਆਂ ਕੁਰੀਤੀਆਂ ਬਾਰੇ ਭਾਵੇਂ ਕਾਫੀ ਕੁਝ ਲਿਖਦੇ ਹਨ ਪਰ ਉਹ ਸੱਚਾਈ ਨੂੰ ਉਸ ਢੰਗ ਨਾਲ ਪੇਸ਼ ਨਹੀਂ ਕਰਦੇ ਜਿਸ ਨਾਲ ਉਨ੍ਹਾਂ ਬੁਰਾਈਆਂ ਨੂੰ ਖਤਮ ਕੀਤਾ ਜਾ ਸਕੇ। ਇਕ ਕਮਜ਼ੋਰੀ ਦੇਖਣ ਵਿਚ ਆਮ ਮਿਲਦੀ ਹੈ, ਉਹ ਹੈ ਖ਼ੁਦਗਰਜ਼ੀ ਦੀ ਭਾਵਨਾ ਹੈ। ਲਿਖਾਰੀ ਜਾਂ ਸਾਹਿਤਕਾਰ ਜਦੋਂ ਕਦੇ ਬੁਲੰਦੀਆਂ ਹਾਸਲ ਕਰ ਲੈਂਦੇ ਹਨ, ਉਨ੍ਹਾਂ ਨੂੰ ਬਾਬਾ ਬੋਹੜ ਦੇ ਖਿਤਾਬ ਨਾਲ ਲੋਕਾਂ ਦੁਆਰਾ ਨਿਵਾਜ਼ਿਆ ਜਾਂਦਾ ਹੈ।

ਸਾਡੇ ਅੱਜ ਦੇ ਬਾਬੇ ਬੋਹੜ ਨਾਲ ਨਿਵਾਜ਼ੇ ਕਲਾਕਾਰ ਤੇ ਸਾਹਿਤਕਾਰ, ਆਪਣੀ ਅਗਲੀ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਦੀ ਬਜਾਏ ਉਨ੍ਹਾਂ ਦੀ ਸਖ਼ਤ ਆਲੋਚਨਾ ਕਰ ਕੇ ਉਨ੍ਹਾਂ ਦੇ ਉਭਰ ਰਹੇ ਗੁਣਾਂ ’ਤੇ ਬੁਰੀ ਸੱਟ ਮਾਰਦੇ ਹਨ। ਬਾਬੇ ਬੋਹੜ ਸੋਚਦੇ ਹਨ ਜੇ ਇਹ ਨਵੇਂ ਉੱਭਰ ਰਹੇ ਲੇਖਕ ਜ਼ਿਆਦਾ ਉੱਚੇ ਉਠ ਕੇ ਉਨ੍ਹਾਂ ਦੀ ਜਗ੍ਹਾ ਲੈ ਲੈਣਗੇ, ਜਿਸ ਕਰਕੇ ਉਨ੍ਹਾਂ ਹੀ ਸਮਾਜ ਅੰਦਰ ਤੂਤੀ ਘੱਟ ਬੋਲਣ ਲੱਗ ਜਾਵੇਗੀ।

ਲੇਖਕ ਤੇ ਸਾਹਿਤਕਾਰ ਬਹੁਤ ਵਿਸ਼ਾਲ ਹਿਰਦੇ ਵਾਲੇ ਸੁਲਝੇ ਹੋਏ ਸਮਾਜ ਦੇ ਬੁੱਧੀਜੀਵੀ ਮੰਨੇ ਜਾਂਦੇ ਹਨ। ਇਨ੍ਹਾਂ ਵਿਦਵਾਨਾਂ ਅਤੇ ਬੁੱਧੀਜੀਵੀਆਂ ਨੂੰ ਖ਼ੂਬਸੂਰਤ ਲਿਖਣ ਅਤੇ ਸੋਚਣ ਦਾ ਜੋ ਗੁਣ ਬਖਸ਼ਿਸ਼ ਕੀਤਾ ਹੋਇਆ ਹੁੰਦਾ ਹੈ, ਉਹ ਗੁਣ ਹੋਰ ਆਮ ਆਦਮੀਆਂ ਕੋਲ ਨਹੀਂ ਹੁੰਦਾ। ਆਮ ਦੇਖਣ ’ਚ ਆਉਂਦਾ ਹੈ ਕਿ ਸਾਹਿਤਕ ਸਭਾਵਾਂ ਵਿਚ ਇਕ ਦੂਸਰੇ ਪ੍ਰਤੀ ਈਰਖਾ ਅਤੇ ਜਲਨ ਦੇਖਣ ਨੂੰ ਮਿਲਦੀ ਹੈ। ਅਗਰ ਕਿਸੇ ਲੇਖਕ ਦੀ ਕਵਿਤਾ, ਲੇਖ ਜਾਂ ਕਿਤਾਬ ਲੋਕਾਂ ਦੀ ਤਾਰੀਫ਼ ਦਾ ਪਾਤਰ ਜਾਵੇ ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ ਹੈ ਪਰ ਲੇਖਕ ਆਪਣੀ ਖ਼ੁਦਗਰਜ਼ੀ ਤੋਂ ਉਪਰ ਉਠ ਕੇ ਕਿਸੇ ਵਿਅਕਤੀ, ਜਗ੍ਹਾ ਅਤੇ ਘਟਨਾ ਦੇ ਦੋਵੇਂ ਪਾਸਿਆਂ ਨੂੰ ਦੇਖਦੇ ਹੋਏ, ਨਿਰਪੱਖ ਹੋ ਕੇ ਗੁਣ ਅਤੇ ਔਗੁਣਾਂ ਨੂੰ ਲੋਕਾਂ ਅੱਗੇ ਪੇਸ਼ ਕਰਨਾ ਚਾਹੀਦਾ ਹੈ। ਕਿਸੇ ਨਾ ਕਾਬਲ ਆਦਮੀ ਦੀ ਨਾਂ ਬਣਦੀ, ਬੇਲੋੜੀ ਜ਼ਰੂਰਤ ਨਾਲੋਂ ਜ਼ਿਆਦਾ ਤਾਰੀਫ ਕਰਨਾ, ਉਸ ਆਦਮੀ ਨਾਲ ਅਸਿੱਧੇ ਤੌਰ ’ਤੇ ਬੇਇਨਸਾਫ਼ੀ ਹੁੰਦੀ ਹੈ ਕਿਉਂਕਿ ਉਹ ਆਦਮੀ ਆਪਣੇ ਗੁਣਾਂ ਅਤੇ ਔਗੁਣਾਂ ਬਾਰੇ ਸਹੀ ਅੰਦਾਜ਼ਾ ਨਹੀਂ ਲਗਾ ਸਕੇਗਾ ਜਿਸ ਕਰਕੇ ਉਹ ਹੋਰ ਭਾਰੀ ਅਗਿਆਨਤਾ ਵੱਲ ਵਧਦਾ ਜਾਵੇਗਾ।

ਅੱਜ ਦੇ ਗੰਧਲੇ ਹੋਏ ਮਾਹੌਲ ਨੂੰ ਸਹੀ ਦਿਸ਼ਾ ’ਚ ਤੋਰਨ ਲਈ ਉਸ ਦੇ ਦਸੇਰੇ ਬਣ ਕੇ ਲੇਖਕ ਅੱਗੇ ਆਉਣ ਅਤੇ ਸੱਚੀ ਗੱਲ ਕਰਨ। ਇਹ ਅੱਜ ਦੀ ਸਭ ਤੋਂ ਵੱਡੀ ਸਮਾਜ ਦੀ ਲੋੜ ਹੈ। ਸਾਡੇ ਅੱਜ ਦੇ ਹਰ ਵਰਗ ਦੇ ਨੇਤਾ ਸਮਾਜ ਦੇ ਭੋਲੇ-ਭਾਲੇ, ਗ਼ਰੀਬ ਤੇ ਮੱਧਵਰਗੀ ਲੋਕਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਆਪਣੇ ਪ੍ਰਭਾਵ ਥੱਲੇ ਲਿਆ ਕੇ ਉਨ੍ਹਾਂ ਦੇ ਉਪਦੇਸ਼ਕ ਬਣ ਰਹੇ ਹਨ, ਜਿਸ ਕਾਰਨ ਉਹ ਗ਼ਰੀਬ ਅਤੇ ਮੱਧਵਰਗੀ ਲੋਕ ਆਪਣਾ ਨਾਂ ਪੂਰਾ ਹੋਣ ਵਾਲੇ ਨੁਕਸਾਨ ਦੇ ਪਾਤਰ ਬਣ ਰਹੇ ਹਨ। ਇਸ ਦਾ ਉਨ੍ਹਾਂ ਲੋਕਾਂ ਨੂੰ ਅਹਿਸਾਸ ਕਰਵਾਉਣਾ ਸਾਡੇ ਬੁੱਧੀਜੀਵੀ ਲੇਖਕਾਂ ਦਾ ਫਰਜ਼ ਬਣਦਾ ਹੈ।

ਬਹੁਤੇ ਲੇਖਕ, ਕਿਤਾਬਾਂ, ਲੇਖਾਂ, ਅਖ਼ਬਾਰਾਂ ਆਦਿ ਰਾਹੀਂ ਲੋਕ ਸੇਵਾ ਨਿਭਾ ਰਹੇ ਹਨ ਅਤੇ ਉਨ੍ਹਾਂ ਨੇ ਬਹੁਤ ਸਾਰੇ ਵਿਗੜੇ ਹੋਏ ਹਾਲਾਤ ਨੂੰ ਸੁਧਾਰਨ ਵਿਚ ਮਹਾਨ ਯੋਗਦਾਨ ਵੀ ਪਾਇਆ ਹੈ। ਬਾਕੀ ਸਾਹਿਤਕਾਰਾਂ ਨੂੰ ਆਪਣੀ ਲੇਖਣੀ ਦੀ ਤਾਕਤ ਅਤੇ ਉਸ ਦੇ ਪ੍ਰਭਾਵ ਦਾ ਅਹਿਸਾਸ ਕਰਾ, ਮਜਬੂਰ ਅਤੇ ਬੇਵਸੀ ਵਿਚ ਰਹਿੰਦੇ ਲੋਕਾਂ ਦੀ ਬਾਂਹ ਫੜਨ ਲਈ ਆਪਣੀ ਕਲਮ ਦਾ ਇਸਤੇਮਾਲ ਕਰਨਾ ਚਾਹੀਦਾ ਹੈ। •



## ਗ਼ਜ਼ਲਾਂ

ਉਸ ਦਾ ਚਾਰ-ਚੁਫੇਰਾ ਮੌਜਾਂ ਮਾਣ ਰਿਹੈ।
ਲੀਡਰ ਨਾਲ ਲੁਟੇਰਾ ਮੌਜਾਂ ਮਾਣ ਰਿਹੈ।

ਉਸ ਦੇ ਪਿੱਛੇ ਛੁਪਿਆ, ਬਹੁਤ ਸੁਰੱਖਿਅਤ ਹੈ,
ਚਾਨਣ ਮਗਰ ਹਨੇਰਾ ਮੌਜਾਂ ਮਾਣ ਰਿਹੈ।

ਕੱਲ੍ਹ ਨੂੰ ਤੇਰੇ ਦੀ ਵੀ ਵਾਰੀ ਆਵੇਗੀ,
ਜੇਕਰ ਅੱਜ-ਕੱਲ੍ਹ ਮੇਰਾ ਮੌਜਾਂ ਮਾਣ ਰਿਹੈ।

ਉਸ ਦੇ ਕਾਰਨ ਕਦਰ ਵਧੀ ਹੈ ਘੋੜੀ ਦੀ,
ਘੋੜੀ ਨਾਲ ਵਛੇਰਾ ਮੌਜਾਂ ਮਾਣ ਰਿਹੈ।

ਇਕ ਦੀ ਮੌਤ ਹੈ ਬਣਦੀ ਜੀਵਨ ਦੂਜੇ ਦਾ,
ਮੱਛੀਆਂ ਮਾਰ, ਮਛੇਰਾ ਮੌਜਾਂ ਮਾਣ ਰਿਹੈ।

ਆਖ-ਆਖ ਕੇ, ‘ਸੱਪ ਹੈ ਏਸ ਪਟਾਰੀ ਵਿਚ’,
ਖਾਲੀ-ਹੱਥ ਸਪੇਰਾ ਮੌਜਾਂ ਮਾਣ ਰਿਹੈ।

ਬੁੱਢੇ ਸ਼ੇਰ ਦੀ ਭਬਕ ਅਜੇ ਵੀ ਕਾਇਮ ਹੈ,
ਉਸ ਦਾ ਟੱਬਰ-ਘੇਰਾ ਮੌਜਾਂ ਮਾਣ ਰਿਹੈ।

ਸਾਡੀਆਂ ਮੌਜਾਂ ਕਿਉਂ ਚੁਭੀਆਂ ਨੇ ਲੋਕਾਂ ਨੂੰ,
ਹੋਰ ਵੀ ਜਗ ਬਥੇਰਾ ਮੌਜਾਂ ਮਾਣ ਰਿਹੈ।

ਭੌਰੇ ਤਰਸ ਰਹੇ ਨੇ, ਜਦ ਕਿ ਕਲ਼ੀਆਂ ’ਚੋਂ,
ਕੱਢ ਕੇ ਇਤਰ, ਫੁਲੇਰਾ ਮੌਜਾਂ ਮਾਣ ਰਿਹੈ।

‘ਸੰਧੂ’ ਕਿਸ ਦਿਨ ਜਾਪੂਗਾ ਕਿ ਹਰ ਬੰਦਾ,
ਹੋਇਐ ਸੋਨ-ਸਵੇਰਾ, ਮੌਜਾਂ ਮਾਣ ਰਿਹੈ।

• ਅਮਰਜੀਤ ਸਿੰਘ ਸੰਧੂ, ਮੋਬਾਈਲ : 94636-13528



ਕਦੇ ਦਿਲ ਵਿਚ ਨਹੀਂ ਹੁੰਦੀ ਸਿਕੰਦਰ ਹੋਣ ਦੀ ਇੱਛਾ।
ਮਗਰ ਤੌਬਾ, ਨਹੀਂ ਤੇਰੇ ਤੋਂ ਮੁਨਕਰ ਹੋਣ ਦੀ ਇੱਛਾ।

ਜਦੋਂ ਤੀਕਣ ਰਹੂ, ਮਨ ਵਿਚ ਸਰੋਵਰ ਹੋਣ ਦੀ ਇੱਛਾ।
ਰਹੇ ਗੀ ਮੁਲਤਵੀ ਤਦ ਤਕ ਸਮੁੰਦਰ ਹੋਣ ਦੀ ਇੱਛਾ।

ਸਮੇਂ ਦੀ ਹੀ ਨਜ਼ਾਕਤ ਹੈ ਕਿ ਆਜਿਜ਼ ਹੋ ਗਿਆ ਹੈ ਦਿਲ,
ਨਹੀਂ, ਕਿਸ ਵਿਚ ਨਹੀਂ ਹੁੰਦੀ ਸਿਕੰਦਰ ਹੋਣ ਦੀ ਇੱਛਾ।

ਮਿਰੇ ਮੌਲਾ ਦਈਂ ਤੂੰ ਸਾਰਿਆਂ ਨੂੰ ਫੁੱਲ ਜਿਹਾ ਹੀ ਦਿਲ,
ਕਿਸੇ ਪੱਥਰ ’ਚ ਵੀ, ਹੋਵੇ ਨ ਪੱਥਰ ਹੋਣ ਦੀ ਇੱਛਾ।

ਨ ਮਹਿਲਾਂ ਵਿਚ ਬੁਲਾ ਮੁੜ ਮੁੜ, ਨ ਇਹਨਾਂ ਦੇ ਦਿਖਾ ਸੁਪਨੇਂ,
ਕਿਤੇ ਮਰ ਹੀ ਨ ਜਾਵੇ, ਆਪਣਾਂ ਘਰ ਹੋਣ ਦੀ ਇੱਛਾ।

ਨਿਰੰਤਰ ਵਹਿਣ ਵਿਚ ਹੀ ਜ਼ਿੰਦਗੀ ਹੈ ਦੋਸਤ ਦਰਿਆ ਦੀ,
ਭਲੇ ਹੀ ਮਨ ’ਚ ਹੋਵੇ ਅੰਤ ਸਾਗਰ ਹੋਣ ਦੀ ਇੱਛਾ।

ਦੁਆ ਕਰੀਏ, ਰਹੇ ਪਰਬਲ ਹਮੇਸ਼ਾਂ ਹੀ ਮਨਾਂ ਅੰਦਰ,
ਕਦੇ ਮੱਧਮ ਨ ਹੋਵੇ, ਹੋਰ ਬਿਹਤਰ ਹੋਣ ਦੀ ਇੱਛਾ।

ਕਦੇ ਵੇਖੀ ਨ ਤੇਰੀ ਢਾਕ ’ਤੇ ਸੋਨੇ ਦੀ ਗਾਗਰ ਮੈਂ,
ਤਦੇ ਹੀ ਮਨ ’ਚ ਹੈ ਮਿੱਟੀ ਦੀ ਗਾਗਰ ਹੋਣ ਦੀ ਇੱਛਾ।

ਪਰਿੰਦਾ ਪਿੰਜਰੇ ਵਿਚ ਕੈਦ ਭਾਵੇਂ ਮਰਦਾ ਮਰ ਜਾਵੇ,
ਮਗਰ ਐ ਦੀਪ ਮਰਦੀ ਨਾ ਸੁਤੰਤਰ ਹੋਣ ਦੀ ਇੱਛਾ।

• ਗੁਰਦੀਪ ਭਾਟੀਆ, ਮੋਬਾਈਲ :94648-89046



ਰਾਵੀ ’ਵਾਜ਼ਾਂ ਮਾਰਦੀ, ਪਾਵੇ ਖਿੱਚ ਲਾਹੌਰ।
ਚਾਹੁੰਦਾਂ, ਪਰ ਨਾ ਜਾ ਸਕਾਂ, ਕਿੱਡਾ ਭੈੜਾ ਦੌਰ।

ਸੰਨ ਸੰਤਾਲੀ ਵਿਚ ਸੀ, ਵੱਜੀ ਐਸੀ ਮਾਰ,
ਬੀਤੇ ਸੱਤਰ ਸਾਲ ਪਰ, ਹੁਣ ਵੀ ਦੁਖਦੇ ਮੌਰ।

ਗੱਲ ਸੁਣ ਮੇਰੀ ‘ਆਲਮਾ’, ਪਾ ਗਲ਼ਵਕੜੀ ਘੁੱਟ,
ਤਾਰੋਂ ਪਾਰੋਂ ਕੂਕਦਾ, ਯਾਰ ਤਿਰਾ ਬਖਤੌਰ।

ਦਿੱਲੀ ਨੂੰ ਮੈਂ ਆਖਦਾਂ, ਬਣ ਜੇ ਵੱਡੀ ਭੈਣ,
ਵਿਚਰੇ ਸਾਊ ਵੀਰ ਬਣ, ਪਹਿਲਾਂ ਵਾਂਙ ਲਾਹੌਰ।

ਅਪਣਾ ਵਿਰਸਾ ਇਕ ਹੈ, ਇੱਕੋ ਸੱਭਿਆਚਾਰ,
ਰਿਸ਼ਤੇ ਨਾਤੇ ਇਕ ਨੇ, ਇਕ ਤਰੀਕਾ-ਤੌਰ।

ਤਕੜੇ ਹੋ ਕੇ ਮਿੱਤਰੋ! ਤਾਰ ਵਗ੍ਹਾਈਏ ਤੋੜ,
ਰਲ਼ ਕੇ ਮਾਰੋ ਹੰਭਲ਼ਾ, ਵਿਗੜੇ ਜਾਵਣ ਸੌਰ।

ਫੁੱਲਾਂ ’ਤੇ ਬਹਿ ਤਿੱਤਲੀ, ਰਸ-ਕਸ ਮਾਣੇ ਖ਼ੂਬ,
ਕਲੀਆਂ ਕੋਲੋਂ ਗੁਜ਼ਰਦਾ, ਗੂੰਜਾਂ ਪਾਵੇ ਭੌਰ।

ਇੱਧਰ ਬੇਬਸ ਲੁੱਛਦਾਂ, ਪੈਣ ਕਲੇਜੇ ਹੌਲ਼,
ਜਦ ਮੈਂ ਜਾਂਦੇ ਵੇਖਦਾਂ, ਤਾਰੋਂ ਪਾਰ ਜਨੌਰ।

ਪਾਠ ਕੁਰਾਨ ਸ਼ਰੀਫ਼ ਦਾ, ਕਰਦਾ ਹਾਂ ਮੈਂ ਨਿੱਤ,
ਕੀ ਤੂੰ ਆਦਿ-ਗਰੰਥ ਨੂੰ, ਕਰਦਾ ਹੁੰਦੈਂ ਚੌਰ?

ਆਖੀਂ, ਭਾਬੀ ‘ਅਨਵਰੀ’, ਫ਼ੋਨ ਮਿਲਾਵੇ ਅੱਜ,
ਦੁਖ ਸੁਖ ਕਰਨਾ ਲੋੜਦੀ, ਨਣਦ ਹਰਿੰਦਰ ਕੌਰ।

ਚਾਹੁੰਦਾਂ ਜੜ੍ਹ-ਥਾਂ ਵੇਖਣੀ, ਛੱਬੀ ਨੰਬਰ ਚੱਕ,
ਇਸ ਤੋਂ ਵੱਡੀ ਲੋਚ ਨਾ, ‘ਸੂਫ਼ੀ’ ਦੀ ਕੁਈ ਔਰ।

• ਅਮਰ ‘ਸੂਫ਼ੀ’, ਮੋਬਾਈਲ : 98555-43660



## ਕਵਿਤਾਵਾਂ

### ਸਦਾ ਰਹਿਣ ਜਿਉਂਦੀਆਂ ਮਾਵਾਂ

ਮੈਨੂੰ ਰੋਂਦੇ ਫਿਰਦੇ ਦਿਸਦੇ ਨੇ ਪੁੱਤ ਅੜੀਏ ਤੇਰੇ...
ਸਦਾ ਰਹਿਣ ਜਿਉਂਦੀਆਂ ਮਾਵਾਂ ਤਾਹੀਂ ਬੱਚਿਆਂ ਦੇ ਖੇੜੇ...

ਕਿਤੇ ਪੁੱਤਰ ਤਰਸਣ ਮਾਵਾਂ ਨੂੰ
ਕਿਤੇ ਪੈਂਦੇ ਟੁੱਕਰ ਕਾਂਵਾ ਨੂੰ
ਤੇਰੇ ਬਾਝੋਂ ਕੌਣ ਕਰੂਗਾ ਲਾਡ ਘਨੇਰੇ...

ਤੂੰ ਤੁਰ ਗਈ ਹੋ ਮਜਬੂਰ ਬੜੀ
ਬੱਚਿਆਂ ਨੂੰ ਸਿੱਕਦੀ ਦੂਰ ਖੜ੍ਹੀ
ਮੂੰਹ ਵੇਖਣ ਨੂੰ ਤਰਸ ਗਏ ਲਾਲ ਤੇਰੇ...

ਨੌਂ ਮਹੀਨੇ ਕੁੱਖ ਵਿਚ ਪਾਲਦੀ
ਲਹੂ ਚਰਬੀ ਦੇ ਵਿਚ ਢਾਲਦੀ
ਸਹੁਰੇ ਉੱਠ ਕੇ ਆਖਦੇ ਇਹ ਕੀ ਲੱਗਦੇ ਤੇਰੇ...

ਪੁੱਤ ਚਾਰ ਤੇ ਭਾਵੇਂ ਪੰਜ ਹੋਵਣ
ਬੱਚੇ ਮਾਵਾਂ ਦੀ ਜਿੰਦ ਹੋਵਣ
ਮਾਵਾਂ ਬਿਨਾਂ ਤਾਂ ਰੁਲ਼ ਜਾਂਦੇ ਚਾਅ-ਲਾਡ ਘਨੇਰੇ...

ਕੋਈ ਤਾਂ ਰੋਂਦੀ ਇਕ ਬਾਝੋਂ
ਉਹਦੀ ਸੁੱਖ ਗਈ ਆਂਦਰ ਸਿੱਕ ਬਾਂਝੋਂ
ਬਾਲ਼ਾਂ ਨੂੰ ਛੱਡ ਲੈ ਲਏ ਤੂੰ ਮੌਤ ਨਾਲ ਫੇਰੇ...



• ਅਮਰਜੀਤ ਕੌਰ ਹਿਰਦੇ, ਮੋਬਾਈਲ :99888-68847

### ਕੁੜੀਏ ਨੀ ਸੁਣ

ਕੁੜੀਏ ਨੀ ਸੁਣ ਸੋਹਣੀਏ ਕੁੜੀਏ
ਮਾਂ ਦੀਏ ਮਨਮੋਹਣੀਏ ਚਿੜੀਏ
ਪਿਓ ਦਾ ਸੋਹਣਾ ਪੁੱਤ ਤੂੰ ਕੁੜੀਏ
ਵੀਰ ਦਾ ਸੱਜਾ ਗੁੱਟ ਨੀ ਕੁੜੀਏ
ਬਾਬਲ ਦਾ ਇਹੋ ਕਹਿੰਣਾ ਪੁੱਤ ਵੇ
ਸ਼ਰਮ ਦਾ ਸੁਰਮਾ ਪਈ ਪੁੱਤ ਵੇ
ਹਯਾ ਦੀ ਸੁਰਖ਼ੀ ਲਾਈਂ ਪੁੱਤ ਵੇ
ਨਿੰਦਾ ਨੂੰ ਜੋ ਰੋਕਣ ਵਾਲੇ
ਕੰਨੀਂ ਕਾਂਟੇ ਪਾਈਂ ਪੁੱਤ ਵੇ
ਇੱਜ਼ਤ ਬਾਬਲ ਦੀ ਚੇਤੇ ਕਰਾਵੇ
ਕੋਕਾ ਨੱਕ ਵਿਚ ਪਾਈਂ ਪੁੱਤ ਵੇ
ਉੱਚੇ ਸੁੱਚੇ ਜੀਵਨ ਵਾਲੀ
ਬਿੰਦੀ ਮੱਥੇ ਲਾਈਂ ਪੁੱਤ ਵੇ
ਜੋ ਜੀਵਨ ਦੀ ਮਰਯਾਦਾ ਦੱਸੇ
ਐਸੀ ਝਾਂਜਰ ਪਾਈਂ ਪੁੱਤ ਵੇ
ਇਸ ਘਰ ਨੂੰ ਤੂੰ ਜੋੜਕੇ ਜਾਣਾ
ਅਗਲਾ ਘਰ ਵਸਾਈਂ ਪੁੱਤ ਵੇ
ਕਦੇ-ਕਦਾਈ ਪੇਕੇ ਗੇੜਾ ਮਾਰਕੇ
ਬਾਬਲ ਦਾ ਦੁੱਖ ਵੰਡਾਈ ਪੁੱਤ ਵੇ।



• ਜਸਵਿੰਦਰ ਸਿੰਘ, ਮੋਬਾਈਲ : 95923-00387

### ਹਿੰਮਤ

ਬੁੱਲਿਆ ਤੋਂ ਨਾ ਡਰ
ਕਈ ਝੱਖੜ ਵੀ ਸਰ ਕਰਨੇ ਨੇ
ਕਈ ਲਹਿਰਾ ਨੂੰ ਠੰਡੀਆਂ ਕਰਨਾ
ਕਈ ਸਮੁੰਦਰ ਸਰ ਕਰਨੇ ਨੇ
ਜਿੱਤ ਦਾ ਝੰਡਾ ਹੈ ਲਹਿਰਾਉਣਾ,
ਕੁਝ ਸਖ਼ਤ ਫੈਸਲੇ ਵੀ ਕਰਨੇ ਨੇ
ਜ਼ਹਿਰ ਨੂੰ ਵੀ ਅੰਮ੍ਰਿਤ ਸਮਝੀ
ਕੌੜੇ ਘੁੱਟ ਕੁਝ ਜਰ ਕਰਨੇ ਨੇ
ਘੁਪ ਹਨੇਰਾ ਮਿਟ ਜਾਏਗਾ
ਸੂਰਜ ਚਾਨਣ ਚੜ ਕਰਨੇ ਨੇ



• ਬਲਜੀਤ ਤਲਵੰਡੀ, ਮੋਬਾਈਲ : 92177-68857

# 'ਇੰਡੀਆ' ਗੱਠਜੋੜ ਸੱਤਾ ਵਿਚ ਆਇਆ ਤਾਂ ਕੱਚੇ ਸਰਕਾਰੀ ਮੁਲਾਜ਼ਮਾਂ ਤੇ 'ਜੀਵਿਕਾ ਦੀਦੀਆਂ' ਨੂੰ ਪੱਕਿਆਂ ਕਰਾਂਗੇ: ਤੇਜਸਵੀ

## ਮਹਾਂਗੱਠਬੰਧਨ ਦੇ ਢਾਂਚੇ ਬਾਰੇ ਕੋਈ ਰਸਮੀ ਐਲਾਨ ਤੋਂ ਟਾਲਾ ਵੱਟਿਆ; ਗੱਠਜੋੜ ਭਾਈਵਾਲਾਂ ਦਰਮਿਆਨ 'ਦੋਸਤਾਨਾ ਮੁਕਾਬਲੇ' ਨੂੰ ਮਤਭੇਦ ਵਜੋਂ ਨਾ ਦੇਖਿਆ ਜਾਵੇ: ਗਹਿਲੋਤ



**ਪਟਨਾ, 24 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਤੇਜਸਵੀ ਯਾਦਵ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਜੇਕਰ ਬਿਹਾਰ ਵਿੱਚ 'ਇੰਡੀਆ' ਗੱਠਜੋੜ ਦੀ ਸਰਕਾਰ ਸੱਤਾ ਵਿਚ ਆਉਂਦੀ ਹੈ ਤਾਂ ਬਿਹਾਰ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਦੇ ਸਾਰੇ ਠੇਕਾ ਮੁਲਾਜ਼ਮਾਂ ਅਤੇ 'ਜੀਵਿਕਾ ਦੀਦੀਆਂ' ਵਿੱਚੋਂ ਲਗਪਗ 2 ਲੱਖ 'ਕਮਿਊਨਿਟੀ ਮੋਬਿਲਾਈਜ਼ਰ' ਨੂੰ ਪੱਕਿਆਂ ਕੀਤਾ ਜਾਵੇਗਾ। ਉਨ੍ਹਾਂ 'ਜੀਵਿਕਾ ਦੀਦੀਆਂ' ਨੂੰ 30,000 ਰੁਪਏ ਮਾਸਿਕ ਤਨਖਾਹ ਤੇ ਸਰਕਾਰੀ ਮੁਲਾਜ਼ਮ ਦਾ ਦਰਜਾ ਦੇਣ ਦਾ ਵਾਅਦਾ ਕੀਤਾ ਹੈ। ਤੇਜਸਵੀ ਹਾਲਾਂਕਿ ਮਹਾਂਗੱਠਬੰਧਨ ਦੇ ਢਾਂਚੇ ਬਾਰੇ ਕੋਈ ਰਸਮੀ ਐਲਾਨ ਕਰਨ ਤੋਂ ਟਾਲਾ ਵੱਟ ਗਏ। ਯਾਦਵ ਨੇ ਸਰਫ਼ ਇੰਨਾ ਕਿਹਾ ਕਿ ਇਹ ਚੋਣਾਂ ਲਈ ਪ੍ਰਚਾਰ ਦਾ ਵੇਲਾ ਹੈ। ਬਿਹਾਰ ਵਿੱਚ ਵਿਧਾਨ ਸਭਾ ਚੋਣਾਂ ਕ੍ਰਮਵਾਰ 6 ਅਤੇ 11 ਨਵੰਬਰ ਨੂੰ ਹੋਣੀਆਂ ਹਨ, ਜਦੋਂ ਕਿ ਨਤੀਜੇ 14 ਨਵੰਬਰ ਨੂੰ ਐਲਾਨੇ ਜਾਣਗੇ। ਇਸ ਦੌਰਾਨ ਸੀਨੀਅਰ ਕਾਂਗਰਸ ਆਗੂ ਅਸ਼ੋਕ ਗਹਿਲੋਤ ਨੇ ਬੁੱਧਵਾਰ ਨੂੰ ਕਿਹਾ ਕਿ ਬਿਹਾਰ ਵਿੱਚ ਇੰਡੀਆ ਗੱਠਜੋੜ ਅੰਦਰ 'ਸਭ ਠੀਕ ਹੈ'। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਵਿੱਚ ਕੁਝ ਸੀਟਾਂ 'ਤੇ ਗੱਠਜੋੜ ਭਾਈਵਾਲਾਂ ਵਿਚਕਾਰ 'ਦੋਸਤਾਨਾ ਮੁਕਾਬਲੇ' ਨੂੰ ਗੱਠਜੋੜ ਦੇ ਅੰਦਰ ਮਤਭੇਦ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ।

ਯਾਦਵ ਨੇ ਕਿਹਾ, "ਨਾਮਜ਼ਦਗੀਆਂ ਦਾਖਲ ਕਰਨ ਦਾ ਸਮਾਂ ਖਤਮ ਹੋ ਗਿਆ ਹੈ ਅਤੇ ਹੁਣ ਪ੍ਰਚਾਰ ਦਾ ਸਮਾਂ ਹੈ। ਇਸ ਵਾਰ, ਬਿਹਾਰ ਦੇ ਲੋਕਾਂ ਨੇ ਬਦਲਾਅ ਲਈ ਆਪਣਾ ਮਨ ਬਣਾ ਲਿਆ ਹੈ। ਬਿਹਾਰ ਦੇ ਲੋਕ ਮੌਜੂਦਾ ਡਬਲ-ਇੰਜਣ ਸਰਕਾਰ ਤੋਂ ਤੰਗ ਆ ਚੁੱਕੇ ਹਨ। ਇਸ ਡਬਲ-ਇੰਜਣ ਸਰਕਾਰ ਵਿੱਚ ਭ੍ਰਿਸ਼ਟਾਚਾਰ ਅਤੇ ਅਪਰਾਧ ਵੱਧ ਗਏ ਹਨ। ਲੋਕ ਬੇਰੁਜ਼ਗਾਰੀ ਅਤੇ ਪ੍ਰਵਾਸ ਤੋਂ ਤੰਗ ਆ ਚੁੱਕੇ ਹਨ। ਮੌਜੂਦਾ ਸਰਕਾਰ ਨੇ ਲੋਕਾਂ ਨਾਲ ਉਹੀ ਵਾਅਦੇ ਕੀਤੇ ਹਨ, ਜੋ ਅਸੀਂ ਪਹਿਲਾਂ ਉਨ੍ਹਾਂ ਨਾਲ ਕੀਤੇ ਸਨ।"

ਤੇਜਸਵੀ ਯਾਦਵ ਮਹਾਂਗਠਬੰਧਨ ਵਿਚਲੇ ਭਾਈਵਾਲਾਂ ਦੀ ਸੀਟਾਂ ਦੀ ਵੰਡ ਸਬੰਧੀ ਰੇੜਕੇ ਨੂੰ ਸੁਲਝਾਉਣ ਲਈ ਅੱਜ ਪਟਨਾ ਵਿੱਚ ਸੀਨੀਅਰ ਕਾਂਗਰਸ ਆਗੂ ਅਸ਼ੋਕ ਗਹਿਲੋਤ ਨਾਲ ਮੁਲਾਕਾਤ ਕਰਨਗੇ। ਇਸ ਤੋਂ ਬਾਅਦ ਮਹਾਂਗਠਬੰਧਨ ਵੱਲੋਂ ਵੀਰਵਾਰ ਨੂੰ ਇੱਕ ਹੋਰ ਪ੍ਰੈਸ ਕਾਨਫਰੰਸ ਕੀਤੇ ਜਾਣ ਦੀ ਉਮੀਦ ਹੈ। ਇਸ ਦੌਰਾਨ, ਚੋਣਾਂ ਲਈ ਆਪਣੇ ਏਜੰਡੇ ਨੂੰ ਸਪੱਸ਼ਟ ਕਰਦੇ ਹੋਏ ਤੇਜਸਵੀ ਯਾਦਵ ਨੇ ਐਲਾਨ ਕੀਤਾ ਕਿ 'ਜੀਵਿਕਾ ਦੀਦੀ', ਜੋ ਕਿ ਕਮਿਊਨਿਟੀ ਮੋਬਿਲਾਇਜ਼ਰ ਵਜੋਂ ਕੰਮ ਕਰਦੀ ਹੈ, ਨੂੰ ਬਿਹਾਰ ਵਿੱਚ ਮਹਾਂਗਠਬੰਧਨ ਦੀ ਸਰਕਾਰ ਬਣਨ ਤੋਂ ਬਾਅਦ ਸਰਕਾਰੀ ਕਰਮਚਾਰੀ ਵਜੋਂ ਸਥਾਈ ਕਰ ਦਿੱਤਾ ਜਾਵੇਗਾ।

ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਬਿਹਾਰ ਵਿਚ ਵਿਰੋਧੀ ਧਿਰ ਦੇ ਨੇਤਾ (ਐਲਓਪੀ) ਤੇਜਸਵੀ ਯਾਦਵ ਨੇ ਭਰੋਸਾ ਦਿੱਤਾ ਕਿ ਜੀਵਿਕਾ ਦੀਦੀ ਦੀ ਤਨਖਾਹ ਵਧਾ ਕੇ 30,000 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇਗੀ। ਉਨ੍ਹਾਂ ਨੇ ਵਿਧਾਨ ਸਭਾ ਚੋਣਾਂ ਨੇੜੇ ਆਉਣ 'ਤੇ ਮਾਈ ਬਹਿਨ ਮਾਨ ਯੋਜਨਾ ਤਹਿਤ 10,000 ਰੁਪਏ ਦੇਣ ਦੇ ਫੈਸਲੇ 'ਤੇ ਡਬਲ-ਇੰਜਣ ਸਰਕਾਰ 'ਤੇ ਵੀ ਨਿਸ਼ਾਨਾ ਸਾਧਿਆ ਤੇ ਇਸ ਨੂੰ 'ਰਿਸ਼ਵਤ' ਕਿਹਾ।

ਯਾਦਵ ਨੇ ਕਿਹਾ, "ਉਨ੍ਹਾਂ ਨੇ ਬਿਹਾਰ ਦੀਆਂ ਔਰਤਾਂ ਲਈ ਮਾਈ ਬਹਿਨ ਮਾਨ ਯੋਜਨਾ ਤਹਿਤ 10,000 ਰੁਪਏ ਵੰਡੇ, ਜੋ ਕਿ ਰਿਸ਼ਵਤ ਹੈ। ਇਹ ਇੱਕ ਕਰਜ਼ਾ ਹੈ, ਅਮਿਤ ਸ਼ਾਹ ਨੇ ਖੁਦ ਕਿਹਾ ਸੀ। ਇਸ ਦਾ ਮਤਲਬ ਹੈ ਕਿ ਉਹ ਇਹ ਪੈਸਾ ਵਸੂਲ ਕਰਨਗੇ।" ਆਰਜੇਡੀ ਮੁਖੀ ਨੇ ਕਿਹਾ, "ਤੁਸੀਂ ਸਾਰੇ ਜਾਣਦੇ ਹੋ ਕਿ ਇਸ ਸਰਕਾਰ ਦੇ ਅਧੀਨ ਜੀਵਿਕਾ ਦੀਦੀਆਂ ਨਾਲ ਬੇਇਨਸਾਫ਼ੀ ਹੋਈ ਹੈ। ਅਸੀਂ ਫੈਸਲਾ ਕੀਤਾ ਹੈ ਕਿ ਸਾਰੀਆਂ ਜੀਵਿਕਾ ਸੀਐਮ (ਕਮਿਊਨਿਟੀ ਮੋਬਿਲਾਇਜ਼ਰ) ਦੀਦੀਆਂ ਨੂੰ ਸਥਾਈ ਕਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਨੂੰ ਸਰਕਾਰੀ ਕਰਮਚਾਰੀਆਂ ਦਾ ਦਰਜਾ ਦਿੱਤਾ ਜਾਵੇਗਾ। ਅਸੀਂ ਉਨ੍ਹਾਂ ਦੀ ਤਨਖਾਹ ਵੀ ਵਧਾ ਕੇ 30,000 ਰੁਪਏ ਪ੍ਰਤੀ ਮਹੀਨਾ ਕਰਾਂਗੇ। ਇਹ ਕੋਈ ਆਮ ਐਲਾਨ ਨਹੀਂ ਹੈ। ਇਹ ਸਾਲਾਂ ਤੋਂ ਜੀਵਿਕਾ ਦੀਦੀਆਂ ਦੀ ਮੰਗ ਰਹੀ ਹੈ।"

ਤੇਜਸਵੀ ਯਾਦਵ ਨੇ ਐਲਾਨ ਕੀਤਾ ਕਿ ਭਵਿੱਖ ਦੀ ਮਹਾਂਗਠਬੰਧਨ ਸਰਕਾਰ ਜੀਵਿਕਾ ਦੀਦੀਆਂ ਵੱਲੋਂ ਲਏ ਗਏ ਕਰਜ਼ਿਆਂ 'ਤੇ ਵਿਆਜ ਮੁਆਫ਼ ਕਰੇਗੀ ਅਤੇ ਅਗਲੇ ਦੋ ਸਾਲਾਂ ਲਈ ਵਿਆਜ ਮੁਕਤ ਕਰਜ਼ਾ ਦਿੱਤਾ ਜਾਵੇਗਾ। ਯਾਦਵ ਨੇ ਕਿਹਾ, "ਪਿੰਡਾਂ ਜਾਂ ਸ਼ਹਿਰਾਂ ਵਿੱਚ ਹੋਣ ਵਾਲਾ ਕੋਈ ਵੀ ਕੰਮ ਜੀਵਿਕਾ ਦੀਦੀਆਂ ਤੋਂ ਬਿਨਾਂ ਸੰਭਵ ਨਹੀਂ ਹੈ। ਹਾਲਾਂਕਿ, ਉਨ੍ਹਾਂ ਨੂੰ ਕੁਝ ਨਹੀਂ ਮਿਲਦਾ। ਇਸ ਲਈ ਇਹ ਸਾਡੀ ਜ਼ਿੰਮੇਵਾਰੀ ਹੈ ਕਿਉਂਕਿ ਇਹ ਸਰਕਾਰ ਉਨ੍ਹਾਂ ਦੀ ਦੇਖਭਾਲ ਨਹੀਂ ਕਰਦੀ।"

ਯਾਦਵ ਨੇ ਕਿਹਾ ਕਿ ਜੀਵਿਕਾ ਦੀਦੀਆਂ ਨੂੰ 2,000 ਰੁਪਏ ਦਾ ਵਾਧੂ ਭੱਤਾ ਵੀ ਦਿੱਤਾ ਜਾਵੇਗਾ, ਅਤੇ ਸਰਕਾਰ ਉਨ੍ਹਾਂ ਦੇ ਸਾਰੇ ਕਾਡਰਾਂ ਲਈ 5 ਲੱਖ ਰੁਪਏ ਦਾ ਬੀਮਾ ਕਵਰੇਜ ਯਕੀਨੀ ਬਣਾਏਗੀ।

# ਜੈਵਲਿਨ ਥ੍ਰੋਅਰ ਨੀਰਜ ਚੋਪੜਾ ਦਾ ਲੈਫਟੀਨੈਂਟ ਕਰਨਲ ਦੇ ਅਹੁਦੇ ਨਾਲ ਸਨਮਾਨ



**ਨਵੀਂ ਦਿੱਲੀ, 24 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਓਲੰਪਿਕ ਸੋਨ ਤਗਮਾ ਜੇਤੂ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਨੂੰ ਬੁੱਧਵਾਰ ਨੂੰ ਲੈਫਟੀਨੈਂਟ ਕਰਨਲ ਦੇ ਅਹੁਦੇ ਨਾਲ ਸਨਮਾਨਿਤ ਕੀਤਾ ਗਿਆ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਚੋਪੜਾ ਨੂੰ ਦ੍ਰਿੜਤਾ ਅਤੇ ਰਾਸ਼ਟਰੀ ਮਾਣ ਦਾ 'ਪ੍ਰਤੀਕ' ਦੱਸਿਆ। ਸਿੰਘ ਨੇ ਨਵੀਂ ਦਿੱਲੀ ਵਿੱਚ ਪਿਪਿੰਗ ਸਮਾਰੋਹ ਵਿੱਚ ਟੈਰੀਟੋਰੀਅਲ ਆਰਮੀ ਵਿੱਚ ਸੇਵਾ ਨਿਭਾ ਰਹੇ ਸਟਾਰ ਜੈਵਲਿਨ ਥ੍ਰੋਅਰ ਨੂੰ ਲੈਫਟੀਨੈਂਟ ਕਰਨਲ ਦੇ ਆਨਰੇਰੀ ਰੈਂਕ ਦਾ ਚਿੰਨ੍ਹ ਪ੍ਰਦਾਨ ਕੀਤਾ। ਸਮਾਗਮ ਵਿਚ ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਅਤੇ ਥਲ ਸੈਨਾ ਦੇ ਕਈ ਹੋਰ ਸੀਨੀਅਰ ਅਧਿਕਾਰੀ ਵੀ ਸ਼ਾਮਲ ਹੋਏ।

ਚੋਪੜਾ 26 ਅਗਸਤ, 2016 ਨੂੰ ਭਾਰਤੀ ਫੌਜ ਵਿੱਚ ਨਾਇਬ ਸੂਬੇਦਾਰ ਵਜੋਂ ਸ਼ਾਮਲ ਹੋਏ ਅਤੇ 2021 ਵਿੱਚ ਸੂਬੇਦਾਰ ਅਤੇ 2022 ਵਿੱਚ ਸੂਬੇਦਾਰ ਮੇਜਰ ਵਜੋਂ ਤਰੱਕੀ ਦਿੱਤੀ ਗਈ। ਹਰਿਆਣਾ ਦੇ ਪਾਣੀਪਤ ਦੇ ਖੰਡਰਾ ਪਿੰਡ ਵਿੱਚ 24 ਦਸੰਬਰ, 1997 ਨੂੰ ਜਨਮੇ ਨੀਰਜ ਚੋਪੜਾ ਨੇ ਟੋਕੀਓ ਓਲੰਪਿਕ 2020 ਵਿੱਚ ਪੁਰਸ਼ਾਂ ਦੇ ਜੈਵਲਿਨ ਥ੍ਰੋਅ ਮੁਕਾਬਲੇ ਵਿੱਚ ਅਥਲੈਟਿਕਸ ਵਿੱਚ ਭਾਰਤ ਦਾ ਪਹਿਲਾ ਓਲੰਪਿਕ ਸੋਨ ਤਗਮਾ ਜਿੱਤ ਕੇ ਇਤਿਹਾਸ ਰਚਿਆ।

ਚੋਪੜਾ ਨੇ 2024 ਵਿੱਚ ਪੈਰਿਸ ਓਲੰਪਿਕ ਵਿੱਚ ਚਾਂਦੀ ਦਾ ਤਗਮਾ ਅਤੇ 2023 ਵਿੱਚ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਸੋਨ ਤਗਮਾ ਜਿੱਤ ਕੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਿਆ। ਚੋਪੜਾ ਨੇ ਏਸ਼ੀਅਨ ਖੇਡਾਂ, ਰਾਸ਼ਟਰਮੰਡਲ ਖੇਡਾਂ ਅਤੇ ਡਾਇਮੰਡ ਲੀਗ ਮੁਕਾਬਲਿਆਂ ਵਿੱਚ ਕਈ ਸੋਨ ਤਗਮੇ ਵੀ ਹਾਸਲ ਕੀਤੇ ਹਨ। 90.23 ਮੀਟਰ (2025) ਦਾ ਉਸਦਾ ਨਿੱਜੀ ਸਰਵੋਤਮ ਥਰੋਅ ਭਾਰਤੀ ਖੇਡ ਇਤਿਹਾਸ ਵਿੱਚ ਇੱਕ ਮੀਲ ਪੱਥਰ ਵਜੋਂ ਖੜ੍ਹਾ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਚੋਪੜਾ ਤੇ ਉਸ ਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਰਦੇ ਹੋਏ ਉਸ ਨੂੰ 'ਦ੍ਰਿੜਤਾ, ਦੇਸ਼ ਭਗਤੀ ਅਤੇ ਉੱਤਮਤਾ ਲਈ ਯਤਨਸ਼ੀਲ ਭਾਰਤੀ ਭਾਵਨਾ ਦਾ ਪ੍ਰਤੀਕ' ਦੱਸਿਆ। ਰੱਖਿਆ ਮੰਤਰਾਲੇ ਨੇ ਕਿਹਾ ਕਿ ਲੈਫਟੀਨੈਂਟ ਕਰਨਲ (ਆਨਰੇਰੀ) ਚੋਪੜਾ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਅਤੇ ਰਾਸ਼ਟਰ ਪ੍ਰਤੀ ਮਿਸਾਲੀ ਸੇਵਾ ਦੇ ਸਨਮਾਨ ਵਜੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ 16 ਅਪਰੈਲ ਨੂੰ ਟੈਰੀਟੋਰੀਅਲ ਆਰਮੀ ਵਿੱਚ ਆਨਰੇਰੀ ਕਮਿਸ਼ਨ ਦਿੱਤਾ ਸੀ। ਚੋਪੜਾ ਨੂੰ ਕਈ ਸਨਮਾਨ ਮਿਲ ਚੁੱਕੇ ਹਨ, ਜਿਨ੍ਹਾਂ ਵਿਚ ਪਦਮ ਸ੍ਰੀ, ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ, ਅਰਜੁਨ ਪੁਰਸਕਾਰ, ਪਰਮ ਵਿਸ਼ਿਸ਼ਟ ਸੇਵਾ ਮੈਡਲ ਅਤੇ ਵਿਸ਼ਿਸ਼ਟ ਸੇਵਾ ਮੈਡਲ ਸ਼ਾਮਲ ਹਨ।

# ਪੰਜਾਬ ਸਰਕਾਰ ਵੱਲੋਂ ਵੱਡਾ ਪ੍ਰਸ਼ਾਸਨਿਕ ਫੇਰਬਦਲ; 6 IAS ਅਧਿਕਾਰੀਆਂ ਦੇ ਤਬਾਦਲੇ

**ਚੰਡੀਗੜ੍ਹ, 24 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਦੀਵਾਲੀ ਤੋਂ ਅਗਲੇ ਦਿਨ ਸੂਬੇ ਵਿੱਚ ਵੱਡਾ ਪ੍ਰਸ਼ਾਸਨਿਕ ਫੇਰ ਬਦਲ ਕਰਦਿਆਂ ਤਿੰਨ ਡਿਪਟੀ ਕਮਿਸ਼ਨਰਾਂ ਸਣੇ 6 ਆਈਏਐੱਸ ਅਧਿਕਾਰੀਆਂ ਦਾ ਤਬਾਦਲਾ ਕਰ ਦਿੱਤਾ ਹੈ। ਇਹ ਹੁਕਮ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਵੱਲੋਂ ਜਾਰੀ ਕੀਤੇ ਗਏ ਹਨ।

ਸ੍ਰੀ ਸਿਨਹਾ ਵੱਲੋਂ ਜਾਰੀ ਹੁਕਮਾਂ ਅਨੁਸਾਰ ਗਮਾਡਾ ਦੇ ਮੁੱਖ ਪ੍ਰਸ਼ਾਸਕ ਵਿਸ਼ੇਸ਼ ਸਾਰੰਗਲ ਨੂੰ ਵਿਸ਼ੇਸ਼ ਸਕੱਤਰ ਸੁਸ਼ਾਸਨ ਤੇ ਸੂਚਨਾ ਤਕਨੀਕ ਵਿਭਾਗ ਨਿਯੁਕਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਡਾਇਰੈਕਟਰ ਸੁਸ਼ਾਸਨ ਤੇ ਸੂਚਨਾ ਤਕਨੀਕ ਤੇ ਮੁੱਖ ਕਾਰਜਕਾਰੀ ਅਫ਼ਸਰ ਪੰਜਾਬ ਰਾਜ ਈ-ਸ਼ਾਸਨ ਸੁਸਾਇਟੀ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੂੰ ਮੁੱਖ ਪ੍ਰਸ਼ਾਸਕ ਗਮਾਡਾ, ਅਦਿੱਤਿਆ ਉੱਪਲ ਨੂੰ ਡਿਪਟੀ ਕਮਿਸ਼ਨਰ ਪਠਾਨਕੋਟ ਤੋਂ ਬਦਲ ਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਨਿਯੁਕਤ ਕੀਤਾ ਗਿਆ ਹੈ।

ਪੰਜਾਬ ਸਰਕਾਰ ਨੇ ਆਈਏਐੱਸ ਅਧਿਕਾਰੀ ਪੱਲਵੀ ਨੂੰ ਡਿਪਟੀ ਕਮਿਸ਼ਨਰ ਪਠਾਨਕੋਟ, ਦਲਵਿੰਦਰ ਜੀਤ ਸਿੰਘ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਹਰਪ੍ਰੀਤ ਸਿੰਘ ਨੂੰ ਵਧੀਕ ਮੁੱਖ ਸਕੱਤਰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨਿਯੁਕਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਹਰਪ੍ਰੀਤ ਸਿੰਘ ਨੂੰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਮੁਖੀ, ਬਿਜਲੀ ਵਿਭਾਗ ਦੇ ਵਧੀਕ ਸਕੱਤਰ ਅਤੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਵਿਭਾਗ ਦੇ ਵਧੀਕ ਸਕੱਤਰ ਦਾ ਵਾਧੂ ਚਾਰਜ ਦਿੱਤਾ ਗਿਆ ਹੈ।

ਪੰਜਾਬ ਸਰਕਾਰ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਸਬੰਧਤ ਅਧਿਕਾਰੀਆਂ ਨੂੰ ਆਪਣੀ ਨਵੀਂ ਤੈਨਾਤੀ 'ਤੇ ਤੁਰੰਤ ਜੁਆਇੰਨ ਕਰਨ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਹੁਕਮਾਂ ਦੇ ਜਾਰੀ ਹੋਣ ਨਾਲ ਖਾਲ੍ਹੀ ਹੋਈਆਂ ਅਸਾਮੀਆਂ ਦੇ ਕੰਮ ਦਾ ਨਿਪਟਾਰਾ ਸਬੰਧਤ ਅਥਾਰਟੀ ਵੱਲੋਂ ਅੰਦਰੂਨੀ ਪ੍ਰਬੰਧ ਰਾਹੀਂ ਕੀਤਾ ਜਾਵੇਗਾ।

# ਕਿਸਾਨਾਂ ਨੂੰ ਪਰਾਲੀ ਸਾੜਨ ਲਈ ਮਜਬੂਰ ਕਰ ਰਹੀ ਪੰਜਾਬ ਦੀ 'ਆਪ' ਸਰਕਾਰ



**ਨਵੀਂ ਦਿੱਲੀ, 24 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੇ ਵਾਤਾਵਰਨ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਬੁੱਧਵਾਰ ਨੂੰ ਦਾਅਵਾ ਕੀਤਾ ਕਿ ਕੌਮੀ ਰਾਜਧਾਨੀ ਵਿਚ ਹਵਾ ਦੀ ਮਾੜੀ ਗੁਣਵੱਤਾ ਲਈ ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਦਿੱਤੇ ਜਾਂਦੇ ਇਨਸੈਂਟਿਵਾਂ ਦੇ ਬਾਵਜੂਦ 'ਆਪ' ਸਰਕਾਰ ਕਿਸਾਨਾਂ ਨੂੰ ਪਰਾਲੀ ਸਾੜਨ ਲਈ ਮਜਬੂਰ ਕਰ ਰਹੀ ਹੈ। ਸਿਰਸਾ ਨੇ ਏਐੱਨਆਈ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ, "ਪੰਜਾਬ ਵਿੱਚ, ਆਮ ਆਦਮੀ ਪਾਰਟੀ ਸੱਤਾ ਵਿੱਚ ਹੈ। ਕਿਸਾਨ ਪਰਾਲੀ ਨਹੀਂ ਸਾੜਨਾ ਚਾਹੁੰਦੇ। ਉਨ੍ਹਾਂ ਨੂੰ ਹੁਣ ਇਸ ਦਾ ਭੁਗਤਾਨ ਵੀ ਮਿਲਦਾ ਹੈ, ਤਾਂ ਜੋ ਉਹ ਇਸ ਨੂੰ ਨਾ ਸਾੜਨ। ਪਰ ਕਿਸਾਨਾਂ ਨੂੰ ਪਰਾਲੀ ਸਾੜਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਹ ਅੱਜ ਦੇ ਅਖਬਾਰ ਵਿੱਚ ਛਪਿਆ ਹੈ। ਜ਼ਿਆਦਾਤਰ ਘਟਨਾਵਾਂ ਕੱਲ੍ਹ ਵਾਪਰੀਆਂ। ਲੋਕਾਂ ਨੂੰ ਨਕਾਬਪੋਸ਼ ਬਣਾਇਆ ਗਿਆ ਸੀ ਅਤੇ ਅਜਿਹਾ ਕਰਨ ਲਈ ਮਜਬੂਰ ਕੀਤਾ ਗਿਆ ਸੀ। ਇੱਕ 'ਆਪ' ਵਰਕਰ ਦਾ ਵੀਡੀਓ ਹੈ ਜੋ ਕਹਿ ਰਿਹਾ ਹੈ, 'ਸਾਨੂੰ ਇਸ ਨੂੰ ਸਾੜਨ ਲਈ ਮਜਬੂਰ ਕੀਤਾ ਜਾ ਰਿਹਾ ਹੈ।" ਉਨ੍ਹਾਂ ਨੂੰ ਕੌਣ ਮਜਬੂਰ ਕਰ ਰਿਹਾ ਹੈ? ਭਾਜਪਾ ਪੰਜਾਬ ਵਿੱਚ ਕਿਸੇ ਨੂੰ ਮਜਬੂਰ ਨਹੀਂ ਕਰ ਸਕਦੀ।'

ਸਿਰਸਾ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦਿੱਲੀ ਦੇ ਹਵਾ ਪ੍ਰਦੂਸ਼ਣ ਲਈ 'ਦੀਵਾਲੀ, ਹਿੰਦੂਆਂ ਤੇ ਸਨਾਤਨੀਆਂ' ਨੂੰ ਜ਼ਿੰਮੇਵਾਰ ਦੱਸਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੌਮੀ ਰਾਜਧਾਨੀ ਦੀ ਮਾੜੀ ਹਵਾ ਗੁਣਵੱਤਾ ਨੂੰ ਤਿਓਹਾਰ ਨਾਲ ਜੋੜਨਾ ਕਿਸੇ 'ਪਾਪ' ਤੋਂ ਘੱਟ ਨਹੀਂ ਹੈ।

ਸਿਰਸਾ ਨੇ ਹਿੰਦੂ ਧਾਰਮਿਕ ਰਹੁ-ਰੀਤਾਂ ਉੱਤੇ ਪਾਬੰਦੀ ਲਗਾਉਣ ਦੀਆਂ ਸਿਆਸਤ ਤੋਂ ਪ੍ਰੇਰਿਤ ਕੋਸ਼ਿਸ਼ਾਂ ਨੂੰ ਲੈ ਕੇ 'ਆਪ' ਉੱਤੇ ਵਰ੍ਹਦਿਆਂ ਕਿਹਾ, "ਇਹ ਪਟਾਕੇ ਨਹੀਂ ਹਨ... ਆਮ ਆਦਮੀ ਪਾਰਟੀ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਇਹ ਸਾਬਤ ਕਰਨ ਲਈ ਲਗਾ ਰਹੀ ਹੈ ਕਿ ਦਿੱਲੀ ਵਿੱਚ ਪ੍ਰਦੂਸ਼ਣ ਦੀਵਾਲੀ ਕਰਕੇ ਹੈ। ਉਨ੍ਹਾਂ ਦਾ ਸਾਰਾ ਧਿਆਨ ਇਸ ਉੱਤੇ ਕੇਂਦਰਿਤ ਹਨ ਕਿਉਂਕਿ ਉਨ੍ਹਾਂ ਕੋਲ ਖੁਸ਼ ਕਰਨ ਲਈ ਇੱਕ ਖਾਸ ਵੋਟ ਬੈਂਕ ਹੈ। ਉਹ ਇਹ ਕਹਿ ਕੇ ਦੀਵਾਲੀ 'ਤੇ ਪਾਬੰਦੀ ਲਗਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਨ ਕਿ ਦੀਵੇ ਜਗਾਉਣ ਅਤੇ ਪਟਾਕੇ ਚਲਾਉਣ ਨਾਲ ਧੂੰਆਂ ਪੈਦਾ ਹੁੰਦਾ ਹੈ।" ਇਸ ਦਾਅਵੇ ਦਾ ਵਿਰੋਧ ਕਰਨ ਲਈ, ਸਿਰਸਾ ਨੇ ਪਿਛਲੇ ਸਾਲਾਂ ਦੇ ਤੁਲਨਾਤਮਕ ਅੰਕੜੇ ਪ੍ਰਦਾਨ ਕੀਤੇ ਤਾਂ ਜੋ ਇਹ ਦਰਸਾਇਆ ਜਾ ਸਕੇ ਕਿ ਦੀਵਾਲੀ ਦਾ ਪ੍ਰਦੂਸ਼ਣ ਦੇ ਪੱਧਰਾਂ 'ਤੇ ਪ੍ਰਭਾਵ ਘੱਟ ਹੈ।

ਸਿਰਸਾ ਨੇ ਕਿਹਾ ਕਿ ਉਨ੍ਹਾਂ ਸਾਲਾਂ ਵਿੱਚ ਵੀ ਜਦੋਂ ਪਟਾਕਿਆਂ 'ਤੇ ਪਾਬੰਦੀ ਲਗਾਈ ਗਈ ਸੀ, AQI ਦੇ ਪੱਧਰ ਵਿੱਚ ਕਾਫ਼ੀ ਵਾਧਾ ਹੋਇਆ ਸੀ। ਉਨ੍ਹਾਂ ਕਿਹਾ, "ਪਿਛਲੇ ਸਾਲ, ਪਟਾਕਿਆਂ 'ਤੇ ਪਾਬੰਦੀ ਦੇ ਬਾਵਜੂਦ, ਦੀਵਾਲੀ ਦੀ ਪੂਰਬਲੀ ਸੰਧਿਆ AQI 328 ਸੀ, ਜੋ ਅਗਲੀ ਸਵੇਰ 360 ਹੋ ਗਿਆ। ਇੱਕ ਸਾਲ ਪਹਿਲਾਂ, 2023 ਵਿੱਚ, ਇਹ 218 ਤੋਂ 301 ਤੱਕ ਵਧ ਗਿਆ, ਜੋ ਕਿ 83 ਅੰਕਾਂ ਦੀ ਉਛਾਲ ਸੀ।" ਸਿਰਸਾ ਨੇ ਜ਼ੋਰ ਦੇ ਕੇ ਕਿਹਾ ਕਿ ਸਿਰਫ਼ ਦੀਵਾਲੀ ਦੇ ਤਿਓਹਾਰ ਸਿਰ ਠੀਕਰਾ ਭੰਨਣਾ ਗੁੰਮਰਾਹਕੁਨ ਹੈ।

ਉਨ੍ਹਾਂ ਕਿਹਾ, "ਇਸ ਲਈ ਪ੍ਰਦੂਸ਼ਣ ਦੇ ਪੱਧਰ ਵਿੱਚ ਵਾਧੇ ਲਈ ਸਿਰਫ਼ ਦੀਵਾਲੀ ਦੇ ਪਟਾਕਿਆਂ ਨੂੰ ਜ਼ਿੰਮੇਵਾਰ ਠਹਿਰਾਉਣਾ ਗੁੰਮਰਾਹਕੁਨ ਹੋਵੇਗਾ। ਇਸ ਦਾ ਕੁਝ ਪ੍ਰਭਾਵ ਹੋ ਸਕਦਾ ਹੈ, ਪਰ ਆਮ ਆਦਮੀ ਪਾਰਟੀ ਇਹ ਸੁਝਾਅ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਦੀਵਾਲੀ, ਹਿੰਦੂ ਅਤੇ ਸਨਾਤਨੀ ਦਿੱਲੀ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਹਨ, ਉਹ ਇੱਕ ਪਾਪ ਹੈ।"

# ਕੇਰਲਾ ਵਿਚ ਰਾਸ਼ਟਰਪਤੀ ਮੁਰਮੂ ਦੇ ਹੈਲੀਕਾਪਟਰ ਹੇਠੋਂ ਧਸਿਆ ਹੈਲੀਪੈਡ ਦਾ ਹਿੱਸਾ, ਵੱਡੇ ਹਾਦਸੇ ਤੋਂ ਬਚਾ



**ਤਿਰੂਵਨੰਤਪੁਰਮ, 24 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਕੇਰਲਾ ਵਿਚ ਅੱਜ ਉਦੋਂ ਇਕ ਵੱਡਾ ਹਾਦਸਾ ਟਲ ਗਿਆ ਜਦੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਲੈ ਕੇ ਜਾ ਰਿਹਾ ਹੈਲੀਕਾਪਟਰ ਪਥਨਮਥਿੱਟਾ ਜ਼ਿਲ੍ਹੇ ਦੇ ਪ੍ਰਮਦਮ ਸਟੇਡੀਅਮ ਵਿਚ ਉੱਤਰਨ ਤੋਂ ਫੌਰੀ ਮਗਰੋਂ ਹੈਲੀਪੈੱਡ ਦਾ ਹਿੱਸਾ ਧਸ ਗਿਆ। ਮੌਕੇ 'ਤੇ ਮੌਜੂਦ ਪੁਲੀਸ ਤੇ ਫਾਇਰ ਬ੍ਰਿਗੇਡ ਦੇ ਕਰਮੀਆਂ ਨੇ ਫੌਰੀ ਚੌਕਸੀ ਵਰਤਦਿਆਂ ਹੈਲੀਕਾਪਟਰ ਨੂੰ ਧਸਣ ਵਾਲੀ ਥਾਂ ਤੋਂ ਧੱਕਾ ਦੇ ਕੇ ਬਾਹਰ ਕੱਢਿਆ।

ਅਧਿਕਾਰੀਆਂ ਮੁਤਾਬਕ ਇਹ ਘਟਨਾ ਉਦੋਂ ਹੋਈ ਜਦੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਸ਼ਬਰੀਮਾਲਾ ਵਿਚ ਭਗਵਾਨ ਅਯੱਪਾ ਮੰਦਰ ਦੇ ਦਰਸ਼ਨਾਂ ਲਈ ਜਾ ਰਹੇ ਸਨ। ਹੈਲੀਕਾਪਟਰ ਦੇ ਸੁਰੱਖਿਅਤ ਉਤਰਨ ਤੋਂ ਕੁਝ ਹੀ ਪਲਾਂ ਬਾਅਦ ਹੈਲੀਪੈਡ ਦੇ ਟਾਰਮੈਕ ਦਾ ਇਕ ਹਿੱਸਾ ਧਸ ਗਿਆ, ਜਿਸ ਨਾਲ ਪਿਛਲੇ ਪਹੀਏ ਦਾ ਇਕ ਹਿੱਸਾ ਬੈਠ ਗਿਆ। ਹਾਲਾਂਕਿ ਕੋਈ ਜ਼ਖ਼ਮੀ ਨਹੀਂ ਹੋਇਆ ਤੇ ਰਾਸ਼ਟਰਪਤੀ ਮੁਰਮੂ ਪੂਰੀ ਤਰ੍ਹਾਂ ਸੁਰੱਖਿਅਤ ਹਨ। ਘਟਨਾ ਤੋਂ ਫੌਰੀ ਮਗਰੋਂ ਸੁਰੱਖਿਆ ਏਜੰਸੀਆਂ ਨੇ ਖੇਤਰ ਨੂੰ ਘੇਰ ਲਿਆ ਤੇ ਹੈਲੀਪੈਡ ਦੀ ਤਕਨੀਕੀ ਜਾਂਚ ਸ਼ੁਰੂ ਕਰ ਦਿੱਤੀ। ਸਥਾਨਕ ਪ੍ਰਸ਼ਾਸਨ ਨੇ ਕਿਹਾ ਕਿ ਇਹ ਸ਼ਾਇਦ ਮਿੱਟੀ ਹੇਠਲੀ ਪਰਤ ਕਮਜ਼ੋਰ ਹੋਣ ਕਰਕੇ ਹੋਇਆ। ਇੰਜਨੀਅਰਿੰਗ ਮਾਹਿਰਾਂ ਵੱਲੋਂ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਕਾਬਿਲੇਗੌਰ ਹੈ ਕਿ ਰਾਸ਼ਟਰਪਤੀ ਮੁਰਮੂ ਮੰਗਲਵਾਰ ਸ਼ਾਮ ਨੂੰ ਚਾਰ ਦਿਨਾ ਅਧਿਕਾਰਤ ਦੌਰੇ ਲਈ ਤਿਰੂਵਨੰਤਪੁਰਮ ਪਹੁੰਚੇ ਸਨ। ਬੁੱਧਵਾਰ ਸਵੇਰੇ ਉਹ ਹੈਲੀਕਾਪਟਰ ਤੋਂ ਪਥਨਮਥਿੱਟਾ ਜ਼ਿਲ੍ਹੇ ਦੇ ਪ੍ਰਮਦਮ ਸਟੇਡੀਅਮ ਪਹੁੰਚੇ ਤੇ ਉਥੋਂ ਸੜਕੀ ਰਸਤੇ ਸ਼ਬਰੀਮਾਲਾ ਮੰਦਰ ਲਈ ਰਵਾਨਾ ਹੋਏ। ਤ੍ਰਾਵਣਕੋਰ ਦੇਵਸਵਮ ਬੋਰਡ (ਟੀਡੀਬੀ) ਦੇ ਅਧਿਕਾਰੀਆਂ ਨੇ ਕਿਹਾ ਕਿ ਰਾਸ਼ਟਰਪਤੀ ਦੇ ਸਬਰੀਮਾਲਾ ਮੰਦਰ ਦੇ ਦੌਰੇ ਲਈ ਸਾਰੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ। ਮੁਰਮੂ ਭਗਵਾਨ ਅਯੱਪਾ ਦੇ ਦਰਸ਼ਨ ਕਰਨ ਲਈ ਰਵਾਇਤੀ ਟ੍ਰੈਕਿੰਗ ਰੂਟ ਰਾਹੀਂ ਸੰਨੀਧਨਮ ਜਾਣਗੇ। ਪੂਰੇ ਖੇਤਰ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

# ਗੋਲੀਬਾਰੀ ਦੌਰਾਨ ਜੱਗੂ ਭਗਵਾਨਪੁਰੀਆ ਗੈਂਗ ਨਾਲ ਸਬੰਧਤ 3 ਗ੍ਰਿਫਤਾਰ, 1 ਜ਼ਖਮੀ

**ਜਲੰਧਰ, 24 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲੀਸ ਨੇ ਮੁਕਾਬਲੇ ਦੌਰਾਨ ਖ਼ਤਰਨਾਕ ਗੈਂਗਸਟਰ ਮਨਕਰਨ ਸਮੇਤ ਅਤੇ ਦੋ ਹੋਰ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਪੁਲੀਸ ਦੀ ਜਵਾਬੀ ਫਾਇਰਿੰਗ 'ਚ ਮਨਕਰਨ ਦੇ ਢਿੱਡ 'ਚ ਗੋਲੀ ਲੱਗੀ, ਜਿਸ ਤੋਂ ਬਾਅਦ ਉਸ ਨੂੰ ਸਿਵਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਸੀਪੀ ਧਨਪ੍ਰੀਤ ਕੌਰ ਨੇ ਦੱਸਿਆ ਕਿ ਰਾਮਾ ਮੰਡੀ ਇਲਾਕੇ ਵਿੱਚ ਕੁੱਝ ਬਦਮਾਸ਼ਾਂ ਵੱਲੋਂ ਫਾਇਰਿੰਗ ਕੀਤੀ ਗਈ ਸੀ , ਜਿਸ ਤੋਂ ਬਾਅਦ ਪੁਲੀਸ ਨੇ ਕਾਰਵਾਈ ਕਰਦਿਆਂ ਉਨ੍ਹਾਂ ਦਾ ਪਤਾ ਲਗਾਇਆ। ਬੁੱਧਵਾਰ ਸਵੇਰੇ ਕਰੀਬ 11ਵਜੇ ਸੀਆਈਏ ਸਟਾਫ ਜਲੰਧਰ ਦੇ ਇੰਚਾਰਜ ਸੁਰਿੰਦਰ ਸਿੰਘ ਨੂੰ ਮਨਕਰਨ ਦੀ ਲੋਕੇਸ਼ਨ ਸਲੇਮਪੁਰ ਮਸੰਦਾ ਇਲਾਕੇ 'ਚ ਮਿਲੀ।

ਉਨ੍ਹਾਂ ਦੱਸਿਆ ਕਿ ਘੇਰਾਬੰਦੀ ਦੌਰਾਨ ਮੋਟਰਸਾਈਕਲ 'ਤੇ ਸਵਾਰ ਤਿੰਨ ਮੁਲਜ਼ਮਾਂ - ਮਨਕਰਨ ਸਿੰਘ, ਸਿਮਰਨਜੀਤ ਸਿੰਘ ਅਤੇ ਜੈਵੀਰ ਸਿੰਘ - ਨੇ ਪੁਲੀਸ 'ਤੇ ਗੋਲੀਆਂ ਚਲਾ ਦਿੱਤੀਆਂ।

ਇਸ ਦੌਰਾਨ ਜਵਾਬੀ ਕਾਰਵਾਈ ਵਿੱਚ ਮਨਕਰਨ ਜ਼ਖ਼ਮੀ ਹੋ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਮਨਕਰਨ ਧਰਮਜੀਤ ਉਰਫ਼ ਧਰਮ ਦੇ ਅੰਮ੍ਰਿਤਸਰ ਕਤਲ ਕੇਸ ਵਿੱਚ ਲੋੜੀਂਦਾ ਸੀ ਅਤੇ ਉਸ ਵਿਰੁੱਧ ਪਹਿਲਾਂ ਵੀ ਕਈ ਮਾਮਲੇ ਦਰਜ ਸਨ। ਮਨਕਰਨ ਦੇ ਬਦਨਾਮ ਗੈਂਗਸਟਰ ਜੱਗੂ ਭਗਵਾਨਪੁਰੀਆ ਅਤੇ ਅੰਮ੍ਰਿਤ ਦਾਲਮ ਨਾਲ ਵੀ ਸਬੰਧ ਹਨ। ਪੁਲੀਸ ਨੇ ਕਾਰਵਾਈ ਦੌਰਾਨ ਮੌਕੇ ਤੋਂ ਗ਼ੈਰ-ਕਾਨੂੰਨੀ ਹਥਿਆਰ ਵੀ ਬਰਾਮਦ ਕੀਤੇ ਹਨ ਅਤੇ ਮਨਕਰਨ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਤਿੰਨੋਂ ਮੁਲਜ਼ਮ ਜੱਗੂ ਭਗਵਾਨਪੁਰੀਆ ਗੈਂਗ ਨਾਲ ਸਬੰਧਤ ਦੱਸੇ ਜਾ ਰਹੇ ਹਨ।

# ਮ੍ਰਿਤਕ ਏ ਐੱਸ ਆਈ ਸੰਦੀਪ ਦੇ ਕੇਸ ਦੀ ਜਾਂਚ ਲਈ ਐੱਸ ਆਈ ਟੀ ਦਾ ਗਠਨ

**ਰੋਹਤਕ, 24 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਰੋਹਤਕ ਪੁਲੀਸ ਸਾਈਬਰ ਸੈੱਲ ਦੇ ਇੰਚਾਰਜ ਮ੍ਰਿਤਕ ਏ ਐੱਸ ਆਈ ਸੰਦੀਪ ਲਾਠਰ ਦੇ ਮਾਮਲੇ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਹੈ, ਜਿਸ ਨੇ ਕਥਿਤ ਤੌਰ 'ਤੇ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਸੀ।

ਮ੍ਰਿਤਕ ਏ ਐੱਸ ਆਈ ਦੇ ਚਚੇਰੇ ਭਰਾ ਸੰਜੇ ਦੇਸ਼ਵਾਲ ਨੇ ਕਿਹਾ, ਸਾਨੂੰ ਸੂਚਿਤ ਕੀਤਾ ਗਿਆ ਹੈ ਕਿ ਮਾਮਲੇ ਦੀ ਜਾਂਚ ਲਈ ਇੱਕ ਐੱਸ ਆਈ ਟੀ ਦਾ ਗਠਨ ਕੀਤਾ ਗਿਆ ਹੈ।÷ ਸੂਤਰਾਂ ਅਨੁਸਾਰ ਐੱਸ ਆਈ ਟੀ ਦੀ ਅਗਵਾਈ ਡੀ ਐੱਸ ਪੀ ਪੱਧਰ ਦੇ ਪੁਲੀਸ ਅਧਿਕਾਰੀ ਕਰ ਰਹੇ ਹਨ। ਹਾਲਾਂਕਿ, ਰੋਹਤਕ ਦੇ ਪੁਲੀਸ ਸੁਪਰਡੈਂਟ ਸੁਰਿੰਦਰ ਸਿੰਘ ਭੋਰੀਆ ਨਾਲ ਟਿੱਪਣੀ ਲਈ ਸੰਪਰਕ ਨਹੀਂ ਹੋ ਸਕਿਆ ਅਤੇ ਨਾ ਹੀ ਉਨ੍ਹਾਂ ਨੇ ਵਟਸਐਪ ਸੰਦੇਸ਼ਾਂ ਦਾ ਜਵਾਬ ਦਿੱਤਾ।

ਇਸ ਦੌਰਾਨ ਇੱਕ ਪੁਲੀਸ ਟੀਮ ਰੋਹਤਕ ਸ਼ਹਿਰ ਦੇ ਬਾਹਰਵਾਰ ਦੇਸ਼ਵਾਲ ਦੇ ਦਫ਼ਤਰ ਪਹੁੰਚੀ ਅਤੇ ਏ ਐੱਸ ਆਈ ਸੰਦੀਪ ਦੀ ਕਥਿਤ ਖੁਦਕੁਸ਼ੀ ਅਤੇ ਇਸ ਦੇ ਕਾਰਨ ਬਣੇ ਹਾਲਾਤਾਂ ਬਾਰੇ ਉਸ ਤੋਂ ਪੁੱਛਗਿੱਛ ਕੀਤੀ

# ਏਅਰ ਇੰਡੀਆ ਦਾ ਜਹਾਜ਼ ਤਕਨੀਕੀ ਖਰਾਬੀ ਕਾਰਨ ਮੁੰਬਈ ਵਾਪਸ ਪਰਤਿਆ

**ਨਵੀਂ ਦਿੱਲੀ, 24 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਏਅਰ ਇੰਡੀਆ ਦੀ ਨਿਊਆਰਕ ਜਾਣ ਵਾਲੀ ਇੱਕ ਉਡਾਣ, ਜੋ ਬੋਇੰਗ 777 ਜਹਾਜ਼ ਰਾਹੀਂ ਚਲਾਈ ਜਾ ਰਹੀ ਸੀ, ਬੁੱਧਵਾਰ ਸਵੇਰੇ ਤਕਨੀਕੀ ਖਰਾਬੀ ਕਾਰਨ ਮੁੰਬਈ ਵਾਪਸ ਪਰਤ ਆਈ। ਫਲਾਈਟ ਟਰੈਕਿੰਗ ਵੈੱਬਸਾਈਟ FlightradarBD.com 'ਤੇ ਉਪਲਬਧ ਜਾਣਕਾਰੀ ਅਨੁਸਾਰ ਬੋਇੰਗ 777 ਜਹਾਜ਼, ਜਿਸ ਨੇ ਬੁੱਧਵਾਰ ਨੂੰ ਤੜਕੇ 1.50 ਵਜੇ ਨਿਊਆਰਕ ਲਈ ਉਡਾਣ ਭਰੀ ਸੀ। ਮੁੰਬਈ ਵਾਪਸ ਪਰਤਣ ਤੋਂ ਪਹਿਲਾਂ ਤਿੰਨ ਘੰਟਿਆਂ ਤੋਂ ਵੱਧ ਸਮੇਂ ਤੱਕ ਹਵਾ ਵਿੱਚ ਰਿਹਾ।

ਏਅਰਲਾਈਨ ਨੇ ਇੱਕ ਬਿਆਨ ਵਿੱਚ ਕਿਹਾ, "22 ਅਕਤੂਬਰ ਨੂੰ ਮੁੰਬਈ ਤੋਂ ਨਿਊਆਰਕ ਲਈ ਉਡਾਣ ਭਰਨ ਵਾਲੀ ਫਲਾਈਟ 19191 ਦੇ ਚਾਲਕ ਦਲ ਨੇ ਇੱਕ ਸ਼ੱਕੀ ਤਕਨੀਕੀ ਖਰਾਬੀ ਕਾਰਨ ਤੁਰੰਤ ਸੁਰੱਖਿਆ ਉਪਾਅ ਵਜੋਂ ਮੁੰਬਈ ਲਈ ਹਵਾਈ-ਵਾਪਸੀ (air-return) ਕੀਤੀ। ਉਡਾਣ ਸੁਰੱਖਿਅਤ ਢੰਗ ਨਾਲ ਮੁੰਬਈ ਵਿੱਚ ਵਾਪਸ ਉਤਰੀ ਅਤੇ ਜਹਾਜ਼ ਦੀ ਜ਼ਰੂਰੀ ਜਾਂਚ ਕੀਤੀ ਜਾ ਰਹੀ ਹੈ।"

ਏਅਰ ਇੰਡੀਆ ਨੇ ਦੱਸਿਆ ਕਿ 19191 ਅਤੇ 19144 (ਜੋ ਨਿਊਆਰਕ ਤੋਂ ਮੁੰਬਈ ਲਈ ਸੰਚਾਲਿਤ ਹੋਣੀ ਸੀ) ਰੱਦ ਕਰ ਦਿੱਤੀਆਂ ਗਈਆਂ ਹਨ। ਮੁੰਬਈ ਵਿੱਚ ਪ੍ਰਭਾਵਿਤ ਸਾਰੇ ਯਾਤਰੀਆਂ ਨੂੰ ਹੋਟਲ ਵਿੱਚ ਠਹਿਰਨ ਦੀ ਸਹੂਲਤ ਦਿੱਤੀ ਗਈ ਹੈ ਅਤੇ ਉਨ੍ਹਾਂ ਨੂੰ ਮੰਜ਼ਿਲ 'ਤੇ ਭੇਜਣ ਲਈ ਏਅਰ ਇੰਡੀਆ ਅਤੇ ਹੋਰ ਏਅਰਲਾਈਨਾਂ ਦੀਆਂ ਬਦਲਵੇਂ ਉਡਾਣਾਂ 'ਤੇ ਮੁੜ ਬੁੱਕ ਕਰ ਦਿੱਤਾ ਗਿਆ ਹੈ। ਇਸ ਸਬੰਧੀ ਯਾਤਰੀਆਂ ਦੀ ਗਿਣਤੀ ਬਾਰੇ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ।

ਏਅਰਲਾਈਨ ਨੇ ਕਿਹਾ ਕਿ ਨਿਊਆਰਕ ਤੋਂ 19144 ਦੇ ਯਾਤਰੀਆਂ ਨੂੰ ਵੀ ਉਡਾਣ ਰੱਦ ਹੋਣ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਜਲਦੀ ਤੋਂ ਜਲਦੀ ਬਦਲਵੇਂ ਪ੍ਰਬੰਧਾਂ ਰਾਹੀਂ ਸਹਾਇਤਾ ਕੀਤੀ ਜਾ ਰਹੀ ਹੈ।

# ਪੋਟਾਸ਼ ਦੀ ਵਰਤੋਂ ਪਟਾਕੇ ਲਈ ਕਰਨ ਦੌਰਾਨ ਧਮਾਕਾ; 2 ਔਰਤਾਂ ਸਮੇਤ 7 ਜ਼ਖ਼ਮੀ

**ਗੁਰਦਾਸਪੁਰ, 24 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਪਿੰਡ ਪਿੰਡ ਧਰਮਦਾਦ ਵਿਖੇ ਵਿਸਫੋਟਕ ਗੰਧਕ-ਪੋਟਾਸ਼ ਪਾਊਡਰ ਦੀ ਵਰਤੋਂ ਕਰਕੇ ਦੀਵਾਲੀ ਦੇ ਪਟਾਕੇ ਬਣਾਉਣ ਦੀ ਕੋਸ਼ਿਸ਼ ਕਰਦੇ ਹੋਏ ਸੱਤ ਵਿਅਕਤੀ ਧਮਾਕਾ ਹੋਣ ਗਾਰਨ ਜ਼ਖਮੀ ਹੋ ਗਏ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਸਾਰੇ ਸੱਤ ਵਿਅਕਤੀ ਗੰਭੀਰ ਜ਼ਖ਼ਮੀ ਹੋਏ ਹਨ ਅਤੇ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਡੇਰਾ ਬਾਬਾ ਨਾਨਕ ਦੇ ਸਿਵਲ ਹਸਪਤਾਲ ਲਿਜਾਇਆ ਗਿਆ ਸੀ, ਜਿੱਥੋਂ ਡਾਕਟਰਾਂ ਨੇ ਉਨ੍ਹਾਂ ਦੀ ਗੰਭੀਰ ਹਾਲਤ ਦੇਖਦਿਆਂ ਨਿੱਜੀ ਹਸਪਤਾਲ ਰੈਫਰ ਕਰ ਦਿੱਤਾ।

ਇੱਕ ਅਧਿਕਾਰੀ ਨੇ ਦੱਸਿਆ ਕਿ ਜ਼ਖਮੀਆਂ ਵਿੱਚੋਂ ਦੋ ਔਰਤਾਂ ਹਨ। ਉਨ੍ਹਾਂ ਦੱਸਿਆ ਕਿ , ਉਹ ਪਟਾਕੇ ਬਣਾਉਣ ਦੀ ਕੋਸ਼ਿਸ਼ ਕਰਦੇ ਹੋਏ ਅਤਿ-ਵਿਸਫੋਟਕ ਗੰਧਕ-ਪੋਟਾਸ਼ ਪਾਊਡਰ ਨਾਲ ਛੇੜਛਾੜ ਕਰ ਰਹੇ ਸਨ। ਧਮਾਕਾ ਇੰਨਾ ਜ਼ੋਰਦਾਰ ਸੀ ਕਿ ਨੇੜੇ ਦੇ ਘਰਾਂ ਦੇ ਸ਼ੀਸ਼ੇ ਜਾਂ ਤਾਂ ਟੁੱਟ ਗਏ ਜਾਂ ਉਨ੍ਹਾਂ ਵਿੱਚ ਵੱਡੀਆਂ ਤਰੇੜਾਂ ਆ ਗਈਆਂ। ਪਾਊਡਰ ਨੂੰ ਗਲਤ ਢੰਗ ਨਾਲ ਵਰਤਣ 'ਤੇ ਦੁਰਘਟਨਾ ਵਾਲੇ ਧਮਾਕੇ ਦਾ ਵੱਡਾ ਖ਼ਤਰਾ ਹੁੰਦਾ ਹੈ। ਡੇਰਾ ਬਾਬਾ ਨਾਨਕ ਦੇ ਐੱਸ.ਐੱਚ.ਓ. ਅਸ਼ੋਕ ਸ਼ਰਮਾ ਅਧਿਕਾਰੀਆਂ ਦੀ ਟੀਮ ਨਾਲ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਅੰਤਰ ਜ਼ਿਲ੍ਹਾ ਸਕੂਲ ਖੇਡਾਂ ਆਰਟਿਸਟਿਕ ਤੇ ਰਿਧਮਕ ਯੋਗਾ 'ਚ ਪਟਿਆਲਾ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ




**ਪਟਿਆਲਾ, 24 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸੰਜੀਵ ਸ਼ਰਮਾ ਦੇ ਦਿਸ਼ਾ ਨਿਰਦੇਸ਼ ਅਤੇ ਉਪ ਜਿਲਾ ਸਿੱਖਿਆ ਅਫਸਰ ਡਾ ਰਵਿੰਦਰਪਾਲ ਸਿੰਘ ਦੀ ਅਗਵਾਈ ਹੇਠ ਅੰਤਰ ਜ਼ਿਲ੍ਹਾ ਯੋਗਾ ਦੇ ਮੁਕਾਬਲੇ ਪਟਿਆਲਾ ਵਿਖੇ ਕਰਵਾਏ ਜਾ ਰਹੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਿਲਾ ਸਪੋਰਟਸ ਕੋਆਰਡੀਨੇਟਰ ਡਾ. ਦਲਜੀਤ ਸਿੰਘ ਨੇ ਦੱਸਿਆ ਅੰਤਰ ਜ਼ਿਲ੍ਹਾ ਲੜਕੀਆਂ ਯੋਗਾ ਦੇ ਮੁਕਾਬਲੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਸਮਾਸਸਸ ਸਕੂਲ ਸਿਵਲ ਲਾਈਨ ਪਟਿਆਲਾ ਕਰਵਾਏ ਗਏ। ਯੋਗਾ ਦੇ ਮੁਕਾਬਲਿਆਂ ਵਿੱਚ ਟਰੈਡੀਸ਼ਨਲ ਯੋਗਾਸਨਾ ਅੰਡਰ 14 ਦੇ ਵਿੱਚ ਜਲੰਧਰ ਨੇ ਪਹਿਲੀ, ਪਟਿਆਲਾ ਨੇ ਦੂਜਾ, ਐਸਏਐਸ ਨਗਰ ਮੋਹਾਲੀ ਨੇ ਤੀਜਾ, ਆਰਟਿਸਟਿਕ ਸਿੰਗਲ ਦੇ ਵਿੱਚ ਪਟਿਆਲਾ ਨੇ ਪਹਿਲਾ, ਸੰਗਰੂਰ ਨੇ ਦੂਜਾ, ਮੋਹਾਲੀ ਨੇ ਤੀਜਾ, ਆਰਟਿਸਟਿਕ ਪੇਅਰ ਦੇ ਵਿੱਚ ਪਟਿਆਲਾ ਨੇ ਪਹਿਲਾ, ਜਲੰਧਰ ਨੇ ਦੂਜਾ ਮੋਹਾਲੀ ਨੇ ਤੀਜਾ, ਰਿਧਮਿਕ ਪੇਅਰ ਦੇ ਵਿੱਚ ਲੁਧਿਆਣਾ ਨੇ ਪਹਿਲਾ, ਪਟਿਆਲਾ ਨੇ ਦੂਜਾ, ਜਲੰਧਰ ਨੇ ਤੀਜਾ, ਅੰਡਰ 17 ਟਰਡੀਸ਼ਨਲ ਦੇ ਵਿੱਚ ਲੁਧਿਆਣਾ ਨੇ ਪਹਿਲਾ, ਪਟਿਆਲਾ ਨੇ ਦੂਜਾ, ਅੰਮ੍ਰਿਤਸਰ ਸਾਹਿਬ ਨੇ ਤੀਜਾ, ਆਰਟਿਸਟਿਕ ਸਿੰਗਲ ਦੇ ਵਿੱਚ ਪਟਿਆਲਾ ਨੇ ਪਹਿਲਾ,ਲੁਧਿਆਣਾ ਨੇ ਦੂਜਾ, ਫਾਜ਼ਿਲਕਾ ਨੇ ਤੀਜਾ,ਅੰਡਰ 19 ਟਰੈਡੀਸ਼ਨਲ ਦੇ ਵਿੱਚ ਲੁਧਿਆਣਾ ਨੇ ਪਹਿਲਾ, ਪਟਿਆਲਾ ਨੇ ਦੂਜਾ, ਆਰਟਿਸਟਿਕ ਸਿੰਗਲ ਦੇ ਵਿੱਚ ਪਟਿਆਲਾ ਨੇ ਪਹਿਲਾ, ਲੁਧਿਆਣਾ ਨੇ ਦੂਜਾ ਜਲੰਧਰ ਨੇ ਤੀਜਾ,ਆਰਟਿਸਟਿਕ ਪੇਅਰ ਦੇ ਵਿੱਚ ਲੁਧਿਆਣਾ ਨੇ ਪਹਿਲਾ, ਪਟਿਆਲਾ ਨੇ ਦੂਜਾ, ਗੁਰਦਾਸਪੁਰ ਨੇ ਤੀਜਾ,ਰਿਧਮਿਕ ਪੇਅਰ ਦੇ ਵਿੱਚ ਲੁਧਿਆਣਾ ਨੇ ਪਹਿਲਾਂ,ਪਟਿਆਲਾ ਨੇ ਦੂਜਾ ਤੇ ਗੁਰਦਾਸਪੁਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਉਪ ਜਿਲ੍ਹਾ ਸਿੱਖਿਆ ਅਫਸਰ ਡਾ. ਰਵਿੰਦਰਪਾਲ ਸਿੰਘ ਨੇ ਉੱਚੇਚੇ ਤੌਰ ਤੇ ਪਹੁੰਚ ਕੇ ਯੋਗਾ ਦੀਆਂ ਖਿਡਾਰਨਾਂ ਨੂੰ ਟਰੌਫੀ ਤੇ ਮੈਡਲ ਦੇ ਕੇ ਸਨਮਾਨਿਤ ਕੀਤਾ। ਯੋਗਾ ਖੇਡ ਇੰਚਾਰਜ ਸੀਮਾ ਉੱਪਲ ਪ੍ਰਿੰਸੀਪਲ ਸਿਵਲ ਲਾਈਨ,ਸੰਜਨਾ ਗਰਗ ਪ੍ਰਿੰਸੀਪਲ ਪੀਐਮਸ਼੍ਰੀ ਸਸਸਸ ਮਸ਼ੀਗਣ, ਲਲਿਤ ਸਿੰਗਲਾ ਸਹਸ ਰਣਬੀਰਪੁਰਾ ਡਿਊਟੀ ਨੇ ਡਿਊਟੀ ਨਿਭਾਈ। ਇਸ ਮੌਕੇ ਤੇ ਯੋਗਾ ਦੇ ਅਬਜ਼ਰਵਰ ਸੰਯੋਗਿਤਾ, ਕਨਵੀਨਰ ਮੀਨਾ ਸੂਦ,ਗੰਗਾ ਰਾਣੀ,ਰੁਪਿੰਦਰ ਕੌਰ,ਸੁਭਾਸ਼ ਚੰਦ,ਪਰਮਜੀਤ ਸਿੰਘ ਸੋਹੀ, ਜਗਤਾਰ ਸਿੰਘ , ਭੁਪਿੰਦਰ ਸਿੰਘ, ਕਲਦੀਪ ਕੌਰ, ਨਿਧੀ ਸ਼ਰਮਾ, ਸੁਮਨ ਕੁਮਾਰੀ,ਹਰਦੀਪ ਕੌਰ,ਰਾਜਿੰਦਰ ਸਿੰਘ,ਮਨਜੀਤ ਸਿੰਘ, ਵਿਕਰਮ, ਸੁਸ਼ਮਾ ਰਾਣੀ, ਇੰਦਰਵੀਰਪਾਲ ਕੌਰ, ਵਿਜੈ, ਮਨਜਿੰਦਰ ਸਿੰਘ ਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜ਼ਰ ਸਨ।

# ਸਾਬਕਾ ਡੀਜੀਪੀ ਮੁਹੰਮਦ ਮੁਸਤਫ਼ਾ ਨੇ ਤੋੜੀ ਚੁੱਪੀ, ਕਿਹਾ 'ਸਿਟ' ਜਾਂਚ ਵਿਚ ਸੱਚ ਸਾਹਮਣੇ ਆਏਗਾ

## ਪਰਿਵਾਰ 'ਤੇ ਲੱਗੇ ਦੋਸ਼ਾਂ ਨੂੰ 'ਝੂਠ' ਤੇ ਪੁੱਤ ਨੂੰ ਮਾਨਸਿਕ ਵਿਕਾਰਾਂ ਤੋਂ ਪੀੜਤ ਦੱਸਿਆ



**ਸਹਾਰਨਪੁਰ(ਯੂਪੀ), 24 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲਿਸ ਦੇ ਸਾਬਕਾ ਮੁਖੀ ਮੁਹੰਮਦ ਮੁਸਤਫਾ ਨੇ ਆਪਣੇ ਪੁੱਤਰ ਅਕੀਲ ਅਖ਼ਤਰ ਦੀ ਮੌਤ ਨੂੰ ਲੈ ਕੇ ਆਪਣੇ ਤੇ ਪਰਿਵਾਰ ਉੱਤੇ ਲੱਗੇ ਸਾਰੇ ਦੋਸ਼ਾਂ ਨੂੰ 'ਪੂਰੀ ਤਰ੍ਹਾਂ ਝੂਠਾ' ਕਰਾਰ ਦਿੱਤਾ ਹੈ। ਸਾਬਕਾ ਡੀਜੀਪੀ ਨੇ ਮੰਗਲਵਾਰ ਨੂੰ ਇੱਥੇ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਆਪਣੇ ਤੇ ਆਪਣੀ ਪਤਨੀ, ਪੰਜਾਬ ਦੀ ਸਾਬਕਾ ਮੰਤਰੀ ਰਜ਼ੀਆ ਸੁਲਤਾਨਾ ਖ਼ਿਲਾਫ਼ ਦਰਜ ਪੁਲੀਸ ਕੇਸ ਦਾ ਸਵਾਗਤ ਕਰਦੇ ਹਨ, ਕਿਉਂਕਿ ਜਾਂਚ ਤੋਂ ਸੱਚ ਸਾਹਮਣੇ ਆ ਜਾਵੇਗਾ। 1985 ਬੈਚ ਦੇ ਸੇਵਾਮੁਕਤ ਆਈਪੀਐਸ ਅਧਿਕਾਰੀ ਮੁਸਤਫਾ ਅਤੇ ਸੁਲਤਾਨਾ ਖਿਲਾਫ਼ ਉਨ੍ਹਾਂ ਦੇ ਪੁੱਤਰ ਅਕੀਲ ਅਖਤਰ(35) ਦੀ 16 ਅਕਤੂਬਰ ਨੂੰ ਹਰਿਆਣਾ ਦੇ ਪੰਚਕੂਲਾ ਸਥਿਤ ਘਰ ਵਿਚ ਹੋਈ ਮੌਤ ਦੇ ਸਬੰਧ ਵਿੱਚ ਕੇਸ ਦਰਜ ਕੀਤਾ ਗਿਆ ਹੈ। ਪੰਚਕੂਲਾ ਵਿਚ ਦਰਜ ਐੱਫਆਈਆਰ ਵਿਚ ਅਖ਼ਤਰ ਦੀ ਪਤਨੀ ਅਤੇ ਭੈਣ ਦਾ ਨਾਮ ਵੀ ਸ਼ਾਮਲ ਹੈ। ਪਰਿਵਾਰ ਨੇ ਸ਼ੁਰੂ ਵਿੱਚ ਦਾਅਵਾ ਕੀਤਾ ਸੀ ਕਿ ਅਖ਼ਤਰ ਦੀ ਮੌਤ ਨਸ਼ੇ ਦੀ ਓਵਰਡੋਜ਼ ਕਾਰਨ ਹੋਈ ਸੀ। ਲਾਸ਼ ਨੂੰ ਮਗਰੋਂ ਸਹਾਰਨਪੁਰ ਨੇੜੇ ਪਰਿਵਾਰ ਦੇ ਜੱਦੀ ਪਿੰਡ ਹਰਦਾ ਖੇੜੀ ਵਿੱਚ ਸਪੁਰਦੇ ਖਾਕ ਕਰ ਦਿੱਤਾ ਗਿਆ।

ਅਕੀਲ ਅਖ਼ਤਰ ਵੱਲੋਂ ਆਪਣੀ ਮੌਤ ਤੋਂ ਪਹਿਲਾਂ ਜਾਰੀ ਵੀਡੀਓ ਵਿਚ ਮੁਸਤਫ਼ਾ ਤੇ ਹੋਰ ਪਰਿਵਾਰਕ ਮੈਂਬਰਾਂ 'ਤੇ ਲਾਏ ਸੰਗੀਨ ਦੋਸ਼ਾਂ ਬਾਰੇ ਸਾਬਕਾ ਡੀਜੀਪੀ ਨੇ ਕਿਹਾ ਕਿ ਉਸ ਦਾ ਪੁੱਤਰ ਕਰੀਬ 18 ਸਾਲਾਂ ਤੋਂ ਮਾਨਸਿਕ ਵਿਕਾਰ ਤੋਂ ਪੀੜਤ ਸੀ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨਾਲ ਵੀ ਜੂਝ ਰਿਹਾ ਸੀ। ਮੁਸਤਫਾ ਨੇ ਪੱਤਰਕਾਰਾਂ ਨੂੰ ਦੱਸਿਆ, ÷ਉਹ ਆਪਣੀ ਬਿਮਾਰੀ ਕਾਰਨ ਅਕਸਰ ਹਿੰਸਕ ਹੋ ਜਾਂਦਾ ਸੀ।" ਉਨ੍ਹਾਂ ਕਿਹਾ ਕਿ ਪਰਿਵਾਰ ਨੇ ਸਾਲਾਂ ਤੱਕ ਇਸ ਮਾਨਸਿਕ ਪੀੜਾ ਨੂੰ ਸਹਿਣ ਕੀਤਾ। ਮੁਸਤਫਾ ਨੇ ਕਿਹਾ, "ਉਸ (ਅਕੀਲ) ਦੀ ਹਾਲਤ ਇੰਨੀ ਵਿਗੜ ਗਈ ਸੀ ਕਿ ਉਹ ਸਮਝ ਨਹੀਂ ਪਾ ਰਿਹਾ ਸੀ ਕਿ ਉਹ ਕੀ ਕਹਿ ਰਿਹਾ ਹੈ ਜਾਂ ਕਰ ਰਿਹਾ ਹੈ।"

ਸਾਬਕਾ ਡੀਜੀਪੀ ਨੇ ਕਿਹਾ, "ਅਕੀਲ ਨੇ ਇੱਕ ਵਾਰ 2008 ਵਿੱਚ ਆਪਣੀ ਮਾਂ ਦਾ ਲੱਕ ਤੋੜ ਦਿੱਤਾ ਸੀ, ਪਰ ਪਰਿਵਾਰ ਨੇ ਇਹ ਕਹਿ ਕੇ ਇਸ ਗੱਲ ਨੂੰ ਛੁਪਾ ਲਿਆ ਕਿ ਉਹ ਡਿੱਗ ਗਈ ਹੈ। ਇੱਕ ਹੋਰ ਮੌਕੇ 'ਤੇ, ਅਖਤਰ ਨੇ ਆਪਣੀ ਪਤਨੀ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ।" ਮੁਸਤਫਾ ਨੇ ਕਿਹਾ, "ਅਸੀਂ ਜਨਤਕ ਸ਼ਖ਼ਸੀਅਤਾਂ ਹਾਂ, ਇਸ ਲਈ ਅਸੀਂ ਇਨ੍ਹਾਂ ਮਾਮਲਿਆਂ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ, ਪਰ ਹੁਣ ਸੱਚਾਈ ਸਾਹਮਣੇ ਆਉਣੀ ਚਾਹੀਦੀ ਹੈ।" ਅਖ਼ਤਰ ਦੇ ਵੀਡੀਓ ਬਾਰੇ ਮੁਸਤਫ਼ਾ ਨੇ ਕਿਹਾ ਕਿ ਉਸ ਦੇ ਪੁੱਤਰ ਨੇ ਇਸ ਨੂੰ 27 ਅਗਸਤ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਸੀ ਅਤੇ ਦੋ ਘੰਟੇ ਬਾਅਦ ਇਸ ਨੂੰ ਡਿਲੀਟ ਕਰ ਦਿੱਤਾ। ਪਰ ਕੁਝ ਲੋਕਾਂ ਨੇ ਇਸ ਨੂੰ ਡਾਊਨਲੋਡ ਕੀਤਾ ਅਤੇ ਹੁਣ 'ਪਰਿਵਾਰ ਨੂੰ ਬਦਨਾਮ ਕਰਨ ਲਈ ਇਸ ਦੀ ਦੁਰਵਰਤੋਂ ਕਰ ਰਹੇ ਹਨ।'

ਮੁਸਤਫਾ ਨੇ ਕਿਹਾ ਕਿ ਉਹ ਮਾਮਲੇ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ (SIT) ਦੇ ਗਠਨ ਦਾ ਪੂਰਾ ਸਮਰਥਨ ਕਰਦੇ ਹਨ ਅਤੇ 'ਸੱਚਾਈ ਸਾਹਮਣੇ ਲਿਆਉਣ ਲਈ' ਪੂਰਾ ਸਹਿਯੋਗ ਕਰਨਗੇ। ਮੁਸਤਫਾ ਨੇ ਪੰਜਾਬ ਦੇ ਮਾਲੇਰਕੋਟਲਾ ਦੇ ਵਸਨੀਕ ਸ਼ਮਸ਼ੂਦੀਨ ਵੱਲੋਂ ਲਗਾਏ ਗਏ ਦੋਸ਼ਾਂ ਨੂੰ ਵੀ ਰੱਦ ਕਰ ਦਿੱਤਾ। ਸ਼ਮਸ਼ੂਦੀਨ ਦੀ ਸ਼ਿਕਾਇਤ 'ਤੇ ਪੰਚਕੂਲਾ ਵਿਚ ਐਫਆਈਆਰ ਦਰਜ ਕੀਤੀ ਗਈ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਕੁਝ ਵਿਅਕਤੀ ਉਨ੍ਹਾਂ ਦੀ ਸਿਆਸੀ ਸਾਖ਼ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਸਾਬਕਾ ਡੀਜੀਪੀ ਨੇ ਕਿਹਾ ਕਿ ਉਨ੍ਹਾਂ ਦੇ ਪੁੱਤਰ ਦਾ ਪੋਸਟਮਾਰਟਮ ਉਨ੍ਹਾਂ ਦੀ ਬੇਨਤੀ 'ਤੇ ਕੀਤਾ ਗਿਆ ਸੀ, ਪਰ ਰਿਪੋਰਟ ਅਜੇ ਜਾਰੀ ਨਹੀਂ ਕੀਤੀ ਗਈ ਹੈ।

ਕਥਿਤ ਵੀਡੀਓ ਵਿੱਚ, ਅਖ਼ਤਰ ਨੇ ਪਰਿਵਾਰ ਨਾਲ ਸਬੰਧਤ ਮਾਮਲਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਹ ਬਹੁਤ ਤਣਾਅ ਵਿੱਚੋਂ ਲੰਘ ਰਿਹਾ ਸੀ। ਅਖ਼ਤਰ ਨੇ ਵੀਡੀਓ ਵਿਚ ਕਿਹਾ, "ਮੈਨੂੰ ਲੱਗਦਾ ਹੈ ਕਿ ਉਹ ਮੈਨੂੰ ਝੂਠੇ ਕੇਸ ਵਿੱਚ ਫਸਾਉਣਗੇ... ਉਨ੍ਹਾਂ ਦੀ ਯੋਜਨਾ ਮੈਨੂੰ ਝੂਠੇ ਕੈਦ ਕਰਨ ਜਾਂ ਇੱਥੋਂ ਤੱਕ ਕਿ ਮਾਰ ਦੇਣ ਦੀ ਹੈ, ਪਰ ਉਹ ਆਪਣਾ ਰਸਤਾ ਬਣਾਉਣ ਵਿੱਚ ਅਸਮਰੱਥ ਹਨ।" ਅਕੀਲ ਅਖ਼ਤਰ ਨੇ ਇਹ ਵੀ ਦੋਸ਼ ਲਗਾਇਆ ਕਿ ਉਸ ਦੇ ਪਰਿਵਾਰਕ ਮੈਂਬਰ ਅਕਸਰ ਉਸ ਨੂੰ ਕਹਿੰਦੇ ਸਨ ਕਿ ਉਹ ਭਰਮ ਵਿੱਚ ਹੈ। ਉਸ ਨੇ ਦੋਸ਼ ਲਗਾਇਆ, "ਉਹ(ਪਰਿਵਾਰ) ਇੱਕ ਝੂਠਾ ਬਿਰਤਾਂਤ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।"

# ਭਵਿੱਖ ਵਿੱਚ ਬਜ਼ੁਰਗ ਨਹੀਂ, ਬੱਚੇ ਅਤੇ ਨਾਬਾਲਗ ਵੱਧ ਗਿਣਤੀ ਵਿੱਚ ਮਰ ਸਕਦੇ ਹਨ

**ਕਾਕਾ ਰਾਮ ਵਰਮਾ**

ਭਾਰਤੀਅ ਆਯੁਰਵੇਦਿਕ ਖੋਜ ਸੰਸਥਾ ਵਲੋਂ ਕੀਤੀ ਵਿਸ਼ੇਸ਼ ਖੋਜ ਅਨੁਸਾਰ ਭਾਰਤ ਦੇ 50/60% ਬੱਚਿਆਂ ਅਤੇ ਨਾਬਾਲਗਾਂ ਵਿੱਚ ਬਹੁਤ ਤੇਜ਼ੀ ਨਾਲ ਦਿਲ, ਲੀਵਰ, ਕੈਂਸਰ, ਦਿਮਾਗ ਅਤੇ ਹੱਡੀਆਂ ਦੀਆਂ ਬਿਮਾਰੀਆਂ ਵੱਧਦੀਆਂ ਜਾ ਰਹੀਆਂ ਹਨ, ਪਰ ਬਜ਼ੁਰਗ ਲੋਕ ਅਜੇ ਵੀ ਬੱਚਿਆਂ, ਨੌਜਵਾਨਾਂ ਤੋਂ ਵੱਧ ਸਿਹਤਮੰਦ, ਤਦੰਰੁਸਤ, ਸੁਰੱਖਿਅਤ ਖੁਸ਼ਹਾਲ ਅਤੇ ਸਿਹਤ, ਸੁਰੱਖਿਆ, ਸੰਸਕਾਰਾਂ, ਮਰਿਆਦਾਵਾਂ, ਫਰਜ਼ਾਂ, ਜ਼ੁਮੇਵਾਰੀਆਂ ਨਿਭਾਉਣ ਪ੍ਰਤੀ ਜਾਗਰੂਕ ਹਨ। ਉਹ ਹਮੇਸ਼ਾ ਸਾਧਾਰਨੀਆਂ ਨਾਲ ਕਾਰਜ ਕਰਦੇ, ਆਪਣੇ ਭੋਜਨ ਪਾਣੀ ਹਵਾਵਾਂ ਭਾਈਚਾਰੇ ਰਿਸ਼ਤਿਆਂ ਦੀ ਮਹੱਤਤਾ ਸਮਝਦੇ ਹੋਏ ਜੀਵਨ ਵਿਚ ਬਹੁਤ ਕੁਝ ਸਹਿਕੇ ਰਿਸ਼ਤਿਆਂ ਨੂੰ ਨਿਭਾਉਣ ਲਈ ਯਤਨਸ਼ੀਲ ਰਹਿੰਦੇ ਹਨ। ਇਸ ਸੱਭ ਲਈ ਪੁਰਾਤਨ ਅਤੇ ਸਮੇਂ ਦੀਆਂ ਸਰਕਾਰਾਂ, ਸਿਹਤ ਵਿਭਾਗਾਂ, ਮਾਪਿਆਂ, ਧਾਰਮਿਕ ਅਤੇ ਵਿਉਪਾਰਕ ਅਦਾਰਿਆਂ ਅਤੇ ਸਿਖਿਆ ਸੰਸਥਾਵਾਂ ਨੂੰ ਕਸੂਰਵਾਰ ਸਮਝਿਆ ਜਾ ਰਿਹਾ ਹੈ।

ਰਾਜਾਂ ਅਤੇ ਜ਼ਿਲਿਆਂ ਵਿੱਚ ਕੀਤੇ ਸਰਵੇ ਅਨੁਸਾਰ ਬੱਚਿਆਂ, ਨਾਬਾਲਗਾਂ ਵਿੱਚ ਚਰਬੀ, ਕਾਰਬਨ ਡਾਇਕ ਸਾਈਡ, ਸ਼ੂਗਰ, ਨਮਕ, ਗੰਦਗੀ, ਘਟੀਆ ਕੈਲਸਟਰੋਲ ਤੇਜ਼ੀ ਨਾਲ ਵੱਧ ਰਹੇ ਹਨ, ਹੱਡੀਆਂ, ਪਾਚਨ ਤੰਤਰ ਅਤੇ ਮਾਸਪੇਸ਼ੀਆਂ ਵਿੱਚ ਕਮਜ਼ੋਰੀਆਂ ਆ ਰਹੀਆਂ ਹਨ। ਹਰ ਰੋਜ ਕਸਰਤਾਂ, ਸੈਰ, ਖੇਡ ਮੁਕਾਬਲੇ ਨਾ ਕਰਨ ਕਾਰਨ ਸ਼ਰੀਰਕ, ਮਾਨਸਿਕ, ਸਮਾਜਿਕ, ਸਬਰ ਸ਼ਾਂਤੀ, ਨਿਮਰਤਾ, ਸ਼ਹਿਨਸ਼ੀਲਤਾ ਦੇ ਗੁਣਾਂ ਦੀ ਕਮੀਂ ਅਤੇ ਤਾਜ਼ੇ ਫਲ ਸਬਜ਼ੀਆਂ ਦਾਲਾਂ ਤੋਂ ਦੂਰ ਰਹਿਣ ਕਰਕੇ, ਬੱਚਿਆਂ ਵਿੱਚ ਪੌਸ਼ਟਿਕ ਪਦਾਰਥਾਂ ਦੀ ਕਮੀਂਆ ਵਧਦੀਆ ਜਾ ਰਹੀਆਂ ਹਨ। ਤਣਾਅ, ਆਕੜ, ਹੰਕਾਰ, ਕਾਹਲੀ, ਤੇਜ਼ੀ ਨਾਸਮਝੀ ਦੀਆਂ ਭਾਵਨਾਵਾਂ, ਵਿਚਾਰ, ਆਦਤਾਂ ਵਧਦੀਆਂ ਜਾ ਰਹੀਆਂ ਹਨ।

ਪਿਛਲੇ 20/30 ਸਾਲਾਂ ਤੋਂ ਬੱਚਿਆਂ ਵਲੋਂ ਘਰਾਂ ਵਿੱਚ ਤਿਆਰ ਭੋਜਨ, ਸ਼ੁਧ ਸਾਫ ਪਾਣੀ, ਸ਼ੁਧ ਹਵਾਵਾਂ ਦੀ ਥਾਂ ਰੇਹੜੀਆਂ, ਢਾਬਿਆਂ, ਗਲੀਆਂ, ਸਿਖਿਆ ਸੰਸਥਾਵਾਂ ਦੇ ਅੰਦਰ ਅਤੇ ਬਾਹਰ ਅਤੇ ਗਲੀਆਂ ਮੁਹੱਲਿਆਂ ਵਿਖੇ ਦੁਕਾਨਾਂ ਤੇ ਵਿਕਦੇ ਬੰਦ ਲਿਫਾਫਿਆਂ ਵਿੱਚ ਪਏ, ਫਾਸਟ ਫੂਡ, ਜੰਕ ਫੂਡ, ਕੋਲਡ ਡਰਿੰਕ, ਨਸ਼ਿਆਂ ਦੀ ਚੀਜ਼ਾਂ ਬੱਚਿਆਂ, ਨਾਬਾਲਗਾਂ ਅਤੇ ਇਸਤਰੀਆਂ ਦੀ ਪਹਿਲੀ ਪਸੰਦ ਬਣ ਗਏ ਹਨ। ਘਰਾਂ ਵਿੱਚ ਭੋਜਨ ਪਕਾਉਣ ਦੀ ਥਾਂ ਮੋਬਾਇਲ ਤੇ ਫੋਨ ਕਰਕੇ ਬਾਸੀ ਘਟੀਆ ਭੋਜਨ ਮੰਗਵਾਏ ਜਾਂਦੇ ਹਨ। ਬੱਚਿਆਂ, ਨਾਬਾਲਗਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਨੌਜਵਾਨ ਮਾਪਿਆਂ ਵਲੋਂ ਕਸਰਤਾਂ, ਖੇਡਾਂ, ਸੈਰ, ਪੈਦਲ ਚੱਲਣ ਦੀ ਥਾਂ, ਹਰ ਥਾਂ ਅਤੇ ਹਰ ਵੇਲੇ ਮੋਬਾਇਲਾਂ, ਵ੍ਹੀਕਲਾਂ ਦੀ ਵਰਤੋਂ, ਉਨ੍ਹਾਂ ਨੂੰ ਅਪਾਹਜ ਬਣਾ ਰਹੇ ਹਨ। ਆਪਣੇ ਮਨੋਰੰਜਨ, ਦੋਸਤਾਂ ਨਾਲ ਲੰਮੇਂ ਸਮੇਂ ਤੱਕ ਮੋਬਾਇਲਾਂ ਤੇ ਗਲਾਂ ਕਰਕੇ, ਸਮੇਂ, ਸਿਹਤ, ਤੰਦਰੁਸਤੀ ਦੀ ਤਬਾਹੀ ਕੀਤੀ ਜਾ ਰਹੀ ਹੈ।

ਸ਼ਾਦੀ ਮਗਰੋਂ ਬੱਚੇ ਪੈਦਾ ਕਰਕੇ ਉਨ੍ਹਾਂ ਬੱਚਿਆਂ ਦੇ ਪਾਲਣ ਪੋਸ਼ਣ ਦੀ ਟ੍ਰੇਨਿੰਗ ਅਭਿਆਸ ਅਤੇ ਜਾਣਕਾਰੀ ਨਾ ਹੋਣ ਕਾਰਨ, ਨੌਜਵਾਨ ਮਾਪਿਆਂ ਵਲੋਂ ਆਪਣੇ ਬੱਚਿਆਂ ਨੂੰ ਪੌਸ਼ਟਿਕ ਸੰਤੁਲਿਤ ਭੋਜਨ, ਪਾਣੀ, ਹਵਾਵਾਂ, ਸੂਰਜ ਦੀ ਧੁੱਪ, ? ਕਸਰਤਾਂ, ਖੇਡਾਂ, ਸੈਰ ਆਦਿ ਤੋਂ ਬਾਂਝੇ ਰਖਿਆ ਜਾ ਰਿਹਾ ਹੈ। ਅਪਾਹਜਾਂ ਵਾਂਗ ਬਿਠਾਉਣ ਲਈ, ਬੱਚਿਆਂ ਨੂੰ ਮੋਬਾਇਲ ਟੀਵੀ ਦੇਖਣ ਨੂੰ ਦਿੱਤੇ ਜਾ ਰਹੇ ਹਨ। ਫਾਸਟ ਫੂਡ, ਜੰਕ ਫੂਡ, ਕੋਲਡ ਡਰਿੰਕਸ ਰਾਹੀਂ ਸ਼ਰੀਰ ਵਿੱਚ ਰਸਾਇਣਕ, ਕੈਮੀਕਲ ਪਦਾਰਥਾਂ ਦੀ ਮਾਤਰਾ ਦਿਨ ਪ੍ਰਤੀ ਦਿਨ ਵਧਦੀਆਂ ਜਾ ਰਹੀਆਂ ਹਨ। ਜ਼ੋ ਭਿਆਨਕ ਬਿਮਾਰੀਆਂ ਦੀ ਉਤਪਤੀ ਦੇ ਕਾਰਨ ਬਣ ਰਹੇ ਹਨ।ਨਾਬਾਲਗਾਂ ਅਤੇ ਨੌਜਵਾਨਾਂ ਵਿਚੋਂ ਮਰਦਾਨਗੀ ਅਤੇ ਬੱਚੇ ਪੈਦਾ ਕਰਨ ਵਾਲੀਆਂ ਤਾਕਤਾਂ ਖਤਮ ਹੋ ਰਹੀਆਂ ਹਨ। ਅੱਜ ਦੇ ਨੌਜਵਾਨ ਮਾਪਿਆਂ ਵਲੋਂ ਆਪਣੇ ਸੰਵਾਦਾਂ, ਫੈਸ਼ਨਾਂ, ਦਿਖਾਵਿਆਂ, ਆਰਾਮ ਪ੍ਰਸਤੀਆਂ, ਮੌਜ਼ ਮਸਤੀਆਂ ਦੀਆਂ ਇਛਾਵਾਂ, ਕਾਮਨਾਵਾਂ ਦੀ ਪੂਰਤੀ ਲਈ ਬੱਚਿਆਂ ਨੌਜਵਾਨਾਂ ਵਾਂਗ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਵਲੋਂ ਵੱਧ ਤੋਂ ਵੱਧ ਧੰਨ ਦੌਲਤ, ਸ਼ੋਹਰਤ, ਕੋਠੀਆਂ, ਕਾਰਾਂ ਲਈ ਦਿਨ ਰਾਤ ਨੌਕਰੀਆ ਕਰਨ, ਲੋਅਨ, ਕਰਜੇ ਲਏ ਜਾ ਰਹੇ ਹਨ ਜਿਸ ਕਾਰਨ ਤਣਾਅ, ਪ੍ਰੇਸ਼ਾਨੀਆਂ, ਨਫਰਤਾਂ, ਲਾਲਚ, ਖੁਦਗਰਜ਼ੀ ਹੇਰਾਫੇਰੀਆਂ ਲੁਟਮਾਰਾ ਦੀਆਂ ਆਦਤਾਂ ਵਧ ਰਹੀਆ ਹਨ। , ਉਹ ਅਨੁਸ਼ਾਸਨ, ਨਿਮਰਤਾ, ਸ਼ਹਿਨਸ਼ੀਲਤਾ, ਸਬਰ ਸ਼ਾਂਤੀ, ਧਰਮ ਕਰਮ, ਪ੍ਰਉਪਕਾਰ ਇਨਸਾਨੀਅਤ ਭਾਈਚਾਰੇ ਤੋਂ ਦੂਰ ਹੋ ਰਹੇ ਹਨ।

ਆਪਣੇ ਸੰਵਾਦਾਂ, ਫੈਸ਼ਨਾਂ ਦੀ ਪੂਰਤੀ ਵਾਲੇ ਘਟੀਆ ਖਾਦ ਪਦਾਰਥ, ਫਾਸਟ ਫੂਡ, ਜੰਕ ਫੂਡ, ਕੋਲਡ ਡਰਿੰਕ, ਨਸ਼ਿਆਂ ਦੀਆਂ ਚੀਜ਼ਾਂ ਆਪ ਵੀ ਲੈਂਦੇ ਅਤੇ ਆਪਣੇ ਬੱਚਿਆਂ ਨੂੰ ਵੀ ਹਰਰੋਜ਼ ਪਰੋਸ ਰਹੇ ਹਨ। ਡਾਕਟਰਾਂ ਅਤੇ ਵਿਸ਼ਾ ਮਾਹਿਰਾਂ ਦੀ ਰਾਏ ਹੈ ਕਿ ਘਰਾਂ ਵਿਚ ਤਜਰਬੇਕਾਰ, ਵਿਦਵਾਨ, ਗਿਆਨਵਾਨ ਬਜ਼ੁਰਗਾਂ ਦੀ ਅਣਹੋਂਦ ਹੈ ਅਤੇ ਘਰਾਂ ਵਿੱਚ ਬਜ਼ੁਰਗਾਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਜਿਹੜੇ ਘਰ ਪਰਿਵਾਰਾਂ ਵਿੱਚ ਬਜ਼ੁਰਗ ਰਹਿੰਦੇ ਹਨ, ਉਥੇ ਉਨ੍ਹਾਂ ਬਜ਼ੁਰਗਾਂ ਦੀਆਂ ਪੁਰਾਤਨ ਗਲਾਂ, ਅਭਿਆਸ, ਤਜਰਬਿਆਂ, ਬੱਚਿਆਂ ਦੇ ਪਾਲਣ ਪੋਸ਼ਣ ਦੇ ਢੰਗ ਤਰੀਕਿਆਂ ਨੂੰ ਸਨਮਾਨ ਨਹੀਂ ਦਿੱਤੇ ਜਾਂਦੇ।

ਸੱਭ ਤੋਂ ਮਾੜਾ ਪਹਿਲੂ ਇਹ ਵੀ ਹੈ ਕਿ ਸਿਹਤ ਅਦਾਰਿਆਂ ਅਤੇ ਸਿਖਿਆ ਸੰਸਥਾਵਾਂ ਵਲੋਂ ਬੱਚਿਆਂ ਨੂੰ ਚੰਗੀ ਸਿਹਤ, ਤੰਦਰੁਸਤੀ, ਅਰੋਗਤਾ, ਤਾਕਤ ਸ਼ਕਤੀਆਂ ਵਧਾਉਣ ਅਤੇ ਬਿਮਾਰੀਆਂ ਤੋਂ ਬਚਣ ਦੀ ਜਾਣਕਾਰੀ ਕਦੇ ਵੀ ਨਹੀਂ ਦਿੱਤੀਆਂ ਜਾਂਦੀਆਂ। ਡਾਕਟਰਾਂ ਵਲੋਂ ਬਿਮਾਰੀਆਂ ਦੀ ਰੋਕਥਾਮ, ਇਲਾਜ, ਸੁੰਦਰਤਾ, ਤਾਕਤ, ਸ਼ਕਤੀਆਂ ਵਧਾਉਣ ਲਈ ਵੱਧ ਤੋਂ ਵੱਧ ਦਵਾਈਆਂ, ਸਪਲੀਮੈਂਟਾਂ ਦੀ ਵਰਤੋਂ ਨੂੰ ਤਰਜੀਹ ਦਿੱਤੀਆਂ ਜਾਂਦੀਆਂ ਹਨ। ਅਧਿਆਪਕਾਂ ਅਤੇ ਮਾਪਿਆਂ ਵਲੋਂ ਬੱਚਿਆਂ ਨੂੰ ਵੱਧ ਤੋਂ ਵੱਧ ਨੰਬਰ ਲੈਣ ਲਈ ਤਣਾਅ, ਪ੍ਰੇਸ਼ਾਨੀਆਂ, ਬੇਆਰਾਮੀਆ, ਦਿੱਤੀਆ ਜਾਂਦੀਆਂ ਹਨ।

ਦੋ ਤਿੰਨ ਸਾਲਾਂ ਦੇ ਬੱਚਿਆਂ ਨੂੰ ਰਾਤੀਂ 10/11 ਵਜੇ ਤੱਕ ਨੌਜਵਾਨ ਮਾਪਿਆਂ ਵਲੋਂ ਸੌਣ ਨਹੀਂ ਦਿੱਤਾ ਜਾਂਦਾ ਅਤੇ ਸਵੇਰੇ ਜ਼ਬਰਦਸਤੀ ਉਠਾਕੇ, ਟੱਟੀ ਪਿਸ਼ਾਬ ਕਰਵਾਏ ਜਾਂਦੇ ਹਨ। ਨੀਂਦ ਵਿੱਚ ਹੀ ਬੱਚਿਆਂ ਨੂੰ ਜ਼ਬਰਦਸਤੀ ਫਾਸਟ ਫੂਡ, ਪੈਕਟਾਂ ਜਾਂ ਬੰਦ ਲਿਫਾਫਿਆਂ ਵਾਲੇ ਦੁੱਧ, ਬਦਾਮ, ਮੈਂਗੀ ਆਦਿ ਖੁਆਏ ਜਾਂਦੇ ਹਨ ਅਤੇ ਜ਼ਬਰਦਸਤੀ ਬੱਚਿਆਂ ਨੂੰ ਸਕੂਲਾਂ ਵਿਖੇ ਲੈਕੇ ਜਾਣ ਵਾਲੀਆਂ ਗੱਡੀਆਂ ਵਿੱਚ ਬੈਠਾ ਕੇ ਦੂਰ ਦੁਰਾਡੇ ਸਕੂਲਾਂ ਵਿਖੇ ਭੇਜਿਆ ਜਾਂਦਾ ਹੈ। ਮਾਸੂਮ ਬੱਚੇ 30/40/50 ਮਿੰਟ ਗੱਡੀਆਂ ਵਿੱਚ ਬੈਠਕੇ ਸਕੂਲ ਪਹੁੰਚਦੇ, 6/7 ਘੰਟੇ ਕਮਰਿਆਂ ਵਿੱਚ ਬੈਠੇ ਰਹਿੰਦੇ, ਫੇਰ 40/50 ਮਿੰਟ ਗੱਡੀਆਂ ਵਿੱਚ ਵਾਪਸ ਘਰ ਪਹੁੰਚਦੇ ਹਨ। ਘਰ ਆਕੇ ਨੌਕਰਾਂ ਰਾਹੀਂ ਜਾਂ ਮਾਪਿਆਂ ਵਲੋਂ ਸਵੇਰੇ ਹੀ ਡਿਊਟੀ ਜਾਣ ਤੋਂ ਪਹਿਲਾਂ ਤਿਆਰ ਫਾਸਟ ਫੂਡ, ਜੰਕ ਫੂਡ, ਖ਼ਾਕੇ, ਪੇਟ ਭਰਕੇ, ਟਿਊਸ਼ਨ ਪੜ੍ਹਣ, ਹੋਮ ਵਰਕ ਕਰਦੇ ਹੋਏ ਸ਼ਰੀਰਕ, ਮਾਨਸਿਕ, ਸਮਾਜਿਕ ਤੌਰ ਤੇ ਬੇਹੱਦ ਦੁਖੀ ਪ੍ਰੇਸ਼ਾਨ ਰਹਿੰਦੇ ਹੋਏ ਆਪਣੇ ਮਾਪਿਆਂ ਨੂੰ ਪਿਆਰ ਸਤਿਕਾਰ ਸਨਮਾਨ ਦਾ ਨਹੀਂ ਸਗੋਂ ਨਫਰਤਾਂ ਦੀ ਨਜ਼ਰਾਂ ਨਾਲ ਦੇਖਦੇ ਰਹਿੰਦੇ ਹਨ, ਜਿਸ ਕਾਰਨ ਉਨ੍ਹਾਂ ਦੇ ਦਿਲ, ਦਿਮਾਗ, ਭਾਵਨਾਵਾਂ, ਵਿਚਾਰਾਂ ਵਿੱਚ ਆਪਣੇ ਮਾਪਿਆਂ, ਅਧਿਆਪਕਾਂ ਸਰਕਾਰਾਂ ਅਤੇ ਸਿਸਟਮ ਪ੍ਰਤੀ ਨਫਰਤਾਂ ਪੈਦਾ ਹੁੰਦੀਆਂ ਹਨ। ਇਸੇ ਕਰਕੇ ਅਜ ਦੇ ਨੌਜਵਾਨ, ਲਾਵਾਰਸਾਂ ਵਾਂਗ ਪ੍ਰਦੇਸਾਂ ਅਤੇ ਵਿਦੇਸ਼ਾਂ ਵਿੱਚ ਧੱਕੇ ਖਾ ਰਹੇ ਹਨ, ਅਪਰਾਧ, ਨਸ਼ਿਆਂ, ਫਾਸਟ ਫੂਡ, ਜੰਕ ਫੂਡ, ਕੋਲਡ ਡਰਿੰਕਾਂ ਦੀ ਵਰਤੋਂ ਕਰ ਰਹੇ ਹਨ। ਡਾਕਟਰਾਂ ਵਲੋਂ ਸ਼ਰੀਰਕ, ਮਾਨਸਿਕ, ਸਮਾਜਿਕ ਤੌਰ ਤੇ ਹਾਰੇ ਬੱਚਿਆਂ, ਨਾਬਾਲਗਾਂ, ਨੌਜਵਾਨਾਂ ਨੂੰ, ਦਵਾਈਆਂ, ਅਖੌਸ਼ਨ, ਟੀਕਿਆਂ ਰਾਹੀਂ ਜ਼ਬਰਦਸਤੀ ਚਲਾਇਆ, ਭਜਾਇਆ, ਜਗਾਇਆ ਜਾ ਰਿਹਾ ਹੈ।

ਬੱਚਿਆਂ ਨਾਬਾਲਗਾਂ ਨੂੰ ਬਿਨਾਂ ਦਵਾਈਆਂ ਦੇ ਸਿਹਤਮੰਦ, ਤਦੰਰੁਸਤ, ਸੁਰੱਖਿਅਤ, ਖੁਸ਼ਹਾਲ ਰੋਗ ਰਹਿਤ ਕਿਵੇਂ ਰਹਿਣਾ, ਬਾਰੇ ਜਾਣਕਾਰੀ ਹੀ ਨਹੀਂ ਦਿੱਤੀ ਜਾਂਦੀ। ਬਚਪਨ ਵਿੱਚ ਸ਼ੁਰੂ ਹੋ ਰਹੀਆਂ ਬਿਮਾਰੀਆਂ ਦੇ ਲਛੱਣਾਂ ਦੀ ਪਹਿਚਾਣ ਬਾਰੇ ਜਾਣਕਾਰੀ ਹੀ ਨਹੀਂ ਦਿੱਤੀ ਜਾਂਦੀ। ਬੱਚੇ, ਨਾਬਾਲਗ ਅਤੇ ਨੌਜਵਾਨ ਵੀ ਅਜਿਹੇ ਸਪਲੀਮੈਂਟਾਂ ਦੀ ਵਰਤੋਂ ਕਰ ਰਹੇ ਹਨ ਜਿਨ੍ਹਾਂ ਰਾਹੀਂ ਉਹ ਜਲਦੀ ਤੋਂ ਜਲਦੀ ਹੀਰੋ, ਸੁੰਦਰ, ਸੋਹਣੇ ਤਾਕਤਵਰ ਬਣ ਜਾਣ। ਘਰ ਪਰਿਵਾਰਾਂ, ਕੋਠੀਆਂ, ਮਹੱਲਿਆ, ਕਾਲੋਨੀਆਂ, ਸੰਸਥਾਵਾਂ ਨੂੰ ਤਾਂ ਸੁੰਦਰ ਸੋਹਣੇ, ਸਵੱਛ ਬਣਾਉਣ ਲਈ ਬਹੁਤ ਕੁਝ ਕੀਤੇ ਜਾਂਦੇ ਹਨ ਪਰ ਬੱਚਿਆਂ, ਨਾਬਾਲਗਾਂ ਅਤੇ ਨੌਜਵਾਨਾਂ ਦੇ ਸ਼ਰੀਰ, ਦਿਲ, ਦਿਮਾਗ, ਭਾਵਨਾਵਾਂ, ਵਿਚਾਰਾਂ ਅਤੇ ਆਦਤਾਂ ਦੀ ਸਫ਼ਾਈ, ਸਵੱਛਤਾ, ਸੁੰਦਰਤਾ, ਅਰੋਗਤਾ, ਸੁਰੱਖਿਆ, ਬਚਾਓ, ਆਰਾਮ, ਨੀਂਦ ਹਾਜ਼ਮੇ ਬਾਰੇ ਜਾਗਰੂਕ ਨਹੀਂ ਕੀਤਾ ਜਾਂਦਾ।

ਅਜ 60% ਤੋਂ ਵੱਧ ਬੱਚੇ ਅਤੇ ਵਿਦਿਆਰਥੀ ਕਿਸੇ ਨਾ ਕਿਸੇ ਸਰੀਰਕ, ਮਾਨਸਿਕ, ਸਮਾਜਿਕ, ਆਰਥਿਕ, ਭਾਈਚਾਰੇ, ਇਕੱਲੇਪਨ, ਪਰਿਵਾਰਾਂ ਤੋਂ ਦੂਰ ਰਹਿਣ ਦੀਆਂ ਬਿਮਾਰੀਆਂ ਨਾਲ ਪੀੜਤ ਹਨ। ਪਰ ਮਾਪਿਆਂ ਕੋਲ ਸਮੇਂ, ਗਿਆਨ, ਤਜਰਬਿਆਂ, ਸਬਰ ਸ਼ਾਂਤੀ, ਬਜ਼ੁਰਗਾਂ, ਨਿਮਰਤਾ, ਸ਼ਹਿਣਸ਼ੀਲਤਾ, ਅਨੁਸ਼ਾਸਨ ਦੀ ਕਮੀਂ ਹੋਣ ਕਾਰਨ, ਉਨ੍ਹਾਂ ਵਲੋਂ ਆਪਣੇ ਬੱਚਿਆਂ ਦੀਆਂ ਸਮਸਿਆਵਾਂ ਅਤੇ ਮੌਸਮ ਅਨੁਸਾਰ ਭੋਜਨ, ਪਾਣੀ, ਹਵਾਵਾਂ, ਕਪੜਿਆਂ ਦੀ ਠੀਕ ਵਰਤੋਂ ਬਾਰੇ ਜਾਣਕਾਰੀ ਅਤੇ ਪੂਰਨ ਸਹਿਯੋਗ ਨਾ ਹੋਣ ਕਾਰਨ, ਉਨ੍ਹਾਂ ਵਲੋਂ ਬੱਚਿਆਂ ਦੀਆਂ ਸ਼ੁਰੂ ਹੋ ਰਹੀਆਂ ਬਿਮਾਰੀਆਂ, ਬਾਰੇ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾਂਦਾ।

ਛੋਟੀ ਛੋਟੀ ਸ਼ਰੀਰਕ, ਮਾਨਸਿਕ, ਪ੍ਰੇਸ਼ਾਨੀਆਂ ਦੇ ਹਲ ਲਈ ਬੱਚਿਆਂ ਨੂੰ ਲਗਾਤਾਰ ਦਵਾਈਆਂ ਦਿੱਤੀਆਂ ਜਾ ਰਹੀਆ ਹਨ। ਪ੍ਰਹੇਜ ਨਾਲ ਠੀਕ ਹੋਣ ਵਾਲੀਆਂ ਬਿਮਾਰੀਆਂ ਨਾ ਰੁਕਣ ਕਾਰਨ, ਕੁੱਝ ਸਮੇਂ ਬਾਅਦ ਕੈਂਸਰ, ਲੀਵਰ, ਸ਼ੂਗਰ, ਬਲੱਡ ਪਰੈਸ਼ਰ, ਹੱਡੀਆਂ, ਦਿਲ ਦਿਮਾਗ ਦੇ ਦੌਰੇ, ਥੈਲਾਸੀਮੀਆ, ਮਾਸਪੇਸ਼ੀਆਂ ਦੇ ਦਰਦ ਅਤੇ ਦੂਸਰੀਆਂ ਬਿਮਾਰੀਆਂ ਵਧਦੀਆਂ ਜਾ ਰਹੀਆਂ ਹਨ। ਸਰਵੇ ਅਨੁਸਾਰ 60/70% ਬੱਚੇ ਅਤੇ ਨੌਜਵਾਨ ਕਿਸੇ ਨਾ ਕਿਸੇ ਬਿਮਾਰੀ ਨਾਲ ਪੀੜਤ ਹੋ ਚੁੱਕੇ ਹਨ। ਸੜਕਾਂ ਤੇ ਕੰਮ ਵਾਲੀਆਂ ਥਾਵਾਂ ਤੇ 80% ਤੋਂ ਵੱਧ ਲੋਕ ਜ਼ੋ ਸਰੀਰਕ ਮਾਨਸਿਕ ਸਮਾਜਿਕ ਆਰਥਿਕ ਧਾਰਮਿਕ ਤੌਰ ਤੇ ਬਿਮਾਰ ਹਨ, ਭਜ ਦੌੜ ਰਹੇ ਹਨ।

ਇਸ ਸਬੰਧੀ ਸਾਡੇ ਵਲੋਂ ਬੇਨਤੀ ਪੱਤਰ ਅਤੇ ਭਾਰਤੀਆਂ ਆਯੂਰਵੈਦਿਕ ਖੋਜ ਸੰਸਥਾ ਵਲੋਂ ਪ੍ਰਕਾਸ਼ਿਤ ਪੇਪਰਾਂ ਦੀਆਂ ਕਾਪੀਆਂ, ਪੰਜਾਬ ਦੇ ਸਿਹਤ ਮੰਤਰੀ, ਸਿੱਖਿਆ ਮੰਤਰੀ, ਪਟਿਆਲਾ ਜ਼ਿਲੇ ਦੇ ਡਿਪਟੀ ਕਮਿਸ਼ਨਰ, ਸਿਵਲ ਸਰਜਨ, ਜ਼ਿਲਾ ਸਿੱਖਿਆ ਅਫਸਰ ਐਲੀਮੈਂਟਰੀ ਅਤੇ ਸੈਕੰਡਰੀ ਨੂੰ ਭੇਜਕੇ ਬੇਨਤੀ ਕੀਤੀ ਹੈ ਕਿ ਵੱਧ ਤੋਂ ਵੱਧ ਨੰਬਰ ਲੈਣ ਦੀ ਦੌੜ ਦੀ ਥਾਂ, ਬੱਚਿਆਂ ਨੂੰ ਵੱਧ ਤੋਂ ਵੱਧ ਸਿਹਤਮੰਦ, ਤਦੰਰੁਸਤ, ਸੁਰੱਖਿਅਤ, ਖੁਸ਼ਹਾਲ, ਰੋਗ ਰਹਿਤ, ਤਾਕਤਵਰ, ਹਿੰਮਤੀ, ਆਤਮ ਵਿਸ਼ਵਾਸੀ, ਜਾਗਰੂਕ ਰੱਖਣ ਵਾਸਤੇ ਕੌਸਲਿੰਗ, ਜਾਗਰੂਕਤਾ ਦੇ ਨਾਲ ਬਜ਼ੁਰਗਾਂ ਦੇ ਪਿਆਰ, ਸਤਿਕਾਰ, ਹਮਦਰਦੀ ਅਤੇ ਭਾਈਚਾਰੇ, ਰਿਸ਼ਤਿਆਂ ਨੂੰ ਕਾਇਮ ਰੱਖਣ ਲਈ ਜ਼ੋਰ ਦਿੱਤਾ ਜਾਵੇ। ਖੇਡ ਮੈਦਾਨ ਤਿਆਰ ਕੀਤੇ ਜਾਣ, ਸਿਖਿਆ ਸੰਸਥਾਵਾਂ ਵਿਖੇ ਬੱਚਿਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਇਲਾਜ ਦੀ ਥਾਂ ਪ੍ਰਹੇਜ਼ ਬਾਰੇ, ਚੰਗੀ ਸਿਹਤ, ਤੰਦਰੁਸਤੀ, ਅਰੋਗਤਾ ਲਈ ਤਾਜ਼ੇ ਭੋਜਨ, ਸ਼ੁਧ ਪਾਣੀ, ਹਵਾਵਾਂ, ਨਿਰੰਤਰ ਕਸਰਤਾਂ, ਖੇਡਾਂ, ਸੂਰਜ ਦੀ ਧੁੱਪ, ਸੈਰ, ਪਸੀਨੇ ਵਹਾਉਣ, ਜ਼ੋਰਦਾਰ ਕਾਰਜ ਕਰਨੇ, ਸੰਤੁਸ਼ਟੀ, ਤਣਾਉ ਰਹਿਤ, ਸਬਰ ਸ਼ਾਂਤੀ, ਨਿਮਰਤਾ, ਸ਼ਹਿਨਸ਼ੀਲਤਾ ਅਨੁਸ਼ਾਸਨ, ਜ਼ਿੰਦਗੀ ਵਿੱਚ ਸਿਹਤ, ਤੰਦਰੁਸਤੀ, ਅਰੋਗਤਾ, ਖੁਸ਼ੀਆਂ, ਮਾਪਿਆਂ, ਬਜ਼ੁਰਗਾਂ, ਭਾਈਚਾਰੇ, ਖੁਸ਼ਹਾਲ ਵਾਤਾਵਰਨ, ਰਿਸ਼ਤਿਆਂ ਦੀ ਮਹੱਤਤਾ ਪਹਿਲ ਦੇ ਆਧਾਰ ਤੇ ਦੱਸੀ ਜਾਵੇ। ਇਸ ਸਬੰਧੀ ਸਾਡੇ ( ਫਸਟ ਏਡ, ਸੇਫਟੀ, ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਕਾਕਾ ਰਾਮ ਵਰਮਾ) , ਵਲੋਂ ਸਿਖਿਆ ਸੰਸਥਾਵਾਂ ਵਿਖੇ ਵਿਦਿਆਰਥੀਆਂ ਨੂੰ ਸਿਹਤ, ਸੁਰੱਖਿਆ, ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਜ਼ਖ਼ਮੀਆਂ ਦੀ ਸੇਵਾ ਸੰਭਾਲ ਕਰਨ ਅਤੇ ਘਰਾਂ ਵਿੱਚ ਬਿਮਾਰ ਪਏ ਰਿਸ਼ਤੇਦਾਰਾਂ ਨੂੰ ਹੋਮ ਨਰਸਿੰਗ ਕਰਨ ਬਾਰੇ ਜਾਣਕਾਰੀਆਂ ਦਿੱਤੀਆਂ ਜਾਂਦੀਆਂ ਹਨ ਪਰ ਇਸ ਕਾਰਜ ਲਈ ਸਾਰਿਆਂ ਦੇ ਸਹਿਯੋਗ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ ਹੋ ਸਕਦਾ। ਵਿਦਿਆਰਥੀਆਂ ਨੂੰ ਮੁਫ਼ਤ ਦੀਆਂ ਸਹੂਲਤਾਂ, ਸਭਿਆਚਾਰ ਪ੍ਰੋਗਰਾਮਾਂ, ਸੈਰ ਸਪਾਟਿਆ ਮਨੋਰੰਜਨ ਦੀ ਥਾਂ, ਸੁਰੱਖਿਆ, ਸਿਹਤ, ਤਦੰਰੁਸਤੀ, ਅਰੋਗਤਾ, ਸਬਰ ਸ਼ਾਂਤੀ, ਨਿਮਰਤਾ, ਸ਼ਹਿਣਸ਼ੀਲਤਾ ਅਨੁਸ਼ਾਸਨ ਬਾਰੇ ਜਾਗਰੂਕ ਕਰਨਾ ਵੱਧ ਲਾਭਦਾਇਕ ਸਿੱਧ ਹੋ ਸਕਦਾ ਹੈ। ਕਿਸੇ ਬੱਚੇ ਜਾਂ ਨੌਜਵਾਨ ਦੀ ਅਗਿਆਨਤਾ ਲਾਪਰਵਾਹੀਆਂ ਨਾਸਮਝੀ ਕਾਰਨ ਪੈਦਾ ਹੋਈਆਂ ਬਿਮਾਰੀਆਂ, ਹਾਦਸਿਆਂ, ਦੁਰਘਟਨਾਵਾਂ ਕਾਰਨ ਹੋਣ ਵਾਲੀਆਂ ਬੇਵਕਤੀ ਮੌਤਾਂ ਨੂੰ ਦੇਖਕੇ ਸਾਨੂੰ ਬਹੁਤ ਦੁਖ ਦਰਦ ਹੁੰਦੇ ਹਨ। ਇਸ ਲਈ ਸਾਨੂੰ ਰਲਕੇ ਬੱਚਿਆਂ ਨਾਬਾਲਗਾਂ ਦੇ ਵਰਤਮਾਨ ਨੂੰ ਸਿਹਤਮੰਦ ਤਦੰਰੁਸਤ ਸੁਰੱਖਿਆ ਖੁਸ਼ਹਾਲ ਬਣਾਉਣ ਲਈ ਯਤਨ ਕਰਨੇ ਚਾਹੀਦੇ ਹਨ।

ਅਸੀਂ ਇਕੱਲੇ ਹੀ ਬਹੁਤ ਬੇਬਸ ਮਹਿਸੂਸ ਕਰਦੇ ਹਾਂ।

# ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮ ’ਚ ਸ਼ਾਮਲ ਹੋਣਗੇ ਸ਼੍ਰੀ ਸ਼੍ਰੀ ਰਵੀਸ਼ੰਕਰ

**ਚੰਡੀਗੜ੍ਹ 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਸੱਦੇ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਨਾਏ ਜਾ ਰਹੇ 350 ਸਾਲਾ ਸ਼ਹੀਦੀ ਸਮਾਗਮ ਵਿੱਚ ਆਰਟ ਆਫ਼ ਲਿਵਿੰਗ ਸੰਸਥਾ ਦੇ ਸੰਸਥਾਪਕ ਸ੍ਰੀ ਸ੍ਰੀ ਰਵੀਸ਼ੰਕਰ ਵੀ ਸ਼ਾਮਲ ਹੋਣਗੇ। ਜਾਣਕਾਰੀ ਅਨੁਸਾਰ, ਪੰਜਾਬ 'ਚ 23 ਨਵੰਬਰ ਨੂੰ ਸਰਬ ਧਰਮ ਸੰਮੇਲਨ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਸ੍ਰੀ ਸ੍ਰੀ ਰਵੀਸ਼ੰਕਰ ਤੋਂ ਇਲਾਵਾ ਹੋਰ ਸੰਸਥਾਵਾਂ ਨਾਲ ਸਬੰਧਿਤ ਧਾਰਮਿਕ ਸ਼ਖ਼ਸੀਅਤਾਂ ਵੀ ਸ਼ਾਮਲ ਹੋਣਗੀਆਂ।



# ਟਰੈਕਟਰ-ਟਰਾਲੀ ਦੀ ਲਪੇਟ ’ਚ ਆਉਣ ਕਾਰਨ ਸਕੂਟਰੀ ਸਵਾਰ ਔਰਤ ਦੀ ਮੌਤ

**ਦੀਨਾਨਗਰ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਜਿੱਥੇ ਲੋਕ ਖੁਸ਼ੀਆਂ ਨਾਲ ਆਪਣੇ ਘਰਾਂ ਵਿੱਚ ਦੀਵਾਲੀ ਦਾ ਤਿਉਹਾਰ ਮਨਾ ਰਹੇ ਹਨ, ਉਥੇ ਹੀ ਜ਼ਿਲ੍ਹਾ ਗੁਰਦਾਸਪੁਰ ਅੰਦਰ 2 ਵੱਖ-ਵੱਖ ਥਾਵਾਂ 'ਤੇ ਐਕਸੀਡੈਂਟ ਹੋਣ ਕਾਰਨ ਕਈਆਂ ਦੇ ਘਰ ਵਿੱਚ ਸੱਥਰ ਵਿਛ ਗਏ। ਦੇਰ ਸ਼ਾਮ ਦੀਨਾਨਗਰ ਵਿਧਾਨ ਸਭਾ ਅਧੀਨ ਆਉਂਦੇ ਪੁਲਸ ਸਟੇਸ਼ਨ ਬਹਿਰਾਮਪੁਰ ਤੋਂ ਥੋੜ੍ਹੀ ਦੂਰੀ 'ਤੇ ਇੱਕ ਟਰੈਕਟਰ-ਟਰਾਲੀ ਦੀ ਲਪੇਟ ਵਿੱਚ ਸਕੂਟਰੀ ਸਵਾਰ ਔਰਤ ਦੇ ਆਉਣ ਕਾਰਨ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਜਤਿੰਦਰ ਪਾਲ ਸਿੰਘ ਨੇ ਦੱਸਿਆ ਕਿ ਔਰਤ ਆਪਣੀ ਸਕੂਟਰੀ 'ਤੇ ਸਵਾਰ ਹੋ ਕੇ ਕਸਬਾ ਬਹਿਰਾਮਪੁਰ ਤੋਂ ਆਪਣੇ ਪਿੰਡ ਜੱਗੋਚਕ ਟਾਂਡਾ ਨੂੰ ਵਾਪਸ ਜਾ ਰਹੀ ਸੀ ਕਿ ਅਚਾਨਕ ਗੁਰਦਾਸਪੁਰ ਵਾਲੀ ਸਾਈਡ ਤੋਂ ਇੱਕ ਤੇਜ਼ ਰਫ਼ਤਾਰ ਆ ਰਹੀ ਟਰੈਕਟਰ-ਟਰਾਲੀ ਦੀ ਲਪੇਟ ਵਿੱਚ ਆ ਗਈ ਜਿਸਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਗੁਰਦਾਸਪੁਰ ਸਿਵਲ ਹਸਪਤਾਲ ਭੇਜ ਦਿੱਤਾ ਗਿਆ ਹੈ। ਪੁਲਸ ਮੁਤਾਬਕ ਮ੍ਰਿਤਕ ਔਰਤ ਦੀ ਪਛਾਣ ਸਰਬਜੀਤ ਕੌਰ (40) ਵਾਸੀ ਜਾਗੋਚੱਕ ਟਾਂਡਾ ਵਜੋਂ ਦੱਸੀ ਗਈ ਹੈ। ਉਧਰ ਪੁਲਸ ਨੇ ਟਰੈਕਟਰ-ਟਰਾਲੀ ਨੂੰ ਕਬਜ਼ੇ 'ਚ ਲੈ ਕੇ ਟਰੈਕਟਰ ਚਾਲਕ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਹੈਰੋਇਨ ਅਤੇ ਡਰੱਗ ਮਨੀ ਸਮੇਤ ਸਮੱਗਲਰ ਕਾਬੂ, ਦੋ ਦਿਨ ਦਾ ਪੁਲਸ ਰਿਮਾਂਡ

**ਮੋਗਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪੁਲਸ ਮੁਖੀ ਮੋਗਾ ਨੇ ਦੱਸਿਆ ਕਿ ਨਸ਼ਿਆਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਨੂੰ ਉਸ ਸਮੇਂ ਸਫਲਤਾ ਮਿਲੀ ਜਦੋਂ ਥਾਣਾ ਸਿਟੀ ਪੁਲਸ ਵਲੋਂ ਲੱਖਾਂ ਰੁਪਏ ਮੁੱਲ ਦੀ ਹੈਰੋਇਨ ਅਤੇ ਡਰੱਗ ਮਨੀ ਸਮੇਤ ਇਕ ਸਮੱਗਲਰ ਨੂੰ ਕਾਬੂ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਡੀ. ਐੱਸ. ਪੀ. ਸਿਟੀ ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਥਾਣਾ ਸਿਟੀ ਮੋਗਾ ਦੇ ਮੁੱਖ ਅਫਸਰ ਇੰਸਪੈਕਟਰ ਵਰੁਣ ਕੁਮਾਰ, ਥਾਣੇਦਾਰ ਮੰਗਲ ਸਿੰਘ, ਪਾਲ ਸਿੰਘ ਪੁਲਸ ਪਾਰਟੀ ਸਮੇਤ ਇਲਾਕੇ ਵਿਚ ਗਸ਼ਤ ਕਰਦੇ ਹੋਏ ਨਹਿਰ ਦੀ ਪਟੜੀ 'ਤੇ ਲੁਹਾਰਾ ਚੌਂਕ ਵੱਲ ਨੂੰ ਜਾ ਰਹੇ ਸੀ ਤਾਂ ਸਾਹਮਣੇ ਇਕ ਨੌਜਵਾਨ ਜੋ ਸਕੂਟਰੀ 'ਤੇ ਆ ਰਿਹਾ ਸੀ, ਪੁਲਸ ਪਾਰਟੀ ਨੂੰ ਦੇਖ ਕੇ, ਆਪਣੀ ਸਕੂਟਰੀ ਖੜੀ ਕਰ ਕੇ ਝਾੜੀਆਂ ਵਿਚ ਜਾ ਲੁਕਿਆ, ਜਿਸ 'ਤੇ ਪੁਲਸ ਨੂੰ ਸ਼ੱਕ ਹੋਇਆ ਤਾਂ ਇੰਸਪੈਕਟਰ ਵਰੁਣ ਕੁਮਾਰ ਨੇ ਉਸ ਨੂੰ ਕਾਬੂ ਕੀਤਾ।

ਨਾਮ ਪੁੱਛਣ 'ਤੇ ਉਸ ਨੇ ਆਪਣਾ ਨਾਂ ਸਾਹਬ ਸਿੰਘ ਨਿਵਾਸੀ ਪਿੰਡ ਟੇਂਡਵਾ ਫਿਰੋਜ਼ਪੁਰ ਹਾਲ ਅਬਾਦ ਚੀਮਾ ਰੋਡ ਕੋਟ ਈਸੇ ਖਾਂ ਦੱਸਿਆ, ਜਿਸ 'ਤੇ ਪੁਲਸ ਪਾਰਟੀ ਨੇ ਉਸ ਨੂੰ ਕਿਹਾ ਕਿ ਸਾਨੂੰ ਸ਼ੱਕ ਹੈ ਕਿ ਤੇਰੀ ਸਕੂਟਰੀ ਵਿਚ ਕੋਈ ਨਸ਼ੀਲੀ ਵਸਤੂ ਹੈ, ਜਿਸ 'ਤੇ ਉਨ੍ਹਾਂ ਡੀ. ਐੱਸ. ਪੀ. ਗੁਰਪ੍ਰੀਤ ਸਿੰਘ ਨੂੰ ਮੌਕੇ 'ਤੇ ਬੁਲਾਇਆ ਅਤੇ ਉਨ੍ਹਾਂ ਦੀ ਹਾਜ਼ਰੀ ਵਿਚ ਸਕੂਟਰ ਦੀ ਡਿੱਗੀ ਵਿਚੋਂ 500 ਗ੍ਰਾਮ ਹੈਰੋਇਨ ਅਤੇ 19,500 ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ, ਜਿਸ ਨੂੰ ਤੁਰੰਤ ਪੁਲਸ ਨੇ ਹਿਰਾਸਤ ਵਿਚ ਲੈ ਲਿਆ, ਜਿਸ ਦੇ ਖ਼ਿਲਾਫ਼ ਥਾਣਾ ਸਿਟੀ ਮੋਗਾ ਵਿਚ ਮਾਮਲਾ ਦਰਜ ਕਰਨ ਦੇ ਬਾਅਦ ਅੱਜ ਇੰਸਪੈਕਟਰ ਵਰੁਣ ਕੁਮਾਰ ਵਲੋਂ ਮਾਣਯੋਗ ਅਦਾਲਤ ਵਿਚ ਪੇਸ਼ ਕਰ ਕੇ ਦੋ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ। ਡੀ. ਐੱਸ. ਪੀ. ਸਿਟੀ ਨੇ ਦੱਸਿਆ ਕਿ ਕਥਿਤ ਸਮੱਗਲਰ ਕੋਲੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਕਿਹਾ ਕਿ ਜਾਂਚ ਸਮੇਂ ਪਤਾ ਲੱਗਾ ਕਿ ਕਥਿਤ ਸਮੱਗਲਰ ਖ਼ਿਲਾਫ਼ ਪਹਿਲਾਂ ਵੱਖ-ਵੱਖ ਥਾਣਿਆਂ ਵਿਚ 5 ਮਾਮਲੇ ਦਰਜ ਹਨ।

# ਬੇਅਦਬੀਆਂ ਦੀ ਨਿਰੰਤਰਤਾ ਅਤੇ ਲਾਹਨਤੀ ਦਿਹਾੜੇ

**ਕੁਲਵੰਤ ਕੌਰ (ਡਾ.)**

ਬੇਅਦਬੀ ਦਾ ਜ਼ਿਕਰ ਕਰਨ ਤੋਂ ਪਹਿਲਾਂ, ਇਹ ਵਿਚਾਰ ਕਰਨਾ ਅਤਿਅੰਤ ਜ਼ਰੂਰੀ ਹੈ ਕਿ ਅਸੀਂ ਬੇਅਦਬੀ ਕਰ ਕਿਸ ਦੀ ਰਹੇ ਹਾਂ? ਮੇਰੀ ਟੇਕ, ਮੇਰਾ ਇਸ਼ਟ ਤੇ ਮੇਰੀ ਬੰਦਨਾ ਗੁਰਬਾਣੀ ਹੈ- ਉਹ ਬਾਣੀ ਜੋ ਹਰ ਨੇਕ ਇਨਸਾਨ ਦਾ ਜੀਵਨ ਆਧਾਰ ਹੈ ਅਤੇ ਜਿਸ ਬਾਰੇ ਸਾਰੇ ਹੀ ਬਾਣੀਕਾਰਾਂ ਦਾ ਫ਼ਰਮਾਨ ਹੈ :-

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ।

ਚੌਥੇ ਨਾਨਕ ਜੀ ਅਨੁਸਾਰ :-

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ
ਗੁਰਬਾਣੀ ਕਹੈ ਸੇਵਕ ਜਨ ਮਾਨੈ
ਪ੍ਰਤਖਿ ਗੁਰੂ ਨਿਸਤਾਰੇ।

ਅਤੇ 'ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ' ਜਿਹੀ ਸੇਧ, ਸਿੱਖਿਆ ਅਤੇ ਦਿਸ਼ਾ-ਨਿਰਦੇਸ਼ ਜਿਸ ਭਾਗਾਂ ਵਾਲੇ ਨੂੰ ਆਪ ਮੁਹਾਰੇ ਪ੍ਰਾਪਤ ਹੋ ਸਕਦੇ ਹੋਣ, ਉਹ ਜਿਉੜਾ, ਲੋਕ ਤੇ ਪ੍ਰਲੋਕ, ਦੋਵੇਂ ਥਾਈਂ, ਖ਼ੁਸ਼, ਖ਼ੁਸ਼ਹਾਲ ਤੇ ਸੁਰਖ਼ੁਰੂ ਹੈ।

ਸੋ, ਸਮੁੱਚੀ ਮਨੁੱਖ ਜਾਤ ਦੇ ਉਧਾਰ ਤੇ ਪਰਉਪਕਾਰ ਹਿੱਤ ਸਿਰਜਿਤ ਬਾਣੀ ਨੇ ਨਾ ਕੇਵਲ ਏਸ਼ੀਆ ਮਹਾਂਦੀਪ ਦੀ ਤਸਵੀਰ ਤੇ ਤਕਦੀਰ ਬਦਲਣ ਦਾ ਹੀ ਟਿੱਲ ਲਾਇਆ ਬਲਕਿ ਸੰਸਾਰ ਵਿਚ ਜਿੱਥੇ ਜਿੱਥੇ ਵੀ ਇਨਸਾਨੀ ਵੱਸੋਂ ਕਾਇਮ ਹੋ ਚੁੱਕੀ ਸੀ ਸਾਡੇ ਸਤਿਗੁਰੂ ਸਾਹਿਬਾਨ ਤੇ ਸੰਤ-ਭਗਤ ਸਾਹਿਬਾਨ, ਓਥੇ ਓਥੇ ਅਲਖ ਜਗਾਉਣ ਖ਼ੁਦ ਪਹੁੰਚੇ, ਲੋਕਾਈ ਨੂੰ ਕਰਮ ਕਾਂਡਾਂ, ਦੰਭਾਂ, ਪਾਖੰਡਾਂ, ਫ਼ਜ਼ੂਲ ਰਸਮਾਂ-ਰਿਵਾਜਾਂ ਤੇ ਭਰਮ-ਭੁਲੇਖਿਆਂ ਤੋਂ ਵਰਜਿਆ। ਇਸ ਪ੍ਰਕਾਰ, ਮੱਧ ਕਾਲ ਵਿਚ ਇਸ ਪਵਿੱਤਰ ਧਰਤੀ (ਪੰਜਾਬ) ਤੋਂ ਅਜਿਹਾ ਇਨਕਲਾਬੀ ਫਲਸਫ਼ਾ ਤੇ ਜੀਵਨ ਜਾਚ ਹੋਂਦ ਵਿਚ ਆਈ ਜਿਸ ਨੇ ਇਸ ਦੇ ਕਣ-ਕਣ ਤੇ ਵਣ ਤ੍ਰਿਣ ਤੱਕ ਨੂੰ ਸਰਸ਼ਾਰ ਕਰ ਦਿੱਤਾ। ਇਸੇ ਬਾਣੀ ਨੇ ਸੱਜਣ ਠੱਗਾਂ, ਕੌਡੇ ਰਾਕਸ਼ਾਂ, ਭੁੱਲੜ ਪਾਂਧਿਆਂ-ਪਰੋਹਿਤਾਂ, ਭਰਮੀ ਮੌਲਾਣਿਆਂ, ਭਟਕੇ ਜੋਗੀਆਂ ਤੇ ਘਰ ਬਾਹਰ ਤਿਆਗ ਕੇ ਜੰਗਲਾਂ ਪਹਾੜਾਂ 'ਚ ਜਾ ਵੱਸੇ ਤਪੱਸਵੀਆਂ ਨੂੰ ਹਲੂਣਿਆ, ਜਗਾਇਆ ਤੇ ਰਾਹ ਪਾਇਆ। ਜਦੋਂ ਬਾਣੀ ਦਾ ਰਬਾਬ ਨਾਲ ਤਾਲਮੇਲ ਕਰ ਦਿੱਤਾ ਗਿਆ, ਫੇਰ ਤਾਂ ਪੂਰੀ ਕਾਇਨਾਤ ਝੂੰਮ ਉੱਠੀ। ਲੋਕਾਈ ਮਸਤ ਹੋ ਗਈ - 'ਪਸ਼ੂ ਪੰਛੀ ਆਦਮੀ ਸਭ ਭਿੱਜਿਆ। ਅੰਮ੍ਰਿਤ ਓਸ ਨਿਗਾਹ ਵਿਚ। ਇੱਥੇ ਸਤਿਗੁਰਾਂ, ਸੱਚਾ ਪਾਤਿਸ਼ਾਹਾਂ ਦਾ ਨਿਵਾਸ ਹੈ', ਪ੍ਰੋ. ਪੂਰਨ ਸਿੰਘ ਦੇ ਇਸ ਵਿਸਮਾਦੀ ਅਨੁਭਵ ਦਾ ਆਧਾਰ ਇਹੋ ਗੁਰਬਾਣੀ ਸੀ।

ਗੁਰੂ ਪਾਤਿਸ਼ਾਹੀਆਂ ਦੀ ਆਤਮਿਕ ਜੋਤ ਅਤੇ ਪੂਰੇ ਦੇਸ਼ ਦੇ ਵੱਖ-ਵੱਖ ਇਲਾਕਿਆਂ, ਵਿਚਾਰਧਾਰਾਵਾਂ, ਮੱਤਾਂ, ਫ਼ਿਰਕਿਆਂ ਅਤੇ ਵਿਸ਼ਵਾਸੀਆਂ ਦੀ ਚੋਣਵੀਂ ਬਾਣੀ ਨੂੰ ਹਮ-ਆਸਣ ਕਰਦਿਆਂ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਸੰਗ੍ਰਹੀਤ ਕਰਨਾ ਮਹਾਂ ਕ੍ਰਾਂਤੀ ਸੀ ਕਿਉਂਕਿ ਭਾਰਤੀ ਸਮਾਜ ਓਸ ਵਕਤ ਵਰਣ ਵਿਵਸਥਾ, ਜਾਤ-ਪਾਤ, ਊਚ-ਨੀਚ, ਰਾਓ ਰੰਕ ਅਤੇ ਤੇਰ ਮੇਰ ਵਿਚ ਡੁੱਬਾ ਤੇ ਖੁੱਭਾ ਸਮਾਜ ਸੀ ਪਰ ਲੰਗਰ ਤੇ ਪੰਗਤ ਦੇ ਸੁਮੇਲ ਨੇ ਇੱਥੇ ਸਮਾਨਤਾ, ਸੁਤੰਤਰਤਾ ਤੇ ਬਰਾਬਰੀ ਦੇ ਬੀਜ ਬੀਜ ਦਿੱਤੇ ਸਨ। ਬਾਹਰਲੇ ਸ਼ਰੀਕਾਂ ਤੋਂ ਵੀ ਪਹਿਲਾਂ, ਘਰ ਦੇ ਭੇਤੀਆਂ ਨੇ ਵੀ ਇਸ ਬਾਣੀ ਵਿਚ ਮਿਲਾਵਟ ਤੇ ਰਲਾਵਟ ਕਰਨ ਦਾ ਟਿੱਲ ਲਾਇਆ। ਮੀਣਿਆਂ ਤੇ ਧੀਰਮੱਲੀਆਂ ਨੇ ਵੀ ਕੋ? ਕਸਰ ਨਾ ਛੱਡੀ ਪਰ 1604 ?ਸਵੀਂ ਵਿਚ 'ਸੱਚ ਦਾ ਸੂਰਜ' ਚੜ੍ਹ ਆਉਣ ਨਾਲ ਦੋਖੀਆਂ ਨੂੰ ਦੰਦਲਾਂ ਪੈਣ ਲੱਗੀਆਂ ਤੇ ਬਦਨੀਤੇ ਦੁੰਬ ਦਬਾ ਕੇ ਨੱਠਣ ਲਈ ਮਜਬੂਰ ਹੋ ਗਏ। ਫਲਸਰੂਪ, ਗੁਰਬਾਣੀ ਨੇ ਅੰਦਰ ਤੇ ਬਾਹਰ ਸਾਕਾਰਾਤਮਕ ਸ਼ਕਤੀ ਦਾ ਅਜਿਹਾ ਸੰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਸੁਰਤ ਗਵਾਉਣ ਵਾਲੇ ਰਾਜੇ ਮਹਾਰਾਜੇ ਵੀ ਸੁਚੇਤ ਹੋਣ ਲੱਗੇ। ਆਖਰ ਹਿੰਦ ਨੂੰ ਇਕ ਮਰਦੇ-ਕਾਮਿਲ ਨੇ ਗਹਿਰੀ ਨੀਂਦ ਤੋਂ ਹਲੂਣ ਦਿੱਤਾ ਸੀ। 1469 ਈਸਵੀ ਵਿਚ, ਅਜਿਹੀ ਨੂਰਾਨੀ ਜੋਤ ਨੇ ਦਸਤਕ ਦਿੱਤੀ ਕਿ ਚਾਰੇ ਕੂੰਟਾਂ ਵਿੱਚੋਂ ਗੁਰਬਾਣੀ ਦੀਆਂ ਫੁਹਾਰਾਂ ਪੈਣ ਲੱਗੀਆਂ - ਸਤਿਗੁਰੂ ਜੀ ਦੇ ਪੂਰਵਲੇ ਮਹਾਂਪੁਰਖਾਂ ਦੀ ਕਰਤਾਰੀ ਰਚਨਾ ਵੀ ਜੱਗ ਜ਼ਾਹਿਰ ਹੋਣ ਲੱਗੀ - ਗੁਰਬਾਣੀ ਨੇ ਵਿਸ਼ਵਾਸੀਆਂ, ਜਗਿਆਸੂਆਂ ਅਤੇ ਸਾਧਕਾਂ ਦਾ ਤਰਜੇ-ਜੀਵਨ ਹੀ ਬਦਲ ਦਿੱਤਾ ਪਰ ਦੋਖੀਆਂ, ਦੁਸ਼ਮਣਾਂ ਅਤੇ ਸ਼ਰੀਕਾਂ ਨੇ ਵੀ ਕਮਰ ਕੱਸੇ ਕਰ ਲਏ।

ਜਹਾਂਗੀਰ ਵਲੋਂ ਪੰਚਮ ਨਾਨਕ ਨੂੰ 'ਯਾਸਾ' ਅਧੀਨ ਸ਼ਹੀਦ ਕਰਨ ਦਾ ਅਸਲ ਕਾਰਨ ਵੀ ਗੁਰਬਾਣੀ (ਸ੍ਰੀ ਆਦਿ ਗ੍ਰੰਥ ਸਾਹਿਬ) ਦਾ ਸੰਕਲਣ ਹੀ ਸੀ ਜੋ ਕਿ ਬੇਅਦਬੀ ਦੀ ਸਿਖ਼ਰ ਆਖੀ ਜਾ ਸਕਦੀ ਹੈ। ਓਸ ਦੀ ਸ੍ਵੈਜੀਵਨੀ-ਤੁਜ਼ਕੇ ਜਹਾਂਗੀਰੀ ਵਿਚ ਇਸ ਦਾ ਸਪੱਸ਼ਟ ਜ਼ਿਕਰ ਹੈ। ਫੇਰ ਬਾਦਸ਼ਾਹ ਦੇ ਪ੍ਰਭਾਵ ਨਾਲ, ਗੁਰੂ-ਪੁੱਤਰ, ਬਾਬਾ ਰਾਮ ਰਾਇ ਵਲੋਂ 'ਮਿੱਟੀ ਬੇਈਮਾਨ ਕੀ' ਉਚਾਰਨ ਵਾਲੀ ਘਟਨਾ ਨੇ ਇਤਿਹਾਸਕ ਤੌਰ 'ਤੇ ਕਿੰਨੇ ਫੇਰ ਬਦਲ ਕਰਵਾਏ। ਨਿਰਸੰਦੇਹ, ਇਹ ਬੇਅਦਬੀ ਦੇ ਹੀ ਵਿਭਿੰਨ ਰੂਪ ਆਖੇ ਜਾ ਸਕਦੇ ਹਨ ਕਿਉਂਕਿ ਜਾਲ ਫੂਕ, ਪਾੜ-ਧਾੜ, ਗੁਰੂ-ਦਰਬਾਰ ਵਿਚ ਪਹੁੰਚ ਕੇ ਨਿਰਾਦਰ ਕਰਨਾ ਤੇ ਸਰੂਪ ਨਾਲ ਛੇੜਛਾੜ ਆਦਿ ਵਿਭਿੰਨ ਪਾਸਾਰ ਹਨ, ਬੇਅਦਬੀ ਦੇ ਜਦੋਂ ਬਾਣੀ ਦਾ ਅਦਬ, ਸਤਿਕਾਰ, ਸ਼ਰਧਾ ਅਤੇ ਸਮਰਪਣ ਵੀ ਸਦੀਆਂ ਤੋਂ ਕੀਤਾ ਜਾਂਦਾ ਰਿਹਾ ਹੈ। ਇੱਥੋਂ ਤੱਕ ਕਿ ਮੈਕਾਲਿਫ਼ ਵਰਗਾ ਉੱਚ ਅਹੁਦਿਆਂ ਤੇ ਬਿਰਾਜਮਾਨ ਰਿਹਾ ਅੰਗਰੇਜ਼-ਅਫ਼ਸਰ ਸਭ ਪਦਵੀਆਂ ਛੱਡ ਛੁਡਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਵਿਚ ਆ ਗਿਆ। ਬਾਣੀ ਸਿੱਖੀ, ਪੜ੍ਹੀ, ਵਿਚਾਰੀ ਤੇ ਆਤਮਸਾਤ ਕੀਤੀ। ਛੇ ਵੱਡ ਆਕਾਰੀ ਜਿਲਦਾਂ ਵਿਚ 'ਸਿੱਖ ਧਰਮ' ਦਾ ਵਿਸਤਰਿਤ ਅਧਿਐਨ ਤੇ ਮਨਨ ਕਰਨ ਵਾਲਾ ਕੇਵਲ ਮੈਕਾਲਿਫ਼ ਹੀ ਸੀ ਤੇ ਅਜੋਕੇ ਸਮਿਆਂ ਵਿਚ ਦੁਨੀਆ ਦੇ ਸਭ ਤੋਂ ਵੱਡੇ ਫਿਲਾਸਫਰ ਬਰਟਨਡ ਰੱਸਲ ਦਾ ਤਾਂ ਵਿਸ਼ਵਾਸ ਹੀ ਇਹ ਹੈ ਕਿ ਤੀਸਰੇ ਵਿਸ਼ਵ ਯੁੱਧ ਉਪਰੰਤ ਜੋ ਪ੍ਰਾਣੀ ਜਿਉਂਦੇ ਬਚਣਗੇ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਈ ਜੀਵਨ-ਜੁਗਤ ਦੇ ਅਨੁਸਾਰੀ ਹੋਣਗੇ।

ਹੁਣ ਪਿਛਲੇ ਇਕ ਦਹਾਕੇ ਤੋਂ ਚੱਲ ਰਹੀਆਂ ਬੇਅਦਬੀ ਦੀਆਂ ਕਮੀਨੀਆਂ, ਘਟੀਆ, ਨੀਚ ਅਤੇ ਹਿਰਦੇਵੇਧਕ ਘਟਨਾਵਾਂ ਵੱਲ ਆਈਏ। 2007 ਤੋਂ ਸ਼ੁਰੂ ਹੋਇਆ ਇਕ ਪਾਪੀ, ਪਾਖੰਡੀ, ਦੰਭੀ, ਸ਼ਾਤਰ ਅਤੇ ਜੁਗਾੜੂ ਦਾ ਇਕ ਨਖਿੱਧ ਵਰਤਾਰਾ ਜੋ ਆਪਣੇ ਆਪ ਨੂੰ 'ਸੱਚੇ ਸੌਦੇ' ਦਾ ਵਾਰਿਸ ਸਮਝਦਿਆਂ, ਲੱਗਾ ਆਪਹੁਦਰੀਆਂ ਹਰਕਤਾਂ ਕਰਨ। ਸਰਬੰਸ ਕੁਰਬਾਨੀ ਵਾਲੇ ਦੀ ਰੀਸ ਕਰਦਿਆਂ, 'ਪੰਜ ਪਿਆਰਿਆਂ' ਦੀ ਥਾਂ 'ਸੱਤ ਸਿਤਾਰੇ' ਸਾਜ ਕੇ ਤੇ ਰੂਹ-ਅਫਜ਼ੇ ਦਾ ਘੋਲ ਪਿਲਾ ਕੇ 'ਜਾਮ-ਏ-ਇੰਸਾਂ' ਛਕਾਉਣ ਦਾ ਦੰਭ ਕਰਦਾ ਉਹ ਸਾਰੇ ਹੱਦਾਂ ਬੰਨੇ ਟੱਪਦਾ ਚਲਾ ਗਿਆ। ਇਸ ਬੱਜਰ ਗੁਨਾਹ ਨੂੰ ਫਲੀਭੂਤ ਕਰਾਉਣ ਵਿਚ ਪੰਥ ਦੇ ਡੋਬਣਹਾਰ ਵੀ ਸ਼ਾਮਲ ਸਨ ਜਿਨ੍ਹਾਂ ਲਈ ਵੋਟ-ਬੈਂਕ ਦੀ ਪ੍ਰਫੁੱਲਤਾ ਜ਼ਰੂਰੀ ਸੀ,ਧਰਮ, ਮਰਯਾਦਾ ਤੇ ਜੀਵਨ-ਮੁੱਲਾਂ ਦਾ ਕੋਈ ਮਹੱਤਵ ਨਹੀਂ ਸੀ। 2007 ਤੋਂ 2017 ਤੱਕ ਚਰਚਿਤ ਰਹਿਣ ਵਾਲੇ ਘਿਣਾਉਣੇ ਕਾਂਡ ਵਾਪਰੇ ਕਿਉਂਕਿ ਬਾਦਲ ਸਰਕਾਰ ਨੇ ਆਪਣੀ ਪੰਥਕ ਜ਼ਿੰਮੇਵਾਰੀ ਨੂੰ ਕਦੇ ਨਹੀਂ ਸੀ ਸਮਝਿਆ ਤੇ ਸ਼ਰੀਕਾਂ ਦੇ ਮਗਰ ਲੱਗ ਕੇ ਅਨੰਦਪੁਰੀ ਮਤੇ ਨੂੰ ਵੀ ਦਫ਼ਨ ਕਰਵਾ ਦਿੱਤਾ ਅਤੇ ਸੂਬੇ ਦੇ ਹਿੱਤਾਂ ਨੂੰ ਵੀ ਗਹਿਣੇ ਪਾ ਦਿੱਤਾ।

2015 ਵਿਚ ਬੇਅਦਬੀ ਦੀ ਸਿਖ਼ਰ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਵਾ ਕੇ ਅੰਗ ਗਲੀਆਂ ਨਾਲੀਆਂ ਵਿਚ ਰੋਲੇ ਗਏ। ਚੈਲਿੰਜ ਕਰ ਕੇ ਸਿੱਖ ਸੰਗਤਾਂ ਨੂੰ ਚਿੜਾਇਆ ਗਿਆ। ਸਿੱਖ ਪੰਥ ਨੂੰ ਬੇਹਿਸਾਬਾ ਜ਼ਲੀਲ ਕੀਤਾ ਗਿਆ ਤੇ ਜਦੋਂ ਸਿੱਖ ਜਾਗੇ ਤੇ ਇਕੱਠੇ ਹੋਣ ਲੱਗੇ ਤਾਂ ਚੌਂਕਾਂ ਚੁਰਾਹਿਆਂ ਵਿਚ ਬੇਅਦਬੀ ਦਾ ਰੋਸ ਪ੍ਰਗਟਾਉਂਦਿਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਤੇ ਰੱਜ ਰੱਜ ਕੇ ਤੰਗ ਤੇ ਪ੍ਰੇਸ਼ਾਨ ਕੀਤਾ ਗਿਆ। ਉਸ ਵੇਲੇ ਅੰਮ੍ਰਿਤਧਾਰੀ ਨੌਜਵਾਨਾਂ ਨੂੰ ਤਸ਼ੱਦਦ ਦਾ ਵਧੇਰੇ ਸ਼ਿਕਾਰ ਬਣਾਇਆ ਗਿਆ। ਦਸ ਸਾਲਾਂ ਦੌਰਾਨ ਜਾਂਚ ਕਮਿਸ਼ਨ, ਐਸ.ਆਈ.ਟੀ., ਮੋਰਚੇ, ਵਿਰੋਧ, ਮੁੱਢਲੀਆਂ ਰਿਪੋਰਟਾਂ ਤੇ ਹੋਰ ਬਹੁਤ ਕੁਝ ਵੀ ਘਟਿਆ ਪਰ 14 ਅਕਤੂਬਰ 2015 ਨੂੰ ਕੋਟਕਪੂਰੇ, ਬਹਿਬਲ ਕਲਾਂ ਤੇ ਸਰਾਵਾਂ ਵਿਚ ਭੋਲੀਆਂ ਭਾਲੀਆਂ ਨਿਰਦੋਸ਼ ਸੰਗਤਾਂ 'ਤੇ ਕੀਤੇ ਨਾਦਰਸ਼ਾਹੀ ਜ਼ੁਲਮਾਂ ਨੇ ਵਿਦੇਸ਼ੀ ਧਾੜਵੀਆਂ ਦੀ ਕਰੂਰਤਾ ਵੀ ਫਿੱਕੀ ਪਾ ਦਿੱਤੀ ਸੀ ਕਿਉਂਕਿ ਆਪਣੇ ਇਸ਼ਟ ਦੀ ਸਤਿਕਾਰ-ਬਹਾਲੀ ਲਈ ਸੰਘਰਸ਼ਸ਼ੀਲ ਸੰਗਤ ਕੁੱਟੀ ਗਈ, ਮਧੋਲੀ ਗਈ, ਰੋਲੀ ਗਈ ਅਤੇ ਨਪੀੜੀ ਗਈ ਸੀ। ਹਰੇਕ 14 ਅਕਤੂਬਰ ਨੂੰ ਲਾਹਨਤ ਦਿਹਾੜਾ ਮਨਾ ਕੇ ਸਵਾਰਥੀ, ਘਟੀਆ ਅਤੇ ਜ਼ਾਲਮ ਸਰਕਾਰ ਦਾ ਸਿਆਪਾ ਕੀਤਾ ਜਾਂਦਾ ਹੈ, ਇਨਸਾਫ ਦੀ ਗੁਹਾਰ ਲਾਈ ਜਾਂਦੀ ਹੈ। ਸਖਤ ਤੋਂ ਸਖ਼ਤ ਕਾਨੂੰਨ ਲਾਗੂ ਕਰਨ ਦੀ ਮੰਗ ਵੀ ਉਭਰਦੀ ਹੈ ਪਰ ਕਿਉਂਕਿ ਸਾਰੇ ਤਤਕਾਲੀ ਸਬੂਤ ਨਸ਼ਟ-ਭ੍ਰਸ਼ਟ ਕਰ ਦਿੱਤੇ ਗਏ ਸਨ, ਇਸ ਲਈ ਤਿੰਨ ਤਿੰਨ ਸਰਕਾਰਾਂ ਤੇ ਚਾਰ ਚਾਰ ਮੁੱਖ ਮੰਤਰੀ ਬਦਲਣ ਦੇ ਬਾਵਜੂਦ ਪਰਨਾਲਾ ਅੱਜ ਵੀ ਉਥੇ ਦਾ ਉਥੇ ਹੀ ਹੈ।

ਹੁਣ ਤੱਕ ਕੁਝ ਵੀ ਬਦਲਿਆ ਨਹੀਂ। 'ਪ੍ਰੇਮੀ' ਮਨ ਆਈਆਂ ਕਰਦੇ ਚਲੇ ਗਏ। ਉਨ੍ਹਾਂ ਦੇ ਆਕਾ ਦੀਆਂ ਵੀ ਚੰਮ ਦੀਆਂ ਚਲਦੀਆਂ ਆ ਰਹੀਆਂ ਹਨ। ਪੰਜਾਬ ਦੇ ਅਮਨ ਚੈਨ ਨੂੰ ਲਾਂਬੂ ਲਾਉਣ ਵਾਲੇ ਉਦੋਂ ਬਿਲਕੁਲ ਸੁਰੱਖਿਅਤ ਰਹੇ ਤੇ ਅੱਜ ਵੀ ਦਨਦਨਾਉਂਦੇ ਫਿਰਦੇ ਹਨ। ਬਾਜ਼ਮੀਰ ਬੰਦਿਆਂ ਨੇ ਵਿਰੋਧ ਵਜੋਂ ਆਪਣੇ ਮਾਨ-ਸਨਮਾਨ ਮੋੜੇ, ਅਸੀਂ ( ਦੋਵਾਂ ਨੇ) ਵੀ ਸਾਰੀ ਉਮਰ ਦੀ ਕਮਾਈ ਵਜੋਂ ਮਿਲੇ ਸਟੇਟ ਐਵਾਰਡ ਵਾਪਸ ਕੀਤੇ, ਵਿਰੋਧ ਜਤਾਇਆ।

ਸਿੱਖਾਂ ਜਿਹੀ ਜਾਂਬਾਜ਼ , ਆਪਾਵਾਰੂ , ਸਿਰੜੀ, ਸਿਦਕੀ ਤੇ ਭੈਅ-ਭਾਵਨੀ ਵਾਲੀ ਕੌਮ ਕਦੇ ਜ਼ੁਲਮ ਹੰਢਾਉਣ ਉਪਰੰਤ ਸ਼ਾਂਤ ਨਹੀਂ ਬੈਠੀ- ਇਸੇ ਵਧੀਕੀ,ਜ਼ਲਾਲਤ ਅਤੇ ਜ਼ੁਲਮ ਕਾਰਨ, ਵਰ੍ਹਿਆਂ ਤਕ ਬਰਗਾੜੀ ਮੋਰਚੇ ਲੱਗੇ ਰਹੇ,ਸਾਲਾਂ ਤਕ ਵਿਰੋਧ ਕੀਤਾ ਗਿਆ ਪਰ ਗੂੰਗੀਆਂ, ਬੋਲੀਆਂ ਤੇ ਅੰਨੀਆਂ ਸਰਕਾਰਾਂ ਨੇ ਲਾਰੇ, ਵਾਅਦੇ ਤੇ ਦਾਅਵੇ ਕਰਕੇ, ਮੰਤਰੀ ਭੇਜ ਭੇਜ ਕੇ ਮੋਰਚੇ ਫੇਲ੍ਹ ਕੀਤੇ, ਪੀੜਤਾਂ ਨਾਲ ਧੱਕਾ ਕੀਤਾ। ਸ਼ਹੀਦਾਂ ਦੇ ਪਰਿਵਾਰਾਂ ਨੂੰ ਤਾਂ ਕੋਈ ਮਦਦ ਨਾ ਮਿਲੀ ਪਰ ਚੋਲਿਆਂ ਵਾਲੇ ਕਈ ਮਲਾਈਆਂ ਛੱਕ-ਛੱਕ ਕੇ ਤੁਰਦੇ ਬਣੇ। ਭੋਲੀਆਂ ਸੰਗਤਾਂ ਵਾਰ ਵਾਰ ਲੁਟੀਂਦੀਆਂ ਰਹੀਆਂ। ਹੁਣ ਤਾਂ ਬੇਅਦਬੀਆਂ ਦੇ ਸਰੂਪ ਹੀ ਬਦਲ ਗਏ ਹਨ-ਬੀਤੇ ਦਿਨੀਂ ਇਕ ਮੂਰਖ ਸਿੱਖ ਨੇ ਗੁਟਕਾ ਸਾਹਿਬ ਦੇ ਪੰਨੇ ਇਸ ਲਈ ਪਿੰਡ ਦੀਆਂ ਗਲੀਆਂ ਨਾਲੀਆਂ ਵਿਚ ਖਿਲਾਰ ਦਿੱਤੇ ਕਿਉਂਕਿ ਉਸਦੀ ਪਤਨੀ ਗੁਰਦੁਆਰਾ ਸਾਹਿਬ 'ਚ ਜਾਣੋਂ ਰੁਕਦੀ ਨਹੀਂ ਸੀ ਜਦੋਂ ਕਿ ਪਤੀ ਤੇ ਪੁੱਤਰ ਨਾ ਜਾਣ ਲਈ ਦਬਾਅ ਬਣਾਉਂਦੇ ਸਨ। ਇਕ ਸਿਰਫਿਰੇ ਨੇ ਪੰਜ ਬੀੜਾਂ ਅਗਨ ਭੇਟ ਕਰ ਦਿੱਤੀਆਂ। ਕਿਤੇ ਬਿਜਲੀ ਦੀ ਖਰਾਬੀ ਦਾ ਬਹਾਨਾ ਬਣਾ ਕੇ ਸਰੂਪਾਂ ਦੀਆਂ ਬੇਅਦਬੀ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਫਤਹਿਗੜ੍ਹ ਸਾਹਿਬ ਦੇ ਪਵਿੱਤਰ ਸਥਾਨ ਅੰਦਰ ਕੀ ਕੁਝ ਵਾਪਰ ਚੁੱਕਾ ਹੈ, ਕਿਸੇ ਤੋਂ ਲੁਕਿਆ ਛਿਪਿਆ ਨਹੀਂ। ਪਿੰਡਾਂ, ਨਗਰਾਂ ਤੇ ਅਣਗੋਲੇ ਸਥਾਨਾਂ ਦੇ ਗੁਰਦੁਆਰਿਆਂ ਵਿਚ ਮਨਚਲੇ ਅਜਿਹੀਆਂ ਕਾਲੀਆਂ ਕਰਤੂਤਾਂ ਕਰਦੇ ਹੀ ਰਹਿੰਦੇ ਹਨ। ਪਟਿਆਲਾ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਚ ਸ਼ਰਾਬ ਪੀਂਦੀ ਕਿਸੇ ਬਦਚਲਣ ਦਾ ਕਤਲ ਤੱਕ ਹੋ ਗਿਆ ਸੀ-ਲਿਸਟ ਬਹੁਤ ਲੰਮੀ ਹੈ, ਪਰਮਾਤਮਾ ਹੀ ਮਿਹਰ ਕਰੇ ਕਿਉਂਕਿ ਇਸ ਅੰਮ੍ਰਿਤਮਈ ਬਾਣੀ ਦੇ ਦੁਸ਼ਮਣਾਂ ਦੀ ਗਿਣਤੀ ਹੁਣ ਹੋਰ ਵੀ ਵੱਧਦੀ ਜਾ ਰਹੀ ਹੈ। 328 ਸਰੂਪਾਂ ਦੀ ਚੋਰੀ ਕੀ ਬੇਅਦਬੀ ਦੀ ਸਿਖਰ ਨਹੀਂ ਸੀ?

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ 'ਧੁਰ ਕੀ ਬਾਣੀ' ਤੋਂ ਅਭਿੱਜ, ਕੋਰੇ ਅਤੇ ਬੇਸਮਝ ਬੰਦੇ ਹੀ ਨਹੀਂ, ਸਮਝਣ ਸਮਝਾਉਣ ਵਾਲੇ ਵੀ ਅਜਿਹੇ ਕੁਕਰਮ ਕਰਨੋਂ ਨਹੀਂ ਝਿਜਕਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਾਹਮਣੇ ਲੜ-ਲੜਾਈਆਂ, ਪੱਗਾਂ ਲਾਹੁਣੀਆਂ, ਮੋਬਾਇਲ ਕਰਨੇ ਤੇ ਸੁਣਨੇ, ਅਖੰਡ ਪਾਠੀਆਂ ਵੱਲੋਂ ਪੱਤਰੇ ਉਲੱਦਣੇ ਤੇ ਹੋਰ ਮਨਮਤੀ ਕਾਰਨਾਮੇ ਵੀ ਸ਼ਰੇਆਮ ਗੁਰਬਾਣੀ ਦੀ ਬੇਅਦਬੀ ਹੀ ਹੈ।

ਇਸ ਮਾਮਲੇ ਵਿੱਚ ਵੱਡੀ ਜ਼ਿੰਮੇਵਾਰੀ ਬਣਦੀ ਹੈ ਕੇਂਦਰੀ ਸਰਕਾਰ ਦੀ, ਹਰ ਧਰਮ ਦੀ ਬੇਅਦਬੀ ਰੋਕਣ ਲਈ ਸਖ਼ਤ ਕਾਨੂੰਨ ਬਣਾ ਕੇ ਲਾਗੂ ਕਰੇ। ਜ਼ਿੰਮੇਵਾਰ ਪ੍ਰਬੰਧਕਾਂ, ਕਮੇਟੀਆਂ ਅਤੇ ਹੋਰ ਹਰ ਗੁਰਸਿੱਖ ਦਾ ਵੀ ਪਹਿਲਾ ਫਰਜ਼ ਬਣਦਾ ਹੈ ਕਿ ਉਹ ਆਲੇ ਦੁਆਲੇ ਦੇ ਧਾਰਮਿਕ ਸਥਾਨਾਂ ਦੀ ਦੇਖ-ਰੇਖ,ਹਿਫਾਜ਼ਤ ਅਤੇ ਸੁਰੱਖਿਆ ਲਈ ਆਪਣਾ ਬਣਦਾ ਯੋਗਦਾਨ ਦੇਵੇ।

ਸੇਵਾਮੁਕਤ ਮੁਲਾਜ਼ਮਾਂ ਦੇ ਭਰਵੇਂ ਸਹਿਯੋਗ ਨਾਲ ਗੁਰਦੁਆਰਾ ਕਦੇ ਵੀ ਸੁੰਨੇ ਨਾ ਛੱਡੇ ਜਾਣ , ਕਿਉਂਕਿ ਸ਼ਰਾਰਤੀ ਅਨਸਰ ਤਾਂ ਕੈਮਰੇ ਵੀ ਤੋੜ ਜਾਂਦੇ ਹਨ ਤਾਂ ਜੋ ਪੁਲਿਸ ਹੱਥ ਕੋਈ ਸੁਰਾਗ ਨਾ ਲੱਗੇ। ਪਹਿਲੀਆਂ ਬੇਅਦਬੀਆਂ ਦੇ ਲਾਹਨਤੀ ਦਿਹਾੜੇ ਵੀ ਮੇਰੀ ਜਾਚੇ ਕਿਸੇ ਸਰਕਾਰ ਨੂੰ ਹੁਦ ਸ਼ਰਮਸ਼ਾਰ ਨਹੀਂ ਕਰਦੇ-ਬਦਨਾਮ ਹੂਏ ਤੋ ਕਿਆ ਨਾਮ ਨਾ ਹੋਗਾ। ਰੱਬ ਸਭ ਨੂੰ ਸਮੱਤ ਬਖਸ਼ੇ। ਗੁਰੂ ਸਭ 'ਤੇ ਮਿਹਰ ਕਰੇ।

# ਸਕੂਟਰੀ ’ਤੇ ਸ਼ਰਾਬ ਦੇ 2 ਡੱਬੇ ਲੈ ਕੇ ਜਾ ਰਿਹਾ ਮੁਲਜ਼ਮ ਗ੍ਰਿਫ਼ਤਾਰ

**ਲੁਧਿਆਣਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਵੀਜ਼ਨ ਨੰ. 5 ਪੁਲਸ ਸਟੇਸ਼ਨ ਦੀ ਪੁਲਸ ਨੇ ਇਕ ਸਮੱਗਲਰ ਨੂੰ ਗ੍ਰਿਫ਼ਤਾਰ ਕੀਤਾ, ਜੋ ਸਕੂਟਰ 'ਤੇ ਨਾਜਾਇਜ਼ ਸ਼ਰਾਬ ਪਹੁੰਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੁਲਜ਼ਮ ਦੀ ਪਛਾਣ ਵਿਸ਼ਾਲ ਵਜੋਂ ਹੋਈ ਹੈ, ਜੋ ਕਿ ਦੀਪ ਨਗਰ ਦਾ ਰਹਿਣ ਵਾਲਾ ਹੈ। ਜਾਂਚ ਅਧਿਕਾਰੀ ਮੇਵਾ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਦੋਸ਼ੀ ਨਾਜਾਇਜ਼ ਸ਼ਰਾਬ ਦੀ ਵਿਕਰੀ ਵਿਚ ਸ਼ਾਮਲ ਹੈ। ਉਹ ਮਨਜੀਤ ਨਗਰ ਨੇੜੇ ਇਕ ਸਕੂਟਰ 'ਤੇ ਸ਼ਰਾਬ ਪਹੁੰਚਾਉਣ ਦੀ ਯੋਜਨਾ ਬਣਾ ਰਿਹਾ ਸੀ। ਇਸ ਤੋਂ ਬਾਅਦ, ਪੁਲਸ ਨੇ ਨਾਕਾਬੰਦੀ ਕੀਤੀ ਅਤੇ ਦੋਸ਼ੀ ਨੂੰ ਨਾਜਾਇਜ਼ ਸ਼ਰਾਬ ਦੇ 2 ਡੱਬਿਆਂ ਸਮੇਤ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਦੋਸ਼ੀ ਦਾ ਸਕੂਟਰ ਵੀ ਜ਼ਬਤ ਕਰ ਲਿਆ। ਦੋਸ਼ੀ ਵਿਰੁੱਧ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਬਰਨਾਲਾ ’ਚ ਮਨਾਇਆ ਗਿਆ ਪੁਲਿਸ ਯਾਦਗਾਰੀ ਦਿਵਸ

**ਬਰਨਾਲਾ, 4 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਰੇ ਦੇਸ਼ ਵਿਚ ਪੁਲਿਸ ਯਾਦਗਾਰੀ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਕੇ ਉਨ੍ਹਾਂ ਦੇ ਪਰਿਵਾਰਾਂ ਦਾ ਮਾਨ ਸਨਮਾਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਬਰਨਾਲਾ ਵਿਖੇ ਵੀ ਅੱਜ ਜ਼ਿਲ੍ਹਾ ਬਰਨਾਲਾ ਪੁਲਸ ਵੱਲੋਂ ਪੁਲਸ ਯਾਦਗਾਰੀ ਦਿਵਸ ਐੱਸ.ਐੱਸ.ਪੀ. ਬਰਨਾਲਾ ਮੁਹੰਮਦ ਸਰਫਰਾਜ ਆਲਮ ਦੀ ਅਗਵਾਈ ਹੇਠ ਮਨਾਇਆ ਗਿਆ।

ਇਸ ਮੌਕੇ ਗੱਲਬਾਤ ਕਰਦਿਆਂ ਐੱਸ.ਐੱਸ.ਪੀ. ਬਰਨਾਲਾ ਮੁਹੰਮਦ ਸਰਫਰਾਜ ਆਲਮ ਨੇ ਕਿਹਾ ਕਿ ਪੁਲਸ ਯਾਦਗਾਰੀ ਦਿਵਸ ਮੌਕੇ ਸ਼ਹੀਦਾਂ ਨੂੰ ਪ੍ਰਣਾਮ ਕਰਦੇ ਹਾਂ। ਇਨ੍ਹਾਂ ਸ਼ਹੀਦਾਂ ਕਰਕੇ ਹੀ ਅੱਜ ਅਸੀਂ ਆਜ਼ਾਦੀ ਦਾ ਸਾਹ ਲੈ ਰਹੇ ਹਾਂ ਅੱਜ 27 ਪਰਿਵਾਰਾਂ ਨੂੰ ਸਨਮਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਸ ਫੋਰਸ ਸਾਡਾ ਪਰਿਵਾਰ ਹੈ, ਪੰਜਾਬ ਪੁਲਸ ਉਨ੍ਹਾਂ ਵਾਸਤੇ ਸਦਾ ਖੜ੍ਹੀ ਹੈ। 21 ਅਕਤੂਬਰ ਨੂੰ ਸ਼ਹੀਦਾਂ ਨੂੰ ਪ੍ਰਣਾਮ ਕਰਕੇ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਰਾਬਤਾ ਕਾਇਮ ਕੀਤਾ ਜਾਂਦਾ ਹੈ। ਉਨ੍ਹਾਂ ਦੇ ਪਰਿਵਾਰਾਂ ਨੂੰ ਅੱਜ ਵੀ ਇਹ ਮਹਿਸੂਸ ਹੁੰਦਾ ਹੈ ਕਿ ਪੰਜਾਬ ਪੁਲਸ ਅੱਜ ਵੀ ਉਨ੍ਹਾਂ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ ਜਾਂਦੀਆਂ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਸਮੇਤ ਹੋਰ ਵੀ ਉੱਚ ਅਧਿਕਾਰੀ ਮੌਜੂਦ ਸਨ।

# ਟਰੰਪ ਨੀਤੀਆਂ ਕਾਰਨ ਘਟਦੀ ਜਾ ਰਹੀ ਹੈ ਯੂਨੀਵਰਸਿਟੀਆਂ ’ਚ ਰੌਣਕ

**ਨਿਊਯੌਰਕ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਵੀਜ਼ਾ ਨੀਤੀਆਂ ਕਾਰਨ ਅਮਰੀਕੀ ਯੂਨੀਵਰਸਿਟੀਆਂ 'ਚ ਸਰਦ ਸਮੈਸਟਰ ਦੀ ਸ਼ੁਰੂਆਤ ਤੋਂ ਪਹਿਲਾਂ ਅਗਸਤ 'ਚ ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦੀ ਆਮਦ 'ਚ ਭਾਰੀ ਗਿਰਾਵਟ ਆਈ ਹੈ। ਵਿਦਿਆਰਥੀਆਂ ਦੀ ਆਮਦ ਦੀ ਇਹ ਗਿਣਤੀ ਕੋਵਿਡ ਮਹਾਂਮਾਰੀ (2020) ਤੋਂ ਬਾਅਦ ਸਭ ਤੋਂ ਘੱਟ ਦੱਸੀ ਜਾ ਰਹੀ ਹੈ ਜਦ ਕਿ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ ਇਹ ਗਿਰਾਵਟ 44 ਫ਼ੀਸਦੀ ਤੋਂ ਵੱਧ ਹੈ।

**ਕੋਵਿਡ ਮਹਾਂਮਾਰੀ ਤੋਂ ਬਾਅਦ ਗਿਣਤੀ ਸਭ ਤੋਂ ਘੱਟ:** ਵਣਜ ਵਿਭਾਗ ਦੇ ਅਧੀਨ ਇੱਕ ਅਮਰੀਕੀ ਸਰਕਾਰੀ ਏਜੰਸੀ ਅੰਤਰਰਾਸ਼ਟਰੀ ਵਪਾਰ ਪ੍ਰਸ਼ਾਸਨ ਦੇ ਅੰਕੜਿਆਂ ਅਨੁਸਾਰ ਇਸ ਸਾਲ ਅਗਸਤ 'ਚ 41 ਹਜ਼ਾਰ 540 ਭਾਰਤੀ ਵਿਦਿਆਰਥੀ ਵੀਜ਼ਾ (F ਅਤੇ M ਸ਼੍ਰੇਣੀਆਂ) 'ਤੇ ਅਮਰੀਕਾ ਪਹੁੰਚੇ। ਇਹ ਗਿਣਤੀ 2020 ਤੋਂ ਬਾਅਦ ਸਭ ਤੋਂ ਘੱਟ ਹੈ ਜਦੋਂ ਮਹਾਂਮਾਰੀ ਕਾਰਨ ਯਾਤਰਾ ਪਾਬੰਦੀਆਂ ਲਾਗੂ ਸਨ। 2021 'ਚ ਸਟੂਡੈਂਟ ਵੀਜ਼ਾ 'ਤੇ 56 ਹਜ਼ਾਰ ਤੋਂ ਵੱਧ ਭਾਰਤੀ ਆਏ ਜੋ 2022 'ਚ ਵੱਧ ਕੇ 80 ਹਜ਼ਾਰ 486 ਅਤੇ 2023 'ਚ 93 ਹਜ਼ਾਰ 833 ਹੋ ਗਏ। ਅਗਸਤ 2024 'ਚ ਇਹ ਗਿਣਤੀ ਘੱਟ ਕੇ 74 ਹਜ਼ਾਰ 825 ਹੋ ਗਈ ਸੀ।

ਮਹਾਂਮਾਰੀ ਤੋਂ ਪਹਿਲਾਂ ਰਾਸ਼ਟਰਪਤੀ ਡੌਨਲਡ ਟਰੰਪ ਦੇ ਪਹਿਲੇ ਕਾਰਜਕਾਲ ਭਾਵ ਪਹਿਲੇ ਸਾਲ ਅਗਸਤ 2017 'ਚ ਭਾਰਤੀ ਵਿਦਿਆਰਥੀਆਂ ਦੀ ਆਮਦ ਘਟ ਕੇ 41 ਹਜ਼ਾਰ 192 ਹੋ ਗਈ ਸੀ ਅਤੇ 2018 ਅਤੇ 2019 'ਚ ਇਹ ਲਗਭਗ 41 ਹਜ਼ਾਰ ਰਹੀ। ਮਹਾਂਮਾਰੀ ਤੋਂ ਪਹਿਲਾਂ ਓਬਾਮਾ ਪ੍ਰਸ਼ਾਸਨ ਦੇ ਦੂਜੇ



ਕਾਰਜ ਕਾਲ ਦੇ ਆਖਰੀ ਦੋ ਸਾਲਾਂ 'ਚ ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦੀ ਆਮਦ ਇਸ ਅਗਸਤ ਦੇ ਮੁਕਾਬਲੇ ਵੱਧ ਸੀ। ਪਿਛਲੇ ਸਾਲਾਂ ਦੇ ਅੰਕੜੇ ਦਰਸਾਉਂਦੇ ਹਨ ਕਿ ਅਗਸਤ/ਸਤੰਬਰ 'ਚ ਸ਼ੁਰੂ ਹੋਣ ਵਾਲੇ ਸਮੈਸਟਰ ਦੇ ਨਾਲ ਸਟੂਡੈਂਟ ਵੀਜ਼ਾ 'ਤੇ ਆਮਦ ਆਮ ਤੌਰ 'ਤੇ ਅਗਸਤ 'ਚ ਸਿਖ਼ਰ 'ਤੇ ਹੁੰਦੀ ਹੈ।

ਗਿਣਤੀ 'ਚ ਇਹ ਗਿਰਾਵਟ ਟਰੰਪ ਪ੍ਰਸ਼ਾਸਨ ਵਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਕੀਤੀ ਗਈ ਸਖ਼ਤ ਕਾਰਵਾਈ ਤੋਂ ਬਾਅਦ ਆਈ ਹੈ। ਪ੍ਰਸ਼ਾਸਨ ਨੇ ਫ਼ਿਲਸਤੀਨ ਪੱਖੀ ਪ੍ਰਦਰਸ਼ਨਾਂ ਨਾਲ ਜੁੜੇ ਵਿਦਿਆਰਥੀਆਂ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਕਾਰਵਾਈਆਂ 'ਚ ਸ਼ਾਮਿਲ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ। ਮਈ-ਜੂਨ 'ਚ ਕੁਝ ਹਫ਼ਤਿਆਂ ਲਈ ਇਸ ਨੇ ਬਿਨੈਕਾਰਾਂ ਦੀਆਂ ਸੋਸ਼ਲ ਮੀਡੀਆ ਗਤੀਵਿਧੀਆਂ ਦੀ ਸਖ਼ਤੀ ਨਾਲ ਜਾਂਚ ਕਰਨ ਲਈ ਵਿਦਿਆਰਥੀ ਵੀਜ਼ਾ ਬਿਨੈਕਾਰਾਂ ਦੇ ਇੰਟਰਵਿਊ ਵੀ ਮੁਅੱਤਲ ਕਰ ਦਿੱਤੇ ਸਨ। ਇਸ ਤੋਂ ਬਾਅਦ ਅਮਰੀਕੀ ਦੂਤਘਰਾਂ ਨੇ ਵਿਦਿਆਰਥੀ ਵੀਜ਼ਾ ਬਿਨੈਕਾਰਾਂ ਨੂੰ ਆਪਣੇ ਸੋਸ਼ਲ ਮੀਡੀਆ ਖਾਤਿਆਂ ਨੂੰ ਜਨਤਕ ਕਰਨ ਲਈ ਕਿਹਾ।

# ਜਾਪਾਨ ਦੀ .ਗ੍ਰੀਨ ਟੀ ਦੇ ਕ੍ਰੇਜ਼ ਕਾਰਨ ਵਧੀ 75% ਵਿਕਰੀ

**ਟੋਕਿਓ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੁਨੀਆਂ ਭਰ 'ਚ ਜਾਪਾਨ ਦੀ ਗ੍ਰੀਨ ਟੀ ਮਾਚਾ ਦੀ ਮੰਗ 'ਚ ਭਾਰੀ ਵਾਧਾ ਦੇਖਣ ਨੂੰ ਮਿਲਿਆ ਹੈ। ਪਿਛਲੇ ਸਾਲ ਇਸ ਦੇ ਨਿਰਯਾਤ 'ਚ 75% ਵਾਧਾ ਦੇਖਣ ਨੂੰ ਮਿਲਿਆ ਹੈ। ਜ਼ਿਕਰਯੋਗ ਹੈ ਕਿ ਮਾਚਾ ਦੇ ਕ੍ਰੇਜ਼ 'ਚ ਕੋਵਿਡ-19 ਤੋਂ ਬਾਅਦ ਭਾਰੀ ਵਾਧਾ ਦੇਖਣ ਨੂੰ ਮਿਲਿਆ ਹੈ। ਇਸ ਦੇ ਕ੍ਰੇਜ਼ ਦਾ ਇਸ ਗੱਲ ਤੋਂ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਾਪਾਨ ਦੇ ਕਿਓਟੋ ਨੇੜੇ ਉਜੀ 'ਚ ਨਾਕਾਮੁਰਾ ਟੋਕੀਚੀ ਹੋਂਟੇਨ ਟੀਹਾਊਸ ਦੇ ਬਾਹਰ ਸਵੇਰੇ ਤੜਕੇ ਲੰਬੀਆਂ ਕਤਾਰਾਂ ਲੱਗ ਜਾਂਦੀਆਂ ਹਨ।

ਹਰੇਕ ਗਾਹਕ ਨੂੰ ਮਾਚਾ ਪਾਊਡਰ ਦਾ ਸਿਰਫ਼ ਇੱਕ ਛੋਟਾ ਡੱਬਾ ਖ਼ਰੀਦਣ ਦੀ ਇਜਾਜ਼ਤ ਹੈ। ਸੰਯੁਕਤ ਰਾਜ, ਥਾਇਲੈਂਡ, ਨੈਦਰਲੈਂਡਜ਼, ਚੀਨ, ਗ੍ਰੀਸ ਅਤੇ ਅਰਜਨਟੀਨਾ ਵਰਗੇ ਦੇਸ਼ਾਂ ਦੇ ਲੋਕ ਕਤਾਰ 'ਚ ਸ਼ਾਮਿਲ ਹੁੰਦੇ ਹਨ। ਮਾਚਾ ਪ੍ਰੇਮੀ ਮਹੀਨੇ ਪਹਿਲਾਂ ਹੀ ਉਜੀ ਪਹੁੰਚ ਜਾਂਦੇ ਹਨ। ਸਟੋਰਾਂ ਕੋਲ ਸੀਮਿਤ ਸਟੌਕ ਹੁੰਦਾ ਹੈ ਜੋ ਇੱਕ ਘੰਟੇ ਦੇ ਅੰਦਰ ਖ਼ਤਮ ਹੋ ਜਾਂਦਾ ਹੈ। ਇਹ ਵਿਸ਼ਵ ਪੱਧਰ 'ਤੇ ਮਾਚਾ ਦੀ ਵਧਦੀ ਪ੍ਰਸਿੱਧੀ ਦਾ ਸੰਕੇਤ ਹੈ।

ਚਾਹ ਕਿਸਾਨਾਂ ਦਾ ਕਹਿਣਾ ਹੈ ਕਿ ਉਸ ਨੂੰ ਦੁਨੀਆਂ ਭਰ ਦੇ ਵਪਾਰੀਆਂ, ਕੈਫ਼ੇ ਅਤੇ ਪ੍ਰਚੂਨ ਵਿਕਰੇਤਾਵਾਂ ਤੋਂ ਇਸ ਹਰੇ ਪਾਊਡਰ ਲਈ ਭਾਰੀ ਆਰਡਰ ਮਿਲ ਰਹੇ ਹਨ।

# ਭੈਣ ਨੂੰ ਮਿਲ ਕੇ ਘਰ ਜਾ ਰਹੇ ਨੌਜਵਾਨ ਦੀ ਸੜਕ ਹਾਦਸੇ ’ਚ ਮੌਤ, ਛਾਈ ਸੋਗ ਦੀ ਲਹਿਰ

**ਭਾਦਸੋਂ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਭਾਦਸੋਂ ਅਧੀਨ ਆਉਂਦੇ ਪਿੰਡ ਜਾਤੀਵਾਲ ਨੇੜੇ ਆਵਾਰਾ ਪਸ਼ੂ ਕਾਰਨ ਸੜਕ ਹਾਦਸੇ ਵਿਚ ਇਕ ਨੌਜਵਾਨ (32) ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਮੁਤਾਬਕ ਜਗਤਾਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਚਹਿਲ ਆਪਣੀ ਭੈਣ ਨੂੰ ਮਿਲ ਕੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਟਿਆਲੇ ਤੋਂ ਵਾਪਸ ਆਪਣੇ ਪਿੰਡ ਚਹਿਲ ਆ ਰਿਹਾ ਸੀ ਤਾਂ ਜਾਤੀਵਾਲ ਨੇੜੇ ਇਕ ਆਵਾਰਾ ਪਸ਼ੂ (ਗਊ) ਦੇ ਅੱਗੇ ਆ ਜਾਣ ਕਾਰਨ ਮੋਟਰਸਾਈਕਲ ਸਵਾਰ ਜਗਤਾਰ ਸਿੰਘ ਆਪਣਾ ਸੰਤੁਲਨ ਖੋਂਦੇ ਹੋਏ ਬਿਜਲੀ ਦੇ ਖੰਭੇ ਵਿਚ ਜਾ ਲੱਗਾ ਅਤੇ ਉਸ ਦੀ ਲੱਤ ਟੁੱਟ ਗਈ ਤੇ ਸਿਰ ਪਾਟ ਗਿਆ, ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਥਾਣਾ ਭਾਦਸੋਂ ਦੇ ਮੁਲਾਜ਼ਮਾਂ ਵੱਲੋਂ ਕਾਰਵਾਈ ਕਰਦੇ ਹੋਏ ਮ੍ਰਿਤਕ ਦੀ ਲਾਸ਼ ਪੋਸਟਮਾਰਟਮ ਲਈ ਨਾਭਾ ਵਿਖੇ ਭੇਜ ਦਿੱਤੀ ਅਤੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ।



ਪਰਾਲੀ ਨੂੰ ਖੇਤਾਂ ਵਿਚ ਸਾੜੇ ਜਾਣ ਦੇ ਵਰਤਾਰਾ ਨੂੰ ਸਿਰਫ਼ ਕਾਨੂੰਨੀ ਸਖ਼ਤੀ ਨਾਲ ਨਹੀਂ ਰੋਕਿਆ ਜਾ ਸਕਦਾ। ਕਿਸਾਨ ਨੂੰ ਇਸ ਦੇ ਬਦਲ ਚਾਹੀਦੇ ਹਨ। ਇਸ ਦੇ ਲਈ ਹੱਥੀਂ ਵਾਢੀ ਕਰਨ, ਪਰਾਲੀ ਦੀ ਸਨਅਤੀ ਵਰਤੋਂ, ਬਿਜਲੀ ਉਤਪਾਦਨ, ਗੱਤੇ ਦੇ ਨਿਰਮਾਣ ਵਰਗੀਆਂ ਵਿਗਿਆਨਕ ਤਕਨੀਕਾਂ ਨੂੰ ਅਪਨਾਉਣ ਦੀ ਲੋੜ ਹੈ...





# ਪਰਾਲੀ ਦੀ ਸੰਭਾਲ ਲਈ ਸਾਂਝੇ ਯਤਨਾਂ ਦੀ ਲੋੜ



• ਡਾ. ਰਣਜੀਤ ਸਿੰਘ
94170-87328

ਪੰਜਾਬ 'ਚ ਪਰਾਲੀ ਸੰਭਾਲਣ ਦੀ ਸਮੱਸਿਆ ਗੰਭੀਰ ਬਣੀ ਹੋਈ ਹੈ। ਕਾਨੂੰਨੀ ਸਖ਼ਤੀ ਦੇ ਬਾਵਜੂਦ ਕਿਸਾਨ ਪਰਾਲੀ ਨੂੰ ਅੱਗ ਲਗਾਉਣ ਲਈ ਮਜਬੂਰ ਹਨ। ਇਹ ਸਮੱਸਿਆ ਕਿਸਾਨਾਂ ਨੂੰ ਜੁਰਮਾਨਾ ਕਰ ਕੇ ਨਹੀਂ ਸੁਲਝਾਈ ਜਾ ਸਕਦੀ। ਇਸ ਦਾ ਸਥਾਈ ਹੱਲ ਲੱਭੇ ਜਾਣ ਦੀ ਲੋੜ ਹੈ।

## ਖੇਤੀ ਮਸ਼ੀਨਰੀ ਨੇ ਵਧਾਈ ਸਮੱਸਿਆ

ਪਰਾਲੀ ਦੀ ਸਮਸਿਆ ਪੰਜਾਬ ਵਿਚ ਖੇਤੀ ਦੇ ਸੰਪੂਰਨ ਮਸ਼ੀਨੀਕਰਨ ਕਰਕੇ ਹੋਈ ਹੈ। ਜਦੋਂ ਡੰਗਰਾਂ ਨਾਲ ਖੇਤੀ ਹੁੰਦੀ ਸੀ ਤਾਂ ਪਰਾਲੀ ਨੂੰ ਹਰੇ ਚਾਰੇ ਵਿਚ ਕੁਤਰ ਕੇ ਸਿਆਲ ਦੇ ਦਿਨਾਂ ਵਿਚ ਪਸ਼ੂਆਂ ਨੂੰ ਚਾਰਿਆ ਜਾਂਦਾ ਸੀ। ਜਦ ਤੋਂ ਝੋਨੇ ਦੀ ਕਟਾਈ ਕੰਬਾਈਨਾਂ ਨਾਲ ਹੋਣ ਲੱਗੀ ਹੈ, ਮਸਲਾ ਗੰਭੀਰ ਹੋ ਗਿਆ ਹੈ। ਹੱਥੀਂ ਵੱਢੀ ਫ਼ਸਲ ਦੀ ਖੇਤਾਂ ਤੋਂ ਬਾਹਰ ਝੜਾਈ ਕੀਤੀ ਜਾਂਦੀ ਹੈ। ਇੰਜ ਪਰਾਲੀ ਖੇਤ 'ਚ ਨਹੀਂ ਸੀ ਰਹਿੰਦੀ। ਪਰਾਲੀ ਨੂੰ ਖੇਤ 'ਚੋਂ ਬਾਹਰ ਕੱਢਣ ਦਾ ਇਕ ਹਲ ਹੈ ਕਿ ਕੰਬਾਈਨ 'ਚ ਤਬਦੀਲੀਆਂ ਕੀਤੀਆਂ ਜਾਣ। ਅਸਲ 'ਚ ਅਸੀਂ ਵਿਦੇਸ਼ਾਂ ਤੋਂ ਮਸ਼ੀਨਾਂ ਮੰਗਵਾ ਕੇ ਉਨ੍ਹਾਂ ਦੀ ਨਕਲ ਕਰਨ 'ਚ ਰੁੱਝੇ ਹਾਂ। ਅਪਣੀ ਲੋੜ ਅਨੁਸਾਰ ਮਸ਼ੀਨਾਂ ਬਣਾਉਣ ਵੱਲ ਅਸੀਂ ਧਿਆਨ ਨਹੀਂ ਦਿੱਤਾ। ਝੋਨੇ ਦੀ ਵਾਢੀ ਤੋਂ ਬਾਅਦ 15 ਦਿਨ ਦੇ ਅੰਦਰਕਣਕ ਦੀ ਬਿਜਾਈ ਕਰਨੀ ਹੁੰਦੀ ਹੈ। ਖੇਤੀ ਮਸ਼ੀਨਰੀ ਦੇ ਮਾਹਿਰਾਂ ਨੂੰ ਚਾਹੀਦਾ ਹੈ ਕਿ ਸੂਬੇ 'ਚ ਕੰਬਾਈਨ ਬਣਾਉਣ ਵਾਲੀਆਂ ਕੰਪਨੀਆਂ ਨਾਲ ਮਿਲ ਕੇ ਮਸ਼ੀਨ 'ਚ ਲੋੜੀਦੀਆਂ ਤਬਦੀਲੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇ। ਜੇ ਕੰਬਾਈਨ ਫ਼ਸਲ ਦੀ ਕਟਾਈ ਧਰਤੀ ਦੇ ਨੇੜਿਉਂ ਕਰੇ ਤੇ ਪਰਾਲੀ ਨੂੰ ਬਾਹਰ ਸੁੱਟਣ ਦੀ ਥਾਂ ਟਰਾਲੀ 'ਚ ਪਾਈ ਜਾਵੇ ਤਾਂ ਇਸ ਮਸਲੇ ਨੂੰ ਹੱਲ ਕੀਤਾ ਜਾ ਸਕਦਾ ਹੈ। ਇਹ ਕਾਰਜ ਏਨਾਂ ਔਖਾ ਨਹੀਂ ਹੈ ਕਿ ਕੀਤਾ ਨਾ ਜਾ ਸਕੇ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਇਸ ਖੋਜ ਲਈ ਵਿੱਤੀ ਸਹਾਇਤਾ ਦੇਵੇ।

## ਸਹਿਕਾਰੀ ਸੁਸਾਇਟੀਆਂ ਦੀ ਭੂਮਿਕਾ

ਪਰਾਲੀ ਦੀ ਸਮੱਸਿਆ ਛੋਟੇ ਕਿਸਾਨਾਂ ਨੂੰ ਵਧੇਰੇ ਹੈ। ਪਰਾਲੀ ਨਾਲ ਭਰੇ ਖੇਤ ਦੀ ਵਹਾਈ ਲਈ ਉਲਟਾਵਾਂ ਹਲ ਚਾਹੀਦਾ ਹੈ, ਜਿਸ ਲਈ ਵਧੇਰੇ ਤਾਕਤ ਵਾਲੇ ਟ੍ਰੈਕਟਰ ਦੀ ਲੋੜ ਪੈਂਦੀ ਹੈ। ਇਹ ਵੀ ਸਿਫ਼ਾਰਸ਼ ਕੀਤੀ ਗਈ ਹੈ ਕਿ ਬਿਨਾਂ ਵਹਾਈ 'ਹੈਪੀ ਸੀਡਰ' ਨਾਲ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਇਹ ਮਸ਼ੀਨ ਹਰ ਕਿਸਾਨ ਵਾਸਤੇ ਖ਼ਰੀਦਣੀ ਸੰਭਵ ਨਹੀਂ ਹੈ। ਖੇਤ 'ਚੋਂ ਪਰਾਲੀ ਨੂੰ ਇਕਠਾ ਕਰਨ ਲਈ 'ਬੇਲਰ' ਮਸ਼ੀਨ ਵੀ ਬਣਾਈ ਗਈ ਹੈ, ਜੋ ਪਰਾਲੀ ਨੂੰ ਇਕੱਠਾ ਕਰ ਕੇ ਗੱਠਾਂ ਤਿਆਰ ਕਰਦੀ ਹੈ। ਇਹ ਮਸ਼ੀਨ ਵੀ ਆਮ ਕਿਸਾਨ ਨਹੀਂ ਖ਼ਰੀਦ ਸਕਦਾ। ਇਸੇ ਤਰ੍ਹਾਂ ਪਰਾਲੀ ਦੀ ਨਿਪਟਾਰੇ ਲਈ 'ਚੋਪਰ' ਨਾਂ ਦੀ ਇਕ ਹੋਰ ਮਸ਼ੀਨ ਹੈ। ਇਹ ਮਸ਼ੀਨ ਪਰਾਲੀ ਦਾ ਕੁਤਰਾ ਕਰ ਕੇ ਖੇਤ 'ਚ ਖਿਲਾਰ ਦਿੰਦੀ ਹੈ। ਇਹ ਤਿੰਨੇ ਮਸ਼ੀਨਾਂ ਕਿਸਾਨਾਂ ਨੂੰ ਖ਼ਰੀਦਣ ਦੀ ਸਿਫ਼ਾਰਸ਼ ਨਹੀਂ ਕਰਨੀ ਚਾਹੀਦੀ। ਪੰਜਾਬ ਦੇ ਲਗਪਗ ਹਰ ਪਿੰਡ 'ਚ ਸਹਿਕਾਰੀ ਸੁਸਾਇਟੀ ਹੈ। ਇਨ੍ਹਾਂ ਮਸ਼ੀਨਾਂ ਦੀ ਖ਼ਰੀਦ ਲਈ ਪਿੰਡਾਂ ਦੀਆਂ ਸੁਸਾਇਟੀਆਂ ਨੂੰ ਉਤਸ਼ਾਹਿਤ ਕੀਤਾ ਜਾਵੇ। ਕਿਸਾਨਾਂ ਨੂੰ ਮਸ਼ੀਨਾਂ ਦੀ ਖ਼ਰੀਦ ਲਈ ਦਿੱਤੀ ਜਾ ਰਹੀ ਸਬਸਿਡੀ ਬੰਦ ਕੀਤੀ ਜਾਵੇ ਤੇ ਇਸ ਪੈਸੇ ਨਾਲ ਸੁਸਾਇਟੀਆਂ ਨੂੰ ਘੱਟ ਕੀਮਤ 'ਤੇ ਮਸ਼ੀਨਾਂ ਦਿੱਤੀਆਂ ਜਾਣ। ਪਿੰਡ ਦੀ ਪੰਚਾਇਤ ਇਹ ਜ਼ਿੰਮੇਵਾਰੀ ਲਵੇ ਕਿ ਮਨਰੇਗਾ ਸਕੀਮ ਅਧੀਨ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਕਰ ਕੇ ਪਰਾਲੀ ਨੂੰ ਇਕੱਠਾ ਕੀਤਾ ਜਾਵੇ। ਪੰਜਾਬ ਵਿਚ ਮਨਰੇਗਾ ਸਕੀਮ ਦੀ ਇਹ ਸਭ ਤੋਂ ਵਧੀਆ ਵਰਤੋਂ ਹੋਵੇਗੀ।

### ਦੋ ਧਿਰੀ ਖੋਜ ਦੀ ਲੋੜ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪਰਾਲੀ ਨਾਲ ਸਬੰਧੀ ਦੋ-ਧਿਰੀ ਖੋਜ ਸ਼ੁਰੂ ਕਰਨ ਦੀ ਲੋੜ ਹੈ। ਪਹਿਲੀ ਖੋਜ ਕੰਬਾਈਨ ਵਿਚ ਸੋਧ ਕਰਨ ਸਬੰਧੀ ਹੈ। ਕੰਬਾਈਨ ਨੂੰ ਅਜਿਹਾ ਬਣਾਇਆ ਜਾਵੇ ਜਿਹੜੀ ਫ਼ਸਲ ਦੀ ਕਟਾਈ ਧਰਤੀ ਦੇ ਨਾਲੋਂ ਕਰੇ ਅਤੇ ਉਸ ਨਾਲ ਇਕ ਟਰਾਲੀ ਲਗਾਈ ਜਾਵੇ, ਜਿਹੜੀ ਦਾਣੇ ਕੱਢਣ ਪਿੱਛੋਂ ਪਰਾਲੀ ਨੂੰ ਖੇਤ ਵਿਚ ਸੁਟਣ ਦੀ ਥਾਂ ਟਰਾਲੀ ਵਿਚ ਸੁੱਟੇ। ਮਸ਼ੀਨੀ ਖੋਜ ਦੇ ਨਾਲ-ਨਾਲ ਅਜਿਹੇ ਬੈਕਟੀਰੀਆ ਜਾਂ ਮਾਈਕ੍ਰੋਬ ਲੱਭੇ ਜਾਣ, ਜਿਹੜੇ ਪਰਾਲੀ ਨੂੰ ਤੇਜ਼ੀ ਨਾਲ ਗਾਲ ਸਕਣ, ਤਾਂ ਕਿ ਫ਼ਸਲ ਦੀ ਕਟਾਈ ਤੋਂ ਬਾਅਦ ਬੈਕਟੀਰੀਆ ਦਾ ਖੇਤ 'ਚ ਛਿੜਕਾ ਕੀਤਾ ਜਾਵੇ ਤੇ ਕੁਝ ਦਿਨਾਂ ਵਿਚ ਨਾੜ ਤੇ ਪਰਾਲੀ ਗਲਣੀ ਸ਼ੁਰੂ ਹੋ ਜਾਵੇ। ਗਲੀ ਹੋਈ ਇਸ ਪਰਾਲੀ ਨੂੰ ਬਾਅਦ ਵਿਚ ਟ੍ਰੈਕਟਰ ਨਾਲ ਮਿਟੀ ਵਿਚ ਰਲਾਇਆ ਜਾ ਸਕੇ।

## ਸਨਅਤੀ ਖੇਤਰ ਤੇ ਪਰਾਲੀ

ਬਿਜਲੀ ਵਿਭਾਗ ਵੱਲੋਂ ਪਰਾਲੀ ਦੀ ਵਰਤੋਂ ਬਿਜਲੀ ਬਣਾਉਣ ਲਈ ਸ਼ੁਰੂ ਕੀਤੀ ਗਈ ਸੀ। ਸਰਕਾਰ ਇਸ ਸਿਲਸਿਲੇ ਨੂੰ ਉਤਸ਼ਾਹਿਤ ਕਰੇ। ਇਸੇ ਤਰ੍ਹਾਂ ਪਰਾਲੀ ਦੀ ਵਰਤੋਂ ਗੱਤਾ ਬਣਾਉਣ ਲਈ ਵੀ ਕੀਤੀ ਗਈ ਸੀ। ਸਰਕਾਰ ਅਜੇਹੇ ਯੂਨਿਟਾਂ ਨੂੰ ਸਥਾਪਿਤ ਕਰਨ ਲਈ ਰਿਆਇਤਾਂ ਦੇਵੇ, ਜਿਹੜੇ ਪਰਾਲੀ ਦੀ ਵਰਤੋਂ ਗੱਤਾ ਬਣਾਉਣ ਲਈ ਕਰਦੇ ਹੋਣ। ਪਿੰਡ ਪੱਧਰ 'ਤੇ ਇਕੱਠੀ ਕੀਤੀ ਗਈ ਪਰਾਲੀ ਨੂੰ ਇਨ੍ਹਾਂ ਦੋਵਾਂ ਕੰਮਾਂ ਲਈ ਵਰਤਿਆ ਜਾਵੇ। ਭੱਠਾ ਮਾਲਕ ਵੀ ਪਰਾਲੀ ਦੀ ਵਰਤੋਂ ਭੱਠਿਆਂ ਵਿਚ ਬਾਲਣ ਦੇ ਤੌਰ 'ਤੇ ਕਰ ਸਕਦੇ ਹਨ। ਫ਼ਸਲ ਬੀਜਣ ਪਿੱਛੋਂ ਜੇ ਖੇਤ ਦੇ ਖਾਲੀ ਹਿੱਸਿਆਂ 'ਚ ਪਰਾਲੀ ਖਲਾਰ ਦਿਤੀ ਜਾਵੇ ਤਾਂ ਨਦੀਨਾਂ ਦੀ ਰੋਕਥਾਮ ਹੁੰਦੀ ਹੈ ਤੇ ਪਾਣੀ ਦੀ ਬੱਚਤ ਵੀ ਹੁੰਦੀ ਹੈ। ਸਰਦੀਆਂ 'ਚ ਡੰਗਰਾਂ ਹੇਠ ਪਰਾਲੀ ਨੂੰ ਸੁੱਕ ਦੇ ਰੂਪ 'ਚ ਵਰਤਿਆ ਜਾ ਸਕਦਾ ਹੈ। ਸਨਅਤੀ ਖੋਜ ਨੂੰ ਵੀ ਇਸ ਸਬੰਧੀ ਗੰਭੀਰ ਉਪਰਾਲੇ ਕਰਨੇ ਚਾਹੀਦੇ ਹਨ ਕਿ ਪਰਾਲੀ ਦੀ ਸਨਅਤ ਵਿਚ ਸੁਚੱਜੀ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ।

## ਹੱਥੀਂ ਵਾਢੀ ਕਰਨ ਨੂੰ ਕੀਤਾ ਜਾਵੇ ਉਤਸ਼ਾਹਿਤ

ਸਹਾਇਕ ਧੰਦਿਆਂ ਵਿੱਚੋਂ ਖੁੰਭਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਖੇਤੀ ਮਾਹਿਰਾਂ ਨੂੰ ਇਸ ਸਬੰਧੀ ਕਿਸਾਨਾਂ ਨੂੰ ਸਿਖਲਾਈ ਦੇਣੀ ਚਾਹੀਦੀ ਹੈ ਤਾਂ ਜੋ ਪਿੰਡ ਵਾਸੀ ਘਰਾਂ 'ਚ ਪਰਾਲੀ ਉੱਪਰ ਖੁੰਭਾਂ ਪੈਦਾ ਕਰ ਸਕਣ। ਇਸ ਨਾਲ ਪਰਾਲੀ ਦੀ ਸੁਚੱਜੀ ਵਰਤੋਂ ਵੀ ਹੋਵੇਗੀ ਤੇ ਕਿਸਾਨਾਂ ਦੀ ਆਮਦਨੀ ਨੂੰ ਵੀ ਹੁਲਾਰਾ ਮਿਲੇਗਾ ਅਤੇ ਲੋਕਾਂ ਨੂੰ ਪੌਸ਼ਟਿਕ ਖ਼ੁਰਾਕ ਪ੍ਰਾਪਤ ਹੋਵੇਗੀ। ਇਸ ਤੋਂ ਇਲਾਵਾ ਛੋਟੇ ਕਿਸਾਨਾਂ ਨੂੰ ਝੋਨੇ ਦੀ ਹੱਥੀਂ ਵਾਢੀ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਕੰਬਾਈਨ ਨਾਲ ਵਾਢੀ ਤੇ ਹੱਥ ਨਾਲ ਵਾਢੀ ਵਿਚਲੇ ਖ਼ਰਚੇ ਦੇ ਫ਼ਰਕ ਦਾ ਕੁਝ ਹਿੱਸਾ ਸਰਕਾਰ ਵੱਲੋਂ ਮਨਰੇਗਾ ਸਕੀਮ ਜਾਂ ਬੀਜ ਸਬਸਿਡੀ ਵਾਲੇ ਪੈਸੇ ਨਾਲ ਪੂਰਾ ਕੀਤਾ ਜਾਵੇ। ਇੰਜ ਪਰਾਲੀ ਵੀ ਇਕ ਥਾਂ ਇਕੱਠੀ ਹੋ ਜਾਵੇਗੀ ਤੇ ਪਿੰਡਾਂ 'ਚ ਖੇਤ ਮਜ਼ਦੂਰਾਂ ਨੂੰ ਰੁਜ਼ਗਾਰ ਵੀ ਮਿਲੇਗਾ। ਕੰਬਾਈਨਾਂ ਦੀ ਵਰਤੋਂ ਨਾਲ ਖੇਤ ਮਜ਼ਦੂਰ ਵਿਹਲੇ ਹੋ ਗਏ ਹਨ ਤੇ ਇਹ ਆਪਣੇ ਆਪ 'ਚ ਇਕ ਵੱਡੀ ਸਮੱਸਿਆ ਬਣਦੀ ਜਾ ਰਹੀ ਹੈ। ਹੱਥੀਂ ਵੱਢੀ ਹੋਈ ਪਰਾਲੀ ਨੂੰ ਗੱਤਾ ਬਣਾਉਣ ਵਾਲੀਆਂ ਸਨਅਤੀ ਇਕਾਈਆਂ ਵੀ ਆਸਾਨੀ ਨਾਲ ਖ਼ਰੀਦ ਲੈਂਦੀਆਂ ਹਨ।

## ਉਪਰਾਲੇ

ਪਰਾਲੀ ਨੂੰ ਸਾੜਨ ਨਾਲ ਜਿੱਥੇ ਖੇਤਾਂ ਦੀ ਉਪਜਾਊ ਸ਼ਕਤੀ ਘਟਦੀ ਹੈ ਉੱਥੇ ਮਿੱਤਰ ਕੀੜੇ ਅੱਗ 'ਚ ਸੜ ਕੇ ਮਾਰੇ ਜਾਂਦੇ ਹਨ, ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਿਮਾਰੀਆਂ 'ਚ ਵਾਧਾ ਹੁੰਦਾ ਹੈ, ਸੜਕਾਂ ਕਿਨਾਰੇ ਲੱਗੇ ਰੁੱਖ ਸੜ ਕੇ ਖ਼ਤਮ ਹੋ ਜਾਂਦੇ ਹਨ, ਗੱਡੀ ਚਾਲਕਾਂ ਦੀ ਵੇਖਣ ਦੀ ਹੱਦ ਘਟਣ ਕਾਰਨ ਸੜਕ ਹਾਦਸੇ ਵਾਪਰਦੇ ਹਨ। ਜੇ ਪਰਾਲੀ ਦੀ ਠੀਕ ਢੰਗ ਨਾਲ ਸਾਂਭ-ਸੰਭਾਲ ਕੀਤੀ ਜਾਵੇ ਤਾਂ ਧਰਤੀ ਦੀ ਸਿਹਤ ਚੰਗੀ ਬਣ ਸਕਦੀ ਹੈ, ਪ੍ਰਦੂਸ਼ਣ ਨੂੰ ਰੋਕਿਆ ਜਾ ਸਕਦਾ ਹੈ ਤੇ ਆਮਦਨੀ ਵਿਚ ਵੀ ਵਾਧਾ ਕੀਤਾ ਜਾ ਸਕਦਾ ਹੈ। ਪਰਾਲੀ ਦੀ ਸਮਸਿਆ ਦੇ ਹੱਲ ਲਈ ਕਿਸਾਨਾਂ, ਸਰਕਾਰ ਤੇ ਖੋਜ ਅਦਾਰਿਆਂ ਦੇ ਸਾਂਝੇ ਯਤਨਾਂ ਦੀ ਲੋੜ ਹੈ। ਸਥਿਤੀ ਦੀ ਨਾਜ਼ੁਕਤਾ ਦੇ ਨਾਲ-ਨਾਲ ਕਿਸਾਨਾਂ ਦੀ ਮਜਬੂਰੀ ਨੂੰ ਵੀ ਸਮਝਿਆ ਜਾਵੇ। ਕਾਨੂੰਨ ਦੀ ਮਦਦ ਨਾਲ ਕਿਸਾਨਾਂ ਨੂੰ ਸਜ਼ਾ ਦੇਣ ਨਾਲ ਇਹ ਮਸਲਾ ਹੱਲ ਨਹੀਂ ਹੋ ਸਕਦਾ।

ਜੇ ਸਾਂਝੇ ਯਤਨ ਕੀਤੇ ਜਾਣ ਤਾਂ ਇਹ ਕੋਈ ਬਹੁਤ ਵੱਡੀ ਸਮੱਸਿਆ ਨਹੀਂ ਹੈ ਕਿ ਇਸ ਦਾ ਹੱਲ ਨਾ ਕੱਢਿਆ ਜਾ ਸਕੇ। ਪੰਜਾਬ ਖੇਤੀਬਾੜੀ ਵਿਭਾਗ, ਪ੍ਰਦੂਸ਼ਣ ਕੰਟਰੋਲ ਬੋਰਡ, ਸਹਿਕਾਰੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਂਝੇ ਯਤਨਾਂ ਨਾਲ ਇਹ ਮਸਲਾ ਹੱਲ ਹੋ ਸਕਦਾ ਹੈ। ਲੋੜ ਸਾਰੀਆਂ ਧਿਰਾਂ ਵੱਲੋਂ ਸਾਂਝੇ ਤੌਰ 'ਤੇ ਯਤਨ ਕੀਤੇ ਜਾਣ ਦੀ ਹੈ। ਉਕਤ ਸਾਰੀਆਂ ਧਿਰਾਂ ਦੇ ਆਪਸੀ ਤਾਲਮੇਲ ਵਿਚ ਪੰਜਾਬ ਕਿਸਾਨ ਕਮਿਸ਼ਨ ਵੀ ਸੁਚੱਜੀ ਤੇ ਅਹਿਮ ਭੂਮਿਕਾ ਨਿਭਾਅ ਸਕਦਾ ਹੈ। ਸਾਨੂੰ ਆਪਣੀ ਇਹ ਆਦਤ ਬਦਲਨੀ ਪਵੇਗੀ ਕਿ ਅਸੀਂ ਭਵਿਖ 'ਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੇ ਆਗਾਊਂ ਹੱਲ ਲੱਭਣ ਦੀ ਥਾਂ ਉਦੋਂ ਯਤਨ ਕਰਦੇ ਹਾਂ ਜਦੋਂ ਸਮੱਸਿਆ ਗੰਭੀਰ ਰੂਪ ਲੈ ਲੈਂਦੀ ਹੈ। ਕਿਸਾਨ ਜਥੇਬੰਦੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਪਰਾਲੀ ਸਾੜਨ ਲਈ ਉਤਸ਼ਾਹਿਤ ਕਰਨ ਦੀ ਥਾਂ ਸਰਕਾਰ ਉੱਪਰ ਇਸ ਦਾ ਹੱਲ ਲੱਭਣ ਲਈ ਜ਼ੋਰ ਪਾਵੇ। ਇਸ ਤੋਂ ਇਲਾਵਾ ਪਿੰਡਾਂ ਦੀਆਂ ਪੰਚਾਇਤਾਂ ਪਰਾਲੀ ਨਾਲ ਸਾੜੇ ਜਾਣ 'ਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ ਪਰ ਇਸ ਦੇ ਲਈ ਸਰਕਾਰ ਵੱਲੋਂ ਉਨ੍ਹਾਂ ਨੂੰ ਵਿੱਤੀ ਵਸੀਲੇ ਮੁਹੱਈਆ ਕਰਵਾਏ ਜਾਣੇ ਬੇਹੱਦ ਲਾਜ਼ਮੀ ਹਨ। •



---

• ਕੁਲਦੀਪ ਸਿੰਘ,
ਧਨਵਿੰਦਰ ਸਿੰਘ

ਮਿੱਟੀ-ਪਾਣੀ ਦੀ ਪਰਖ ਰਿਪੋਰਟ ਪਹਿਲਾਂ ਸਿਰਫ਼ ਡਾਕ ਰਾਹੀਂ ਕਿਸਾਨਾਂ ਤਕ ਪਹੁੰਚਦੀ ਸੀ। ਜ਼ਮੀਨ ਅਤੇ ਪਾਣੀ ਵਿਚ ਲੋੜੀਂਦੇ ਤੱਤਾਂ ਦੀ ਮੌਜੂਦਗੀ ਬਾਰੇ ਹੁਣ ਇਹ ਰਿਪੋਰਟ ਕਿਸਾਨਾਂ ਨੂੰ ਇੰਟਰਨੈੱਟ ਜ਼ਰੀਏ ਮੁਹੱਈਆ ਕਰਵਾਏ ਜਾਣ ਨਾਲ ਖੇਤੀ ਸਹੂਲਤਾਂ ਵਿਚ ਹੋਰ ਵਾਧਾ ਹੋਇਆ ਹੈ...



# ਇੰਟਰਨੈੱਟ ਰਾਹੀਂ ਵੇਖੋ ਮਿੱਟੀ-ਪਾਣੀ ਦੀ ਪਰਖ ਦੇ ਨਤੀਜੇ



ਸੁਚੱਜੀ ਤੇ ਵਿਗਿਆਨਕ ਖੇਤੀ ਲਈ ਕਾਸ਼ਤਕਾਰ ਨੂੰ ਮਿੱਟੀ ਅਤੇ ਪਾਣੀ ਦੇ ਸੋਮਿਆਂ ਦੀ ਗੁਣਵੱਤਾ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਖੇਤੀ ਵਿਚ ਵਧੇਰੇ ਮੁਨਾਫ਼ੇ ਲਈ ਰਸਾਇਣਕ ਖਾਦਾਂ ਦੀ ਸੁਚੱਜੀ ਵਰਤੋਂ ਜ਼ਰੂਰੀ ਹੈ ਅਤੇ ਮਿੱਟੀ ਪਰਖ ਦੇ ਨਤੀਜੇ ਖਾਦਾਂ ਦੀ ਸੁਚੱਜੀ ਵਰਤੋਂ 'ਚ ਬਹੁਤ ਕਾਰਗਰ ਹਨ। ਮਿੱਟੀ ਵਿਚਲੇ ਖ਼ੁਰਾਕੀ ਤੱਤਾਂ ਦੀ ਮਾਤਰਾ ਤੇ ਮਿੱਟੀ ਦੇ ਗੁਣਾਂ ਬਾਰੇ ਜਾਣਕਾਰੀ ਨਾਲ ਕਿਸਾਨ ਖਾਦਾਂ ਦੀ ਸਹੀ ਵਰਤੋਂ ਕਰ ਸਕਦੇ ਹਨ। ਸਿੰਚਾਈ ਵਾਲੇ ਪਾਣੀ ਦੀ ਕੁਆਲਿਟੀ ਬਾਰੇ ਜਾਣਕਾਰੀ ਵੀ ਖੇਤੀ ਲਈ ਮਹੱਤਵਪੂਰਨ ਹੈ। ਘਣੀ ਖੇਤੀ ਵਿਚ ਇਕ ਫ਼ਸਲ ਦੀ ਕਟਾਈ ਤੋਂ ਬਾਅਦ ਦੂਸਰੀ ਫ਼ਸਲ ਬੀਜਣ ਤਕ ਕਿਸਾਨ ਕੋਲ ਅਕਸਰ ਸਮੇਂ ਦੀ ਘਾਟ ਹੁੰਦੀ ਹੈ। ਇਸ ਲਈ ਮਿੱਟੀ ਤੇ ਪਾਣੀ ਦੀ ਪਰਖ ਦੇ ਨਤੀਜੇ ਜਲਦੀ ਤੋਂ ਜਲਦੀ ਪ੍ਰਾਪਤ ਕਰਨ ਦੀ ਹਰ ਕਿਸਾਨ ਨੂੰ ਇੱਛਾ ਹੁੰਦੀ ਹੈ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਮਿੱਟੀ/ਪਾਣੀ ਦੀ ਪਰਖ ਦੇ ਕੰਮ ਨੂੰ ਸੁਚਾਰੂ ਬਣਾਉਣ ਲਈ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਚਲਾਈਆਂ ਜਾ ਰਹੀਆਂ ਹਨ। ਪਰਖ ਦੇ ਕੰਮ 'ਚ ਹੋਰ ਤੇਜ਼ੀ ਤੇ ਨਵੀਨਤਾ ਲਿਆਉਣ ਵਾਸਤੇ ਪੀਏਯੂ ਲੁਧਿਆਣਾ ਸਥਿਤ ਮਿੱਟੀ ਪਰਖ ਪ੍ਰਯੋਗਸ਼ਾਲਾ ਦੇ ਮਿੱਟੀ ਤੇ ਪਾਣੀ ਦੀ ਪਰਖ ਦੇ ਨਤੀਜੇ ਹੁਣ ਇੰਟਰਨੈਟ ਰਾਹੀਂ ਵੇਖੇ ਜਾ ਸਕਦੇ ਹਨ। ਇਸ ਤੋਂ ਪਹਿਲਾਂ ਮਿੱਟੀ/ਪਾਣੀ ਦੀ ਪਰਖ ਰਿਪੋਰਟ ਕੇਵਲ ਡਾਕ ਰਾਹੀਂ ਭੇਜੀ ਜਾਂਦੀ ਸੀ। ਕਿਸਾਨ ਇਹ ਰਿਪੋਰਟ ਪ੍ਰਯੋਗਸ਼ਾਲਾ ਤੋਂ ਦਸਤੀ ਵੀ ਪ੍ਰਾਪਤ ਕਰ ਸਕਦੇ ਹਨ ਪਰ ਆਮ ਹਾਲਤਾਂ ਵਿਚ ਡਾਕ ਰਾਹੀਂ ਭੇਜੀ ਗਈ ਰਿਪੋਰਟ ਕਿਸਾਨ ਤਕ 3 ਤੋਂ 6 ਦਿਨ ਵਿਚ ਜਾਂ ਇਸ ਤੋਂ ਵੀ ਵੱਧ ਸਮੇਂ ਵਿਚ ਪਹੁੰਚਦੀ ਹੈ ਅਤੇ ਕਦੇ-ਕਦੇ ਤਾਂ ਇਹ ਰਿਪੋਰਟ ਕਿਸਾਨ ਤਕ ਪਹੁੰਚਦੀ ਹੀ ਨਹੀਂ। ਇੰਟਰਨੈਟ ਨੇ ਇਸ ਕੰਮ ਨੂੰ ਬੇਹੱਦ ਸੌਖਾ ਕਰ ਦਿੱਤਾ ਹੈ। ਇਸ ਨਾਲ ਕਿਸਾਨ ਮਿੱਟੀ/ਪਾਣੀ ਦੀ ਪਰਖ ਰਿਪੋਰਟ ਘਰ ਬੈਠੇ ਹੀ ਆਪਣੇ ਕੰਪਿਊਟਰ ਜਾਂ ਮੋਬਾਈਲ 'ਤੇ ਦੇਖ ਸਕਦੇ ਹਨ। ਪ੍ਰਯੋਗਸ਼ਾਲਾ 'ਚ ਰਿਪੋਰਟ ਤਿਆਰ ਹੋਣ ਤੋਂ ਬਾਅਦ ਉਸ ਨੂੰ ਡਾਕ ਰਾਹੀਂ ਭੇਜਣ ਦੇ ਨਾਲ-ਨਾਲ ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਵੀ ਅਪਲੋਡ ਕਰ ਦਿੱਤਾ ਜਾਂਦਾ ਹੈ।

## ਨਤੀਜੇ ਦੇਖਣ ਦਾ ਤਰੀਕਾ

ਸਭ ਤੋਂ ਪਹਿਲਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੀ ਵੈੱਬਸਾਈਟ www.pau.edu ਖੋਲ੍ਹੋ। ਇਹ ਪੰਨਾ ਅੰਗਰੇਜ਼ੀ ਭਾਸ਼ਾ ਵਿਚ ਹੈ। ਇਸ ਤੋਂ ਬਾਅਦ ਯੂਨੀਵਰਸਿਟੀ ਦੇ 'ਹੋਮ ਪੇਜ਼', ਭਾਵ ਸ਼ੁਰੂ ਵਾਲੇ ਪੰਨੇ ਉੱਪਰ ਪੀਲੀ ਪੱਟੀ ਵਿਚ Soil and Water Testing ਆਈਕਨ (Icon) 'ਤੇ ਕਲਿੱਕ ਕਰੋ। ਇਸ ਨਾਲ ਭੂਮੀ ਵਿਗਿਆਨ ਵਿਭਾਗ ਦਾ ਮਿੱਟੀ ਜਾਂ ਪਾਣੀ ਪਰਖ ਰਿਪੋਰਟ ਦਾ ਮੁੱਖ ਪੰਨਾ ਖੁੱਲ੍ਹ ਜਾਵੇਗਾ। ਇਸ ਵਿਚ ਮਿੱਟੀ ਪਰਖ ਰਿਪੋਰਟ, ਪਾਣੀ ਪਰਖ ਰਿਪੋਰਟ ਜਾਂ ਲਘੂ ਤੱਤਾਂ ਦੀ ਰਿਪੋਰਟ ਪ੍ਰਾਪਤ ਕਰਨ ਵਾਸਤੇ ਕਿਸਾਨ ਨੂੰ ਰਸੀਦ ਨੰਬਰ ਭਰਨਾ ਪਵੇਗਾ। ਇਹ ਜਾਣਕਾਰੀ ਭਰਨ ਤੋਂ ਬਾਅਦ ਕਿਸਾਨ ਆਪਣੀ ਰਿਪੋਰਟ ਦੇਖ ਸਕਦੇ ਹਨ। ਜੇ ਤੁਸੀਂ ਇਕ ਤੋਂ ਵੱਧ ਨਮੂਨੇ ਪਰਖ ਲਈ ਦਿੱਤੇ ਹਨ ਤਾਂ ਹਰ ਨਮੂਨੇ ਦਾ ਨਤੀਜਾ ਅਤੇ ਮਾਹਿਰ ਦੀ ਸਿਫਾਰਸ਼ ਅਲੱਗ-ਅਲੱਗ ਹੀ ਦੱਸੀ ਜਾਂਦੀ ਹੈ। ਇੱਕ ਨਮੂਨੇ ਤੋਂ ਬਾਅਦ ਉਸ ਦੇ ਹੇਠਾਂ ਦੂਸਰੇ ਨਮੂਨੇ ਹੀ ਰਿਪੋਰਟ ਦਰਜ ਕੀਤੀ ਜਾਂਦੀ ਹੈ। ਇਸ ਰਿਪੋਰਟ ਨੂੰ 'ਪ੍ਰਿੰਟ' ਵੀ ਕੀਤਾ ਜਾ ਸਕਦਾ ਹੈ ਤੇ ਪੀਡੀਐੱਫ ਫਾਈਲ ਦੇ ਰੂਪ 'ਚ ਦੁਬਾਰਾ ਵੇਖਣ ਵਾਸਤੇ ਵੀ ਰੱਖਿਆ ਜਾਂ Save ਕੀਤਾ ਜਾ ਸਕਦਾ ਹੈ।

ਵਿਭਾਗ ਦੇ ਪੰਨੇ ਉੱਪਰ ਮਿੱਟੀ/ਪਾਣੀ ਦੀ ਪਰਖ ਤੋਂ ਇਲਾਵਾ ਨਮੂਨੇ ਲੈਣ ਦੇ ਢੰਗ, ਰਿਪੋਰਟ ਪੜ੍ਹਨ, ਖਾਦ ਪਾਉਣ ਦਾ ਸਮਾਂ ਅਤੇ ਢੰਗ, ਮਾਹਿਰਾਂ ਨਾਲ ਸੰਪਰਕ ਕਰਨ ਲਈ ਫੋਨ ਨੰਬਰ ਆਦਿ ਵੀ ਕਿਸਾਨਾਂ ਦੀ ਸਹੂਲਤ ਲਈ ਦਿੱਤੇ ਗਏ ਹਨ। •

### ਰਿਪੋਰਟ ਵੇਖਣ ਲਈ ਲੋੜੀਂਦੀਆਂ ਸਹੂਲਤਾਂ

ਆਨਲਾਈਨ ਰਿਪੋਰਟ ਦੇਖਣ ਵਾਸਤੇ ਕਿਸਾਨ ਕੋਲ ਮੋਬਾਈਲ ਫੋਨ ਜਾਂ ਕੰਪਿਊਟਰ ਦਾ ਹੋਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਉਸ ਕੋਲ ਇੰਟਰਨੈਟ ਦੀ ਵਿਵਸਥਾ ਹੋਵੇ। ਭੂਮੀ ਵਿਗਿਆਨਕ ਵਿਭਾਗ ਵਿਚ ਕਿਸਾਨ ਵੱਲੋਂ ਨਮੂਨਾ ਦੇਣ ਸਮੇਂ ਟੈਸਟ ਵਾਸਤੇ ਜੋ ਫੀਸ ਦਿੱਤੀ ਜਾਂਦੀ ਹੈ, ਉਸ ਦਾ ਰਸੀਦ ਨੰਬਰ ਕਿਸਾਨ ਕੋਲ ਜ਼ਰੂਰ ਹੋਵੇ।

---

ਸੁੱਚਾ ਸਿੰਘ ਪਾਬਲਾ ਨੇ ਆਪਣੀ ਦੋ ਏਕੜ ਜ਼ਮੀਨ ਦੇ ਨਾਲ ਪਹਿਲਾਂ ਠੇਕੇ 'ਤੇ ਜ਼ਮੀਨ ਲੈ ਕੇ ਖੇਤੀਬਾੜੀ ਦੇ ਕੰਮ ਨੂੰ ਅੱਗੇ ਵਧਾਇਆ ਤੇ ਫਿਰ ਦੂਸਰੇ ਖੇਤੀ ਸਹਾਇਕ ਧੰਦਿਆਂ ਨੂੰ ਅਪਣਾ ਕੇ ਆਪਣੇ ਕਾਰੋਬਾਰ ਨੂੰ ਵਿਸਥਾਰ ਦਿੱਤਾ...

# ਮਿਹਨਤ ਨੇ ਬਣਾਇਆ 2 ਏਕੜ ਤੋਂ 35 ਏਕੜ ਦਾ ਮਾਲਕ

• ਕਰਮਜੀਤ ਸਿੰਘ ਆਜ਼ਾਦ



ਬੇਰੁਜ਼ਗਾਰੀ ਤੇ ਮਹਿੰਗਾਈ ਦੇ ਅਜੋਕੇ ਦੌਰ ਤੋਂ ਤੰਗ ਆ ਕੇ ਜਿੱਥੇ ਬਹੁਤ ਸਾਰੇ ਲੋਕ ਖੇਤੀਬਾੜੀ ਤੋਂ ਕਿਨਾਰਾ ਕਰ ਰਹੇ ਹਨ ਉੱਥੇ ਸੁੱਚਾ ਸਿੰਘ ਪਾਬਲਾ ਵਰਗੇ ਮਿਹਨਤੀ ਤੇ ਇਨਸਾਨ ਵੀ ਹਨ, ਜਿਨ੍ਹਾਂ ਨੇ ਹੌਸਲੇ, ਆਤਮ-ਵਿਸ਼ਵਾਸ, ਸ਼ਿੱਦਤ ਤੇ ਮਿਹਨਤ ਨਾਲ 2 ਏਕੜ ਤੋਂ 35 ਏਕੜ ਜ਼ਮੀਨ ਬਣਾਈ ਤੇ ਨਿਰਾਸ਼ਾ ਦੇ ਆਲਮ 'ਚ ਵਿਚਰ ਰਹੇ ਨੌਜਵਾਨਾਂ ਤੇ ਕਿਸਾਨਾਂ ਲਈ ਮਿਸਾਲ ਤੇ ਪ੍ਰੇਰਣਾ ਕਾਇਮ ਕੀਤੀ ਹੈ ਕਿ ਮਨੁੱਖ ਚਾਹੇ ਤਾਂ ਆਪਣੇ ਜਨੂੰਨ ਦੇ ਸਹਾਰੇ ਸਫਲਤਾ ਦੇ ਦਰਵਾਜ਼ੇ ਖੋਲ੍ਹ ਸਕਦਾ ਹੈ।

## ਇਕ ਸਤਰ ਨੇ ਬਦਲੀ ਜ਼ਿੰਦਗੀ

ਕੁਮਕਲਾਂ ਨੇੜਲੇ ਬੇਟ ਇਲਾਕੇ ਦੇ ਪੱਛੜੇ ਹੋਏ ਪਿੰਡ ਸ਼ੇਰਗੜ੍ਹ ਵਿਖੇ ਆਪਣੇ ਫਾਰਮ ਵਿਚ ਜੈਵਿਕ ਢੰਗ ਨਾਲ ਖੇਤੀ ਕਰ ਰਹੇ ਸੁੱਚਾ ਸਿੰਘ ਪਾਬਲਾ ਨੇ ਖੇਤੀਬਾੜੀ ਦੇ ਨਾਲ ਹੋਰ ਵੀ ਕਈ ਸਹਾਇਕ ਧੰਦੇ ਅਪਣਾਏ ਹੋਏ ਹਨ। ਉਹ ਪੰਜਾਬ ਦੇ ਨੌਜਵਾਨਾਂ ਨੂੰ ਆਖਦੇ ਹਨ ਕਿ ਉਹ ਬੇਰੁਜ਼ਗਾਰੀ ਦੇ ਹਾਲਾਤ 'ਚ ਨਿਰਾਸ਼ ਨਾ ਹੋਣ ਸਗੋਂ ਸਖ਼ਤ ਮਿਹਨਤ ਦਾ ਪੱਲਾ ਫੜ ਕੇ ਕਾਮਯਾਬੀ ਵੱਲ ਵਧਣ। ਸੁੱਚਾ ਸਿੰਘ ਨੇ ਦੱਸਿਆ ਕਿ ਇਕ ਤੁਕ 'ਮਿਹਨਤੁ ਅੱਗੇ ਲਛਮੀ, ਜਿਉਂ ਪੱਖੇ ਅੱਗੇ ਪੌਣ' ਨੇ ਉਨ੍ਹਾਂ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਜੱਦੀ ਪਿੰਡ ਕੁਰਾਲੀ ਸ਼ਹਿਰ ਨੇੜੇ ਬਰਸਾਲਪੁਰ ਟੱਪਰੀਆਂ ਹੈ। ਉਹ ਸਿਰਫ਼ ਮੈਟ੍ਰਿਕ ਪਾਸ ਹੈ। ਵਿਆਹ ਤੋਂ ਬਾਅਦ ਉਨ੍ਹਾਂ ਨੂੰ ਸਾਂਝੇ ਪਰਿਵਾਰ ਤੋਂ ਅਲੱਗ ਹੋਣਾ ਪਿਆ ਤੇ ਉਨ੍ਹਾਂ ਦੇ ਹਿੱਸੇ 2 ਏਕੜ ਜ਼ਮੀਨ ਆਈ। ਇੰਨੀ ਥੋੜ੍ਹੀ ਜ਼ਮੀਨ ਨਾਲ ਗੁਜ਼ਾਰਾ ਨਹੀਂ ਸੀ ਹੋ ਸਕਦਾ। ਇਸ ਲਈ ਉਨ੍ਹਾਂ ਨੇ ਸੋਚਿਆ ਕਿ ਘਰੋਂ ਨਿਕਲ ਕੇ ਹੀ ਕਾਮਯਾਬੀ ਹਾਸਲ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਕੁਝ ਪੈਸਿਆਂ ਦਾ ਇੰਤਜ਼ਾਮ ਕੀਤਾ ਤੇ ਦੁਬਈ ਚਲਾ ਗਿਆ। ਉਸ ਨੇ ਸਖ਼ਤ ਮਿਹਨਤ ਕੀਤੀ ਤੇ ਉੱਥੇ ਰਹਿੰਦਿਆਂ ਹੀ ਡਰਾਇਵਰੀ ਸਿੱਖ ਲਈ ਤੇ ਛੋਟੀਆਂ ਗੱਡੀਆਂ ਚਲਾਉਣ ਤੋਂ ਸ਼ੁਰੂ ਹੋ ਕੇ ਵੱਡੇ ਟਰਾਲੇ ਚਲਾਉਣ ਲੱਗਾ।

## ਜੈਵਿਕ ਖਾਦ ਦਾ ਕਾਰੋਬਾਰ

ਦੋ-ਤਿੰਨ ਸਾਲ ਬਾਅਦ ਉਨ੍ਹਾਂ ਨੇ ਆਪਣੇ ਖੇਤਾਂ ਨਾਲ ਲਗਦੀ ਕੁਝ ਹੋਰ ਜ਼ਮੀਨ ਖ਼ਰੀਦ ਲਈ ਤੇ ਨਾਲ ਲਗਦੀ 25-30 ਏਕੜ ਜ਼ਮੀਨ ਠੇਕੇ 'ਤੇ ਲੈ ਕੇ ਆਪਣੀ ਖੇਤੀ ਵਿਚ ਵਾਧਾ ਕੀਤਾ। ਉਨ੍ਹਾਂ ਨੇ ਖੇਤਾਂ ਵਿਚ ਸਬਜ਼ੀਆਂ ਵੀ ਉਗਾਉਣੀਆਂ ਸ਼ੁਰੂ ਕਰ ਦਿੱਤੀਆਂ। ਪਾਬਲਾ ਨੇ ਦੱਸਿਆ ਕਿ ਉਨ੍ਹਾਂ ਨੇ ਗੁਜਰਾਤ ਦੀ ਇਕ ਕੰਪਨੀ ਪਾਸੋਂ 5 ਲੱਖ ਰੁਪਏ ਨਾਲ 10 ਟਨ ਗੰਡੋਏ ਖ਼ਰੀਦੇ ਅਤੇ ਵੱਡੇ ਪੱਧਰ 'ਤੇ ਜੈਵਿਕ ਖਾਦ ਬਣਾ ਕੇ ਕਿਸਾਨਾਂ ਨੂੰ ਵੇਚਣੀ ਸ਼ੁਰੂ ਕਰ ਦਿੱਤੀ। ਜੈਵਿਕ ਖਾਦ ਬਣਾਉਣ ਲਈ ਉਨ੍ਹਾਂ ਨੇ ਆਪਣੇ ਫਾਰਮ 'ਤੇ ਇਕ ਵੱਡਾ ਸ਼ੈੱਡ ਬਣਾ ਲਿਆ, ਜਿਸ ਦੇ ਥੱਲੇ ਉਨ੍ਹਾਂ ਨੇ 72 ਖ਼ਾਨੇ ਬਣਾ ਕੇ ਉਸ ਵਿਚ ਦੇਸੀ ਰੂੜ੍ਹੀ ਦੀ ਖਾਦ ਭਰ ਕੇ ਗੰਡੋਇਆਂ ਨੂੰ ਛੱਡ ਦਿੱਤਾ। ਗੰਡੋਏ ਕੁਦਰਤੀ ਕਿਰਿਆ ਨਾਲ ਅੱਗੇ ਤੋਂ ਅੱਗੇ ਵਧਦੇ ਜਾਂਦੇ ਹਨ ਵੱਡੀ ਮਾਤਰਾ ਵਿਚ ਗੰਡੋਇਆਂ ਦੀ ਖਾਦ ਤਿਆਰ ਕੀਤੀ ਜਾਂਦੀ ਹੈ। ਸੁੱਚਾ ਸਿੰਘ ਇਸ ਖਾਦ ਨੂੰ 50-70 ਰੁਪਏ ਕੁਇੰਟਲ ਵੇਚਦਾ ਹੈ। ਇਸ ਖਾਦ ਦੀ ਮੰਗ ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ ਤੇ ਯੂਪੀ ਤਕ ਹੈ।

## ਮਾਣ-ਸਨਮਾਨ

ਸੁੱਚਾ ਸਿੰਘ ਨੇ ਆਪਣੇ ਖੇਤਾਂ ਵਿਚ ਅੰਬ, ਆੜੂ, ਨਿੰਬੂ, ਅਮਰੂਦ, ਕੇਲਾ, ਅਨਾਰ, ਅੰਗੂਰ ਆਦਿ ਫਲਦਾਰ ਬੂਟੇ ਵੀ ਲਗਾਏ ਹੋਏ ਹਨ। ਇਨ੍ਹਾਂ ਬੂਟਿਆਂ ਦੀ ਪਰਵਰਿਸ਼ ਵੀ ਉਹ ਜੈਵਿਕ ਢੰਗ ਨਾਲ ਕਰਦੇ ਹਨ। ਆਪਣੀ ਸਖ਼ਤ ਮਿਹਨਤ ਨਾਲ ਅੱਜ ਉਨ੍ਹਾਂ ਕੋਲ 35 ਏਕੜ ਦਾ ਆਪਣਾ ਫਾਰਮ ਹੈ। ਸੁੱਚਾ ਸਿੰਘ ਪਾਬਲਾ ਨੂੰ ਖਾਦੀ ਤੇ ਗ੍ਰਾਮ ਉਦਯੋਗ ਵਿਭਾਗ ਵਲੋਂ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ, ਐੱਮਐੱਸਐੱਮਈ ਮੰਤਰਾਲੇ ਵੱਲੋਂ ਵੀ ਪ੍ਰਮਾਣ ਪੱਤਰ ਮਿਲਿਆ ਹੈ। ਇਹ ਪ੍ਰਮਾਣ ਪੱਤਰ ਅੰਤਰਰਾਸ਼ਟਰੀ ਪੱਧਰ 'ਤੇ ਕਿਸੇ ਖੋਜੀ ਜਾਂ ਉਤਪਾਦ ਦੀ ਮਿਆਰੀ ਗੁਣਵੱਤਾ ਕਾਰਨ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਪੰਜਾਬ ਦੀਆਂ ਕਈ ਹੋਰ ਸੰਸਥਾਵਾਂ ਵੱਲੋਂ ਵੀ ਸਨਮਾਨਿਤ ਕੀਤਾ ਗਿਆ ਹੈ।

ਸੁੱਚਾ ਸਿੰਘ ਦਾ ਕਹਿਣਾ ਹੈ ਕਿ ਨੌਜਵਾਨ ਸਰਕਾਰੀ ਨੌਕਰੀਆਂ ਲੱਭਣ ਦੀ ਥਾਂ ਕਿੱਤਾਮੁਖੀ ਕੋਰਸ ਕਰ ਕੇ ਆਪਣੇ ਕੰਮ ਨੂੰ ਅੱਗੇ ਤੋਰਨ, ਮਿਹਨਤ ਇਕ ਦਿਨ ਵਿਚ ਹੀ ਨਹੀਂ ਮਿਲਦੀ ਅਤੇ ਨਾ ਹੀ ਇਕ ਦਿਨ ਵਿਚ ਨੋਟਾਂ ਨਾਲ ਜੇਬਾਂ ਭਰਦੀਆਂ ਹਨ। ਸਾਨੂੰ ਸਬਰ ਸੰਤੋਖ ਰੱਖ ਕੇ ਸਖ਼ਤ ਮਿਹਨਤ ਤੇ ਇਮਾਨਦਾਰੀ ਨਾਲ ਨੇਕ ਕਮਾਈ ਕਰਨੀ ਚਾਹੀਦੀ ਹੈ। ਕੁਦਰਤ ਦਾ ਅਸੂਲ ਹੈ ਕਿ ਨੇਕ ਕਮਾਈ ਤੇ ਸਖ਼ਤ ਮਿਹਨਤ ਦਾ ਮੁੱਲ ਜ਼ਰੂਰ ਪੈਂਦਾ ਹੈ। •

### ਰਸਾਇਣਕ ਖਾਦਾਂ ਤੋਂ ਕਿਨਾਰਾ

ਦੁਬਈ ਵਿਖੇ ਦਿਨ ਰਾਤ ਮਿਹਨਤ ਕਰ ਕੇ ਸੁੱਚਾ ਸਿੰਘ ਪਾਬਲਾ ਨੇ ਕਾਫ਼ੀ ਪੈਸੇ ਕਮਾਏ ਤੇ 15 ਸਾਲ ਬਾਅਦ ਪੰਜਾਬ ਪਰਤੇ। ਉਨ੍ਹਾਂ ਨੇ ਸਤਲੁਜ ਦਰਿਆ ਨੇੜਲੇ ਪਿੰਡ ਸ਼ੇਰਗੜ੍ਹ ਵਿਖੇ ਸਸਤੇ ਭਾਅ 'ਤੇ ਕੁਝ ਜ਼ਮੀਨ ਖ਼ਰੀਦ ਲਈ। ਜ਼ਮੀਨ ਘੱਟ ਉਪਜਾਊ ਹੋਣ ਕਰਕੇ ਖੇਤੀ ਲਈ ਘਾਟੇ ਵਾਲੀ ਸੀ ਇਸ ਲਈ ਉਨ੍ਹਾਂ ਨੇ ਇਸ ਜ਼ਮੀਨ ਉੱਪਰ ਪਾਪਲਰ ਦੇ ਰੁੱਖ ਲਗਾ ਦਿੱਤੇ ਤੇ ਪਾਪਲਰ ਵਿਚ ਹੀ ਕਣਕ ਦੀ ਫ਼ਸਲ ਬੀਜਣੀ ਸ਼ੁਰੂ ਕਰ ਦਿੱਤੀ। ਖੇਤੀ ਖ਼ਰਚਿਆਂ ਨੂੰ ਘਟਾਉਣ ਲਈ ਸੁੱਚਾ ਸਿੰਘ ਨੇ ਰਸਾਇਣਕ ਖਾਦਾਂ ਦੀ ਥਾਂ ਫ਼ਸਲ ਨੂੰ ਦੇਸੀ ਰੂੜੀ ਪਾਉਣੀ ਸ਼ੁਰੂ ਕੀਤੀ। ਇਸ ਨਾਲ ਉਨ੍ਹਾਂ ਦੀ ਜ਼ਮੀਨ ਉਪਜਾਊ ਬਣਦੀ ਗਈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਜੈਵਿਕ ਖਾਦ ਬਣਾਉਣ ਦਾ ਤਰੀਕਾ ਵੀ ਪਚਾ ਲੱਗ ਗਿਆ। ਪਾਪਲਰ ਦੇ ਰੁੱਖਾਂ ਨਾਲ ਖੇਤ ਵਿਚ ਜੈਵਿਕ ਤਰੀਕੇ ਨਾਲ ਬੀਜੀ ਗਈ ਕਣਕ ਨੂੰ ਉਨ੍ਹਾਂ ਨੇ ਮੰਡੀ ਵਿਚ ਵੇਚਣ ਦੀ ਥਾਂ 3 ਹਜ਼ਾਰ ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਆਮ ਲੋਕਾਂ ਨੂੰ ਹੀ ਵੇਚਣਾ ਸ਼ੁਰੂ ਕਰ ਦਿੱਤਾ।

### ਰਹਿਮਦਿਲੀ ਨੇ ਵਧਾਇਆ ਕਾਰੋਬਾਰ

ਸੁੱਚਾ ਸਿੰਘ ਪਾਬਲਾ ਨੇ ਆਪਣੇ ਫਾਰਮ ਹਾਊਸ 'ਤੇ ਬਹੁਤ ਸਾਰੀਆਂ ਵਧੀਆ ਨਸਲ ਦੀਆਂ ਗਾਵਾਂ ਤੇ ਮੱਝਾਂ ਵੀ ਰੱਖੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਇਕ ਵਾਰ ਉਹ ਕਿਤੇ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਕੁਝ ਵਿਅਕਤੀ ਮਿਲੇ, ਜੋ ਪਿੰਡਾਂ ਵਿੱਚੋਂ ਤੋਕੜ ਮੱਝਾਂ ਸਸਤੇ ਭਾਅ ਖ਼ਰੀਦ ਕੇ ਮਹਿੰਗੇ ਭਾਅ ਬੁੱਚੜਖਾਨੇ ਨੂੰ ਵੇਚਦੇ ਸਨ। ਸੁੱਚਾ ਸਿੰਘ ਨੇ ਇਨ੍ਹਾਂ ਮੱਝਾਂ 'ਤੇ ਤਰਸ ਖਾਂ ਕੇ ਉਨ੍ਹਾਂ ਪਾਸੋਂ ਇਹ ਮੱਝਾਂ ਖ਼ਰੀਦ ਲਈਆਂ ਤੇ ਆਪਣੇ ਫਾਰਮ ਹਾਊਸ 'ਚ ਲੈ ਆਏ। ਉਨ੍ਹਾਂ ਨੇ ਆਪਣੇ ਨੌਕਰਾਂ ਰਾਹੀਂ ਹੋਰਨਾਂ ਪਿੰਡਾਂ ਵਿੱਚੋਂ ਵੀ ਅਜਿਹੀਆਂ ਮੱਝਾਂ ਸੇਵਾ-ਭਾਵਨਾ ਨਾਲ ਖ਼ਰੀਦ ਲਿਆਂਦੀਆਂ। ਵਿਗਿਆਨਕ ਤਰੀਕੇ ਅਪਣਾਉਣ ਨਾਲ ਸੁੱਚਾ ਸਿੰਘ ਖ਼ਰੀਦੀਆਂ ਬਹੁਤ ਸਾਰੀਆਂ ਮੱਝਾਂ ਦੁੱਧ ਦੇਣ ਲੱਗੀਆਂ। ਉਨ੍ਹਾਂ ਨੇ ਡੇਅਰੀ ਫਾਰਮਿੰਗ ਨੂੰ ਹੁਲਾਰਾ ਦੇਣ ਲਈ ਵਧੀਆ ਨਸਲ ਦੀਆਂ ਕੁਝ ਗਾਵਾਂ ਵੀ ਖ਼ਰੀਦ ਲਈਆਂ। ਹੁਣ ਉਹ ਇਨ੍ਹਾਂ ਮੱਝਾਂ-ਗਾਵਾਂ ਦੇ ਗੋਹੇ ਤੋਂ ਹੀ ਜੈਵਿਕ ਖਾਦ ਤਿਆਰ ਕਰਦੇ ਹਨ। ਦੁੱਧ ਤੋਂ ਵੀ ਉਨ੍ਹਾਂ ਨੂੰ ਕਾਫ਼ੀ ਆਮਦਨੀ ਹੁੰਦੀ ਹੈ।



---

• ਡਾ. ਬਲਵਿੰਦਰ ਸਿੰਘ ਢਿੱਲੋਂ
94654-20097

ਪੰਜਾਬ 'ਚ ਪਿਛਲੇ ਵਰ੍ਹੇ 96.6 ਹਜ਼ਾਰ ਹੈਕਟੇਅਰ ਰਕਬੇ 'ਚ ਆਲੂ ਦੀ ਕਾਸ਼ਤ ਕੀਤੀ ਗਈ। ਕੁੱਲ ਉਤਪਾਦਨ 2494.84 ਹਜ਼ਾਰ ਟਨ ਰਿਹਾ। ਇਸ ਦੀ ਔਸਤ ਪੈਦਾਵਾਰ 258.35 ਕੁਇੰਟਲ ਪ੍ਰਤੀ ਹੈਕਟੇਅਰ ਹੈ...

# ਆਲੂ ਦੀ ਫ਼ਸਲ ਦੀ ਸਫਲ ਕਾਸ਼ਤ



ਇਕ ਕੱਚੇ ਆਲੂ ਵਿਚ 79 ਫ਼ੀਸਦੀ ਪਾਣੀ, 17 ਫ਼ੀਸਦੀ ਕਾਰਬੋਹਾਈਡਰੇਟ, 2 ਫ਼ੀਸਦੀ ਪ੍ਰੋਟੀਨ ਤੇ ਬਹੁਤ ਘੱਟ ਮਾਤਰਾ 'ਚ ਚਰਬੀ ਹੁੰਦੀ ਹੈ। 100 ਗ੍ਰਾਮ ਕੱਚਾ ਆਲੂ 77 ਕਿੱਲੋ ਕੈਲੋਰੀ ਊਰਜਾ ਦਿੰਦਾ ਹੈ ਤੇ ਰੋਜ਼ਾਨਾ 23 ਫ਼ੀਸਦੀ ਵਿਟਾਮਿਨ-ਬੀ-6 ਤੇ 24 ਫ਼ੀਸਦੀ ਵਿਟਾਮਿਨ-ਸੀ ਆਲੂਆਂ ਤੋਂ ਪ੍ਰਾਪਤ ਹੁੰਦੇ ਹਨ। ਪੰਜਾਬ 'ਚ ਆਲੂ ਮੁੱਖ ਫ਼ਸਲਾਂ 'ਚੋਂ ਇਕ ਹੈ। ਆਲੂ ਦੀ ਚੰਗੀ ਪੈਦਾਵਾਰ ਲਈ ਦਿਨ ਦਾ ਤਾਪਮਾਨ 30 ਡਿਗਰੀ ਸੈਂਟੀਗ੍ਰੇਡ ਤੇ ਰਾਤ ਦਾ ਤਾਪਮਾਨ 20 ਡਿਗਰੀ ਸੈਂਟੀਗ੍ਰੇਡ ਤੋਂ ਘੱਟ ਹੋਣਾ ਚਾਹੀਦਾ ਹੈ। ਆਲੂ ਦੀ ਖੇਤੀ ਲਈ ਚੰਗੇ ਜਲ ਨਿਕਾਸੀ ਵਾਲੀ ਪੋਲੀ, ਭੁਰਭੁਰੀ ਤੇ ਕੱਲਰ ਰਹਿਤ ਮੈਰਾ ਤੇ ਰੇਤਲੀ ਮੈਰਾ ਜ਼ਮੀਨ ਵਧੇਰੇ ਢੁੱਕਵੀਂ ਹੈ। ਪੰਜਾਬ 'ਚ ਪਿਛਲੇ ਵਰ੍ਹੇ 96.6 ਹਜ਼ਾਰ ਹੈਕਟੇਅਰ ਰਕਬੇ 'ਚ ਆਲੂ ਦੀ ਕਾਸ਼ਤ ਕੀਤੀ ਗਈ ਤੇ ਕੁੱਲ ਉਤਪਾਦਨ 2494.84 ਹਜ਼ਾਰ ਟਨ ਰਿਹਾ। ਇਸ ਦੀ ਔਸਤ ਪੈਦਾਵਾਰ 258.35 ਕੁਇੰਟਲ ਪ੍ਰਤੀ ਹੈਕਟੇਅਰ ਹੈ।

## ਉੱਨਤ ਕਿਸਮਾਂ

- **ਅਗੇਤੀਆਂ ਕਿਸਮਾਂ** : ਕੁਫਰੀ ਸੂਰਯਾ, ਕੁਫਰੀ ਚੰਦਰਮੁਖੀ, ਕੁਫਰੀ ਅਸ਼ੋਕਾ ਤੇ ਕੁਫਰੀ ਪੁਖਰਾਜ।
- **ਦਰਮਿਆਨੇ ਸਮੇਂ ਦੀਆਂ ਕਿਸਮਾਂ** : ਕੁਫਰੀ ਪੁਸ਼ਕਰ, ਕੁਫਰੀ ਜਯੋਤੀ ਤੇ ਕੁਫਰੀ ਬਹਾਰ।
- **ਪਛੇਤੀਆਂ ਕਿਸਮਾਂ** : ਕੁਫਰੀ ਸੰਧੂਰੀ, ਕੁਫਰੀ ਬਾਦਸ਼ਾਹ।
- **ਪ੍ਰੋਸੈਸਿੰਗ ਵਾਲੀਆਂ ਕਿਸਮਾਂ** : ਕੁਫਰੀ ਚਿਪਸੋਨਾ-1, ਕੁਫਰੀ ਚਿਪਸੋਨਾ-3, ਕੁਫਰੀ ਫਰਾਈਸੋਨਾ।

## ਜ਼ਮੀਨ ਦੀ ਤਿਆਰੀ

20 ਕਿੱਲੋ ਸਣ ਜਾਂ ਜੰਤਰ ਜੂਨ ਅਖ਼ਰੀ ਤੋਂ ਜੁਲਾਈ ਦੇ ਪਹਿਲੇ ਹਫ਼ਤੇ ਵਿਚ ਬੀਜੋ। ਜਦੋਂ ਫ਼ਸਲ 40-45 ਦਿਨ ਦੀ ਹੋਵੇ ਤਾਂ ਉਸ ਨੂੰ ਜ਼ਮੀਨ ਵਿਚ ਵਾਹ ਦਿਓ। ਜ਼ਮੀਨ ਤਿਆਰ ਹੋਣ ਤੋਂ ਬਾਅਦ ਜਾਂ ਬਿਜਾਈ ਤੋਂ ਪਹਿਲਾਂ ਰੂੜੀ ਖਾਦ ਪਾ ਦੇਵੋ। ਜੇ ਨਦੀਨ ਜਾਂ ਪਹਿਲੀ ਫ਼ਸਲ ਦੇ ਮੁੱਢਾਂ ਦੀ ਕੋਈ ਸਮੱਸਿਆ ਨਾ ਹੋਵੇ ਤਾਂ ਆਲੂ ਦੀ ਫ਼ਸਲ ਮਾਮੂਲੀ ਵਹਾਈ ਨਾਲ ਵੀ ਲਾਈ ਜਾ ਸਕਦੀ ਹੈ। ਇਸ ਨਾਲ ਝਾੜ 'ਚ ਕੋਈ ਕਮੀ ਨਹੀਂ ਆਉਂਦੀ।

## ਬੀਜ ਸੋਧ

ਆਲੂਆਂ ਦੇ ਖਰੀਂਢ ਰੋਗ ਦੀ ਰੋਕਥਾਮ ਲਈ ਮੋਨਸਰਨ 2.5 ਮਿ.ਲੀ. ਪ੍ਰਤੀ ਲੀਟਰ ਪਾਣੀ ਦੇ ਘੋਲ 'ਚ ਗੁਦਾਮ ਤੋਂ ਕੱਢਣ ਉਪਰੰਤ 10 ਮਿੰਟ ਲਈ ਡੋਬ ਕੇ ਰੱਖੋ। ਬੀਜ ਨੂੰ ਸਟੋਰ 'ਚੋਂ ਕੱਢਣ ਉਪਰੰਤ ਸਿੱਧਾ ਨਾ ਬੀਜੋ। ਬੀਜ ਵਾਲੇ ਆਲੂ ਨੂੰ ਪੱਖੇ ਨਾਲ ਸੁਕਾ ਲਵੋ ਤੇ ਛਾਵੇਂ ਖਿਲਾਰ ਦਿਓ। 8-10 ਦਿਨ ਆਲੂਆਂ ਦਾ ਫੁਟਾਰਾ ਸ਼ੁਰੂ ਹੋ ਜਾਂਦਾ ਹੈ ਤੇ ਫੋਟ ਵੀ ਨਰੋਈ ਹੁੰਦੀ ਹੈ।

## ਬਿਜਾਈ ਦਾ ਸਮਾਂ

ਮੈਦਾਨੀ ਇਲਾਕਿਆਂ 'ਚ ਪੱਤਝੜੀ ਫ਼ਸਲ ਵਾਸਤੇ ਅੱਧ ਅਕਤੂਬਰ ਤੇ ਬਹਾਰ ਰੁੱਤ ਲਈ ਜਨਵਰੀ ਦਾ ਪਹਿਲਾ ਪੰਦਰਵਾੜਾ ਬੇਹੱਦ ਢੁੱਕਵਾਂ ਸਮਾਂ ਹੈ।

## ਬਿਜਾਈ ਦਾ ਤਰੀਕਾ

ਜ਼ਮੀਨ ਤਿਆਰ ਕਰ ਕੇ ਵੱਟਾਂ ਦੇ ਨਿਸ਼ਾਨ ਲਗਾਉ। ਬਿਜਾਈ ਹੱਥੀਂ ਕਰਨੀ ਹੋਵੇ ਤਾਂ ਵੱਟਾਂ ਬਣਾਉਣ ਵਾਲੇ ਹਲ ਦੀ ਵਰਤੋਂ ਕਰੋ। ਟ੍ਰੈਕਟਰ ਨਾਲ ਬਿਜਾਈ ਕਰਨੀ ਹੋਵੇ ਤਾਂ ਅਰਧ ਸਵੈ-ਚਾਲਤ ਮਸ਼ੀਨ ਵਰਤੋ। ਵੱਟਾਂ ਵਿਚਕਾਰ ਫ਼ਾਸਲਾ 60 ਸੈਂਟੀਮੀਟਰ ਤੇ ਆਲੂ ਤੋਂ ਆਲੂ ਵਿਚਕਾਰ ਫ਼ਾਸਲਾ 20 ਸੈਂਟੀਮੀਟਰ ਰੱਖੋ। ਦੱਖਣ ਪੱਛਮੀ ਜ਼ਿਲ੍ਹਿਆਂ 'ਚ ਬਿਜਾਈ 50-55 ਸੈਂਟੀਮੀਟਰ ਚੌੜੇ ਬੈੱਡਾਂ 'ਤੇ ਦੋ ਕਤਾਰਾਂ ਵਿਚ ਕਰਨ ਨਾਲ ਵਧਰੇ ਝਾੜ ਮਿਲਦਾ ਹੈ ਤੇ ਪਾਣੀ ਦੀ ਕਾਫ਼ੀ ਬੱਚਤ ਹੁੰਦੀ ਹੈ।

## ਖਾਦਾਂ

20 ਟਨ ਰੂੜੀ ਦੀ ਖਾਦ ਜਾਂ ਹਰੀ ਖਾਦ ਦੇ ਨਾਲ 75 ਕਿੱਲੋ ਨਾਈਟ੍ਰੋਜਨ (165 ਕਿੱਲੋ ਯੂਰੀਆ), 25 ਕਿੱਲੋ ਫਾਸਫੋਰਸ (155 ਕਿੱਲੋ ਸੁਪਰਫਾਸਫੇਟ) ਤੇ 25 ਕਿੱਲੋ ਪੋਟਾਸ਼ ਤੱਤ (40 ਕਿੱਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਪਾਉ। ਖੇਤ 'ਚ 25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਪਰਾਲੀ ਵਿਛਾਉਣ 'ਤੇ 18 ਕਿੱਲੋ ਨਾਈਟ੍ਰੋਜਨ ਪ੍ਰਤੀ ਏਕੜ ਘੱਟ ਵਰਤਣੀ ਚਾਹੀਦੀ ਹੈ। ਸਾਰੀ ਫਾਸਫੋਰਸ, ਪੋਟਾਸ਼ ਤੇ ਅੱਧੀ ਨਾਈਟ੍ਰੋਜਨ ਬਿਜਾਈ ਵੇਲੇ ਪਾਉ। ਬਚਦੀ ਨਾਈਟ੍ਰੋਜਨ ਮਿੱਟੀ ਚਾੜ੍ਹਣ ਸਮੇਂ ਪਾਉ।

### ਬੀਜ ਦੀ ਮਾਤਰਾ

40 ਤੋਂ 50 ਗ੍ਰਾਮ ਭਾਰੇ ਆਲੂ 12-18 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਵਧੀਆ ਕੁਆਲਟੀ ਦਾ ਰੋਗ ਰਹਿਤ ਬੀਜ ਹੀ ਵਰਤਣਾ ਚਾਹੀਦਾ ਹੈ।

### ਜੈਵਿਕ ਖਾਦ

ਬਿਜਾਈ ਸਮੇਂ ਕਨਸ਼ੋਰਸ਼ੀਅਮ ਜੀਵਾਣੂ ਖਾਦ 4 ਕਿੱਲੋ ਪ੍ਰਤੀ ਏਕੜ ਨੂੰ ਮਿੱਟੀ ਵਿਚ ਰਲਾ ਕੇ ਪਾਉਣ ਨਾਲ ਆਲੂ ਦਾ ਝਾੜ ਵਧਦਾ ਹੈ ਤੇ ਜ਼ਮੀਨ ਦੀ ਸਿਹਤ 'ਚ ਵੀ ਸੁਧਾਰ ਹੁੰਦਾ ਹੈ। ਕਨਸ਼ੋਰਸ਼ੀਅਮ ਦਾ ਟੀਕਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਈਕ੍ਰੋਬਾਇਲੋਜੀ ਵਿਭਾਗ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

## ਮਿੱਟੀ ਚਾੜ੍ਹਣਾ

ਦੁਵੱਲੇ ਫਾਲਿਆਂ ਵਾਲਾ ਮਿੱਟੀ ਪਲਟਾਊ ਹਲ ਜਾਂ ਵੱਟਾਂ ਬਣਾਉਣ ਵਾਲੇ ਹਲ ਨਾਲ ਬਿਜਾਈ ਤੋਂ 25-30 ਦਿਨ ਬਾਅਦ ਮਿੱਟੀ ਚਾੜ੍ਹ ਦੇਣੀ ਚਾਹੀਦੀ ਹੈ।

## ਨਦੀਨਾਂ ਦੀ ਰੋਕਥਾਮ

ਬਿਜਾਈ ਤੋਂ ਤੁਰੰਤ ਬਾਅਦ ਖੇਤ 'ਚ 25 ਕੁਇੰਟਲ ਪਰਾਲੀ ਪ੍ਰਤੀ ਏਕੜ ਵਿਛਾਉਣ ਨਾਲ ਨਦੀਨਾਂ ਦੀ ਰੋਕਥਾਮ ਹੁੰਦੀ ਹੈ। ਇਸ ਤੋਂ ਇਲਾਵਾ ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਤਾਕਤ (ਪੈਂਡੀਮੈਥਾਲਿਨ) ਇਕ ਲੀਟਰ ਜਾਂ ਐਰੀਲੋਨ 75 ਤਾਕਤ (ਆਈਸੋਪ੍ਰੋਟਯੂਰਾਨ) 500 ਗ੍ਰਾਮ ਜਾਂ ਸੈਨਕੋਰ 70 ਤਾਕਤ (ਮੈਟਰੀਬਿਊਜ਼ਿਨ) 200 ਗ੍ਰਾਮ ਜਾਂ ਲਾਸੋ 50 ਤਾਕਤ (ਐਲਕਲੋਰ) 2 ਲੀਟਰ ਜਾਂ ਐਟਰਾਟਾਫ 50 ਤਾਕਤ (ਐਟਰਾਜ਼ੀਨ) 200 ਗ੍ਰਾਮ ਜਾਂ ਲਾਸੋ 50 ਤਾਕਤ (ਐਲਕਲੋਰ) 2 ਲੀਟਰ ਜਾਂ ਲਾਸੋ 50 ਤਾਕਤ (ਐਲਕਲੋਰ) ਇਕ ਲਿਟਰ+ਐਟਰਾਟਾਫ 50 ਤਾਕਤ (ਐਟਰਾਜ਼ੀਨ) 100 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਨਦੀਨਾਂ ਦੇ ਜੰਮ ਤੋਂ ਪਹਿਲਾ ਤੇ ਪਹਿਲੇ ਪਾਣੀ ਤੋਂ ਬਾਅਦ ਛਿੜਕੋ। ਜਦੋਂ ਆਲੂਆਂ ਦਾ ਜੰਮ 100 ਫ਼ੀਸਦੀ ਹੋ ਜਾਵੇ ਤਾਂ ਗਰੈਮੈਕਸੋਨ 24 ਤਾਕਤ (ਪੈਰਾਕੂਐਟ) 500 ਤੋਂ 750 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ। ਐਟਰਾਟਾਫ਼ ਉਨ੍ਹਾਂ ਖੇਤਾਂ ਵਿਚ ਨਾ ਵਰਤੋ ਜਿੱਥੇ ਆਲੂ ਤੋਂ ਬਾਅਦ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਬਿਜਾਈ ਕਰਨੀ ਹੋਵੇ।

## ਸਿੰਚਾਈ

ਪਹਿਲਾ ਪਾਣੀ ਬਿਜਾਈ ਤੋਂ ਤੁਰੰਤ ਬਾਅਦ ਲਾਉ, ਇਸ ਨਾਲ ਫ਼ਸਲ ਠੀਕ ਉੱਗਦੀ ਹੈ। ਜੇ ਹਲਕੀ ਸਿੰਚਾਈ ਵਾਰ-ਵਾਰ ਕੀਤੀ ਜਾਵੇ ਤਾਂ ਫ਼ਸਲ ਵਧੀਆ ਹੁੰਦੀ ਹੈ। ਆਲੂ ਦੀ ਫ਼ਸਲ ਨੂੰ ਕੁੱਲ 7-8 ਪਾਣੀਆਂ ਦੀ ਲੋੜ ਪੈਂਦੀ ਹੈ।

## ਪੁਟਾਈ

ਆਲੂਆਂ ਦੀ ਪੁਟਾਈ ਟ੍ਰੈਕਟਰ ਨਾਲ ਚੱਲਣ ਵਾਲੀ ਮਸ਼ੀਨ ਨਾਲ ਕਰੋ। ਪੁਟਾਈ ਸਮੇਂ ਜ਼ਮੀਨ ਵਿਚ ਠੀਕ ਵੱਤਰ ਹੋਣਾ ਚਾਹੀਦਾ ਹੈ। ਢੀਮਾਂ ਮਸ਼ੀਨ ਦੇ ਚੱਲਣ ਵਿਚ ਵਿਘਨ ਪਾਉਂਦੀਆਂ ਹਨ। ਆਲੂਆਂ ਨੂੰ ਪੁੱਟਣ ਤੋਂ ਬਾਅਦ 10-15 ਦਿਨ ਖੇਤ 'ਚ ਪਏ ਰਹਿਣ ਦਿਉ। •

# ਨਸ਼ਿਆਂ ਖਿਲਾਫ਼ ਪੰਜਾਬ ਸਰਕਾਰ ਦਾ ਇਕ ਹੋਰ ਵੱਡਾ ਕਦਮ, CCTV ਪ੍ਰੋਜੈਕਟ 'ਤੇ ਕੰਮ ਸ਼ੁਰੂ



**ਚੰਡੀਗੜ੍ਹ 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਲੜਾਈ ਨੂੰ ਹੋਰ ਮਜ਼ਬੂਤ ਅਤੇ ਪਾਰਦਰਸ਼ੀ ਬਣਾਉਣ ਲਈ ਵੱਡਾ ਕਦਮ ਚੁੱਕਿਆ ਹੈ। ਸੂਬੇ ਦੀ ਸਪੈਸ਼ਲ ਟਾਸਕ ਫੋਰਸ (STF) ਦੇ ਕੰਮਕਾਜ ਦੀ ਨਿਗਰਾਨੀ ਲਈ ਹੁਣ ਸੀਸੀਟੀਵੀ ਕੈਮਰਿਆਂ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਚੰਡੀਗੜ੍ਹ ਸਥਿਤ ਮੁੱਖ ਦਫ਼ਤਰ ਤੋਂ ਸੀਨੀਅਰ ਅਧਿਕਾਰੀ ਸੂਬੇ ਦੀਆਂ ਵੱਖ-ਵੱਖ ਰੇਂਜਾਂ- ਅੰਮ੍ਰਿਤਸਰ, ਜਲੰਧਰ, ਫਿਰੋਜ਼ਪੁਰ ਅਤੇ ਲੁਧਿਆਣਾ ਵਿੱਚ ਹੋ ਰਹੀ ਹਰ ਗਤੀਵਿਧੀ ਨੂੰ ਰੀਅਲ-ਟਾਈਮ 'ਚ ਦੇਖ ਸਕਣਗੇ।

**ਐਸਟੀਐਫ ਦਫ਼ਤਰਾਂ ਵਿੱਚ ਲਗਣਗੇ ਏਆਈ ਕੈਮਰੇ**

ਸਰਕਾਰ ਨੇ ਹੁਣ ਇਨ੍ਹਾਂ ਚਾਰ ਰੇਂਜਾਂ ਦੇ ਐਸਟੀਐਫ ਦਫ਼ਤਰਾਂ ਵਿੱਚ ਉੱਚ-ਗੁਣਵੱਤਾ ਵਾਲੇ ਏਆਈ-ਸਮਰੱਥ ਸੀਸੀਟੀਵੀ ਕੈਮਰੇ ਲਗਾਉਣ ਦਾ ਫੈਸਲਾ ਕੀਤਾ ਹੈ। ਇਹ ਕੈਮਰੇ ਲੋਕਾਂ ਦੀਆਂ ਹਰਕਤਾਂ ਤੇ ਆਵਾਜ਼ਾਂ ਦਾ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਰੱਖਣਗੇ। ਇਸ ਪ੍ਰੋਜੈਕਟ ਨੂੰ ਇੱਕ ਨਿੱਜੀ ਏਜੰਸੀ ਦੁਆਰਾ ਪੂਰਾ ਕੀਤਾ ਜਾਵੇਗਾ, ਜਦਕਿ ਪੁਲਸ ਨੋਡਲ ਏਜੰਸੀ ਵਜੋਂ ਕੰਮ ਕਰੇਗੀ। ਕੈਮਰੇ ਲਗਾਉਣ ਵਾਲੀ ਕੰਪਨੀ ਉਨ੍ਹਾਂ ਦੀ ਸੰਭਾਲ ਤੇ ਰੱਖ-ਰਖਾਅ ਦੀ ਵੀ ਜ਼ਿੰਮੇਵਾਰੀ ਚੁੱਕੇਗੀ। ਪ੍ਰੋਜੈਕਟ ਜਨਵਰੀ 2026 ਤੱਕ ਪੂਰਾ ਹੋਣ ਦੀ ਉਮੀਦ ਹੈ ਅਤੇ ਸਰਕਾਰ ਵੱਲੋਂ ਇਸ ਲਈ ਬਜਟ ਪਹਿਲਾਂ ਹੀ ਮਨਜ਼ੂਰ ਕੀਤਾ ਜਾ ਚੁੱਕਾ ਹੈ।

**ਪਾਰਦਰਸ਼ਤਾ ਲਈ ਨਵਾਂ ਸਿਸਟਮ**

ਪਿਛਲੇ ਸਮੇਂ ਕੁਝ ਐਸਟੀਐਫ ਕਾਰਵਾਈਆਂ 'ਤੇ ਉਠੇ ਸਵਾਲਾਂ ਤੋਂ ਬਾਅਦ ਸਰਕਾਰ ਨੇ ਪੂਰੇ ਸਿਸਟਮ ਨੂੰ ਹੋਰ ਪਾਰਦਰਸ਼ੀ ਬਣਾਉਣ ਦਾ ਫੈਸਲਾ ਲਿਆ ਹੈ। ਉੱਚ ਅਧਿਕਾਰੀ ਹਰ ਕਾਰਵਾਈ ਦੀ ਰੀਅਲ-ਟਾਈਮ ਮਾਨੀਟਰਿੰਗ ਕਰ ਸਕਣਗੇ, ਜਿਸ ਨਾਲ ਨਾ ਸਿਰਫ਼ ਭਰੋਸੇਯੋਗਤਾ ਵਧੇਗੀ, ਸਗੋਂ ਢਿੱਲ-ਮੱਠ ਲਈ ਕੋਈ ਥਾਂ ਨਹੀਂ ਰਹੇਗੀ।

**ਜੇਲ੍ਹਾਂ 'ਚ ਵੀ ਆਧੁਨਿਕ ਸੁਰੱਖਿਆ ਪ੍ਰਣਾਲੀ**

ਇਸ ਤੋਂ ਪਹਿਲਾਂ ਵੀ ਰਾਜ ਸਰਕਾਰ ਨੇ ਉੱਚ-ਸੁਰੱਖਿਆ ਵਾਲੀਆਂ 18 ਜੇਲ੍ਹਾਂ ਵਿੱਚ 647 ਸੀਸੀਟੀਵੀ ਕੈਮਰੇ, ਐਕਸ-ਰੇ ਸਕੈਨਰ ਅਤੇ ਸਰੀਰ ਨਾਲ ਪਹਿਨੇ ਕੈਮਰੇ ਲਗਾਉਣ ਦਾ ਫ਼ੈਸਲਾ ਕੀਤਾ ਸੀ। ਇਹ ਸਾਰਾ ਸਿਸਟਮ ਵੀ ਏਆਈ ਤਕਨਾਲੋਜੀ ਨਾਲ ਲੈਸ ਕੀਤਾ ਜਾ ਰਿਹਾ ਹੈ, ਤਾਂ ਜੋ ਜੇਲ੍ਹ ਅੰਦਰ ਕੋਈ ਗੈਰਕਾਨੂੰਨੀ ਗਤੀਵਿਧੀ ਨਾ ਹੋ ਸਕੇ।

**ਨਸ਼ਿਆਂ ਵਿਰੁੱਧ ਮੁਹਿੰਮ ਦੇ ਨਤੀਜੇ**

ਐਸਟੀਐਫ ਨੇ 2024-25 (ਅਕਤੂਬਰ 2025 ਤੱਕ) ਦੇ ਦੌਰਾਨ 5,000 ਤੋਂ ਵੱਧ ਵੱਡੇ NDPS ਮਾਮਲੇ ਦਰਜ ਕੀਤੇ ਹਨ। ਇਸ ਦੌਰਾਨ ਲਗਭਗ 8,000 ਤਸਕਰ ਗ੍ਰਿਫ਼ਤਾਰ ਕੀਤੇ ਗਏ ਹਨ। ਫੋਰਸ ਦਾ ਮੁੱਖ ਧਿਆਨ ਹੈਰੋਇਨ ਅਤੇ ਅਫੀਮ ਦੀ ਤਸਕਰੀ 'ਤੇ ਕੇਂਦ੍ਰਿਤ ਹੈ। ਹੁਣ ਤੱਕ 20 ਕਿਲੋਗ੍ਰਾਮ ਹੈਰੋਇਨ ਜ਼ਬਤ ਕੀਤੀ ਗਈ ਹੈ, ਜਿਸ ਦਾ ਸਰੋਤ ਪਾਕਿਸਤਾਨ ਰਾਹੀਂ ਆਉਣ ਵਾਲੀ ਤਸਕਰੀ ਸੀ।

# ਪ੍ਰਦੂਸ਼ਣ ਨੇ ਤੋੜ ਦਿੱਤੇ ਸਾਰੇ ਰਿਕਾਰਡ ! ਜਲੰਧਰ 'ਚ 750 ਤੋਂ ਵੀ ਟੱਪ ਗਿਆ AQI

**ਜਲੰਧਰ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਵਿਚ ਦੀਵਾਲੀ ਮਗਰੋਂ ਆਬੋ-ਹਵਾ ਦੇ ਹਾਲਤ ਬੇਹੱਦ ਮਾੜੇ ਹੋ ਗਏ ਹਨ। ਇਸ ਦੌਰਾਨ ਪ੍ਰਦੂਸ਼ਣ ਦੇ ਸਾਰੇ ਰਿਕਾਰਡ ਟੁੱਟ ਗਏ। ਬੀਤੀ ਦੇਰ ਰਾਤ ਨੂੰ Air Quality Index (AQI) GE@ ਤੋਂ ਵੀ ਪਾਰ ਜਾ ਪਹੁੰਚਿਆਂ, ਜੋ ਬਹੁਤ ਹੀ ਖ਼ਤਰਨਾਕ ਮੰਨਿਆ ਜਾਂਦਾ ਹੈ। ਮਾਹਰਾਂ ਮੁਤਾਬਕ AQI 50 ਤੋਂ ਹੇਠਾਂ ਹੀ ਚੰਗਾ ਮੰਨਿਆ ਜਾਂਦਾ ਹੈ। ਇਸ ਤੋਂ ਉੱਪਰ ਜਾਣ 'ਤੇ ਹਵਾ ਦੀ ਗੁਣਵੱਤਾ ਖ਼ਰਾਬ ਹੋਣੀ ਸ਼ੁਰੂ ਹੋ ਜਾਂਦੀ ਹੈ। 150 ਤੋਂ ਪਾਰ ਤਾਂ ਇਹ ਸਿਹਤ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੰਦਾ ਹੈ, ਪਰ 300 ਤੋਂ ਉੱਪਰ ਹੋਣ 'ਤੇ ਇਸ ਨੂੰ ਖ਼ਤਰਨਾਕ ਸ਼੍ਰੇਣੀ ਵਿਚ ਮੰਨਿਆ ਜਾਂਦਾ ਹੈ। ਪਰ ਬੀਤੀ ਰਾਤ ਤਾਂ ਇਹ 753 'ਤੇ ਜਾ ਪਹੁੰਚਿਆ।

ਇਕ ਵੈੱਬਸਾਈਟ ਦੇ ਅੰਕੜਿਆਂ ਮੁਤਾਬਕ, ਕੱਲ੍ਹ ਦੁਪਹਿਰ 4 ਵਜੇ ਤਕ AQI 137 ਸੀ, ਪਰ ਸਮਾਂ ਬੀਤਣ ਦੇ ਨਾਲ-ਨਾਲ ਇਹ ਤੇਜ਼ੀ ਨਾਲ ਵੱਧਦਾ ਗਿਆ। ਰਾਤ 9 ਵਜੇ ਹੀ ਇਹ 350 ਤੋਂ ਪਾਰ ਹੋ ਗਿਆ। ਇਸ ਤੋਂ ਬਾਅਦ ਇਹ ਲਗਾਤਾਰ ਹੋਰ ਖ਼ਤਰਨਾਕ ਹੁੰਦਾ ਗਿਆ। 10 ਵਜੇ AQI 625, 11 ਵਜੇ 720, 12 ਵਜੇ 665, 1 ਵਜੇ 553, 2 ਵਜੇ 753, 3 ਵਜੇ 511 ਅਤੇ 4 ਵਜੇ 499 ਦਰਜ ਕੀਤਾ ਗਿਆ।

ਅੱਜ ਸਵੇਰੇ 11 ਵਜੇ AQI ਵਾਪਸ 181 'ਤੇ ਪਹੁੰਚ ਚੁੱਕਿਆ ਹੈ, ਪਰ ਅੱਜ ਰਾਤ ਵੀ ਕੁਝ ਲੋਕਾਂ ਵੱਲੋਂ ਦੀਵਾਲੀ ਤੇ ਬੰਦੀ ਛੋੜ ਦਿਵਸ ਮੌਕੇ ਆਤਿਸ਼ਬਾਜ਼ੀ ਕੀਤੀ ਜਾਵੇਗੀ, ਜਿਸ ਨਾਲ AQI ਵਿਚ ਇਕ ਵਾਰ ਫ਼ਿਰ ਤੋਂ ਉਛਾਲ ਆਉਣ ਦੀ ਸੰਭਾਵਨਾ ਹੈ। ਪ੍ਰਦੂਸ਼ਿਤ ਹਵਾ ਵਿਚ ਸਾਹ ਲੈਣ ਨਾਲ ਲੋਕਾਂ ਦੀ ਸਿਹਤ 'ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ।

ਇਸ ਲਈ ਬੱਚਿਆਂ, ਬੀਮਾਰਾਂ ਤੇ ਬਜ਼ੁਰਗਾਂ ਨੂੰ ਵਿਸ਼ੇਸ਼ ਤੌਰ 'ਤੇ ਇਨ੍ਹਾਂ ਦਿਨਾਂ ਵਿਚ ਖ਼ਾਸ ਧਿਆਨ ਰੱਖਣ ਦੀ ਅਪੀਲ ਕੀਤੀ ਜਾਂਦੀ ਹੈ।

# ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ 121 ਕਿਸਾਨਾਂ ਨੂੰ ਦਿੱਤੀ ਹੜ੍ਹ ਰਾਹਤ ਰਾਸ਼ੀ



**ਲੁਧਿਆਣਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਮੰਗਲਵਾਰ ਨੂੰ ਹੜ੍ਹ ਪ੍ਰਭਾਵਿਤ ਪਿੰਡਾਂ ਸਸਰਾਲੀ, ਵਲੀਪੁਰ ਖੁਰਦ ਅਤੇ ਖੁਰਸ਼ੈਦਪੁਰ ਦੇ 121 ਲਾਭਪਾਤਰੀਆਂ ਨੂੰ ਕੁੱਲ 38.15 ਲੱਖ ਰੁਪਏ ਦੀ ਰਾਹਤ ਰਾਸ਼ੀ ਵੰਡੀ। ਪੂਰੀ ਪਾਰਦਰਸ਼ਤਾ ਲਈ ਪੂਰੀ ਰਕਮ ਸਿੱਧੀ ਲਾਭ ਟ੍ਰਾਂਸਫਰ (ਡੀ.ਬੀ.ਟੀ) ਰਾਹੀਂ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੀ ਟ੍ਰਾਂਸਫਰ ਕਰ ਦਿੱਤੀ ਗਈ ਹੈ।

ਪ੍ਰਤੀਕਾਤਮਕ ਰਾਸ਼ੀ ਸਰਟੀਫਿਕੇਟ ਵੰਡ ਸਮਾਗਮ ਪਿੰਡ ਮੁੰਡੀਆਂ ਵਿਚ ਆਯੋਜਿਤ ਕੀਤਾ ਗਿਆ, ਜਿੱਥੇ ਕੈਬਨਿਟ ਮੰਤਰੀ ਨੇ ਸਤਲੁਜ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਵਿਚ ਆਏ ਹੜ੍ਹ ਨਾਲ ਤਬਾਹ ਹੋਈਆਂ ਫਸਲਾਂ ਦੇ ਕਿਸਾਨਾਂ ਨੂੰ ਨਿੱਜੀ ਤੌਰ 'ਤੇ ਸਰਟੀਫਿਕੇਟ ਸੌਂਪੇ। ਕੈਬਨਿਟ ਮੰਤਰੀ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਲਈ 24 ਘੰਟੇ ਕੰਮ ਕਰ ਰਹੀ ਹੈ ਜੋ ਕਿ ਪਿਛਲੀ ਕਿਸੇ ਸਰਕਾਰ ਨੇ ਕਦੇ ਨਹੀਂ ਕੀਤਾ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਹਰ ਪ੍ਰਭਾਵਿਤ ਪਰਿਵਾਰ ਨੂੰ ਫਸਲਾਂ ਦੇ ਨੁਕਸਾਨ ਲਈ 20,000 ਰੁਪਏ ਪ੍ਰਤੀ ਏਕੜ, ਘਰਾਂ ਦੇ ਨੁਕਸਾਨ ਲਈ 1,20,000 ਰੁਪਏ ਤੱਕ ਅਤੇ ਪਸ਼ੂਆਂ ਦੀ ਸਹਾਇਤਾ ਮਿਲੇ ਇਹ ਸਭ ਕੁਝ ਸਿਰਫ਼ 45 ਦਿਨਾਂ ਦੇ ਅੰਦਰ-ਅੰਦਰ ਹੀ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਵਿਸ਼ੇਸ਼ ਗਿਰਦਾਵਰੀ ਟੀਮਾਂ ਹਰ ਆਖਰੀ ਘਰ ਤੱਕ ਪਹੁੰਚੀਆਂ ਅਤੇ ਆਪਣੀ ਅਣਥੱਕ ਮਿਹਨਤ ਨਾਲ ਇਸ ਵਿਸ਼ਾਲ ਕਾਰਜ ਨੂੰ ਪੂਰਾ ਕੀਤਾ।

ਉਨ੍ਹਾਂ ਅੱਗੇ ਐਲਾਨ ਕੀਤਾ ਕਿ ਹਰ ਖਰਾਬ ਹੋਈ ਸੜਕ ਨੂੰ ਜਲਦੀ ਹੀ ਦੁਬਾਰਾ ਬਣਾਇਆ ਜਾਵੇਗਾ। ਹਰਦੀਪ ਸਿੰਘ ਮੁੰਡੀਆਂ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਜਲਦੀ ਹੀ ਹਰ ਪੰਜਾਬੀ ਲਈ ਪ੍ਰਤੀ ਪਰਿਵਾਰ 10 ਲੱਖ ਰੁਪਏ ਦਾ ਨਕਦ ਰਹਿਤ ਇਲਾਜ ਯਕੀਨੀ ਬਣਾਉਣ ਲਈ ਇੱਕ ਬੀਮਾ ਯੋਜਨਾ ਸ਼ੁਰੂ ਕਰੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਬੁੱਢੇਵਾਲ ਸ਼ੂਗਰ ਮਿਲਦੇ ਚੇਅਰਮੈਨ ਜੋਰਾਵਰ ਸਿੰਘ ਮੁੰਡੀਆਂ, ਕਿਸਾਨ ਵਿੰਗ ਦੇ ਕੋਆਰਡੀਨੇਟਰ ਜਸਪ੍ਰੀਤ ਸਿੰਘ ਪੰਧੇਰ, ਸਾਹਨੇਵਾਲ ਮਾਰਕਿਟ ਕਮੇਟੀ ਦੇ ਚੇਅਰਮੈਨ ਹੇਮ ਰਾਜ ਰਾਜੀ, ਮੰਤਰੀ ਪੀਏ ਰਸਪਾਲ ਸਿੰਘ, ਲੀਗਲ ਐਡਵਾਈਜ਼ਰ ਜਸਪਾਲ ਸਿੰਘ, ਇਕਬਾਲ ਸਿੰਘ ਜੰਡਾਲੀ, ਤਜਿੰਦਰ ਸਿੰਘ ਮਿੱਠੂ, ਲਾਲੀ ਹਰਾ, ਆਦੀ ਆਗੂ ਹਾਜ਼ਰ ਸਨ।

# ਦਰਜਨਾਂ ਔਰਤਾਂ ਤੋਂ ਸੋਨਾ-ਚਾਂਦੀ ਤੇ ਪੈਸੇ ਲੈ ਫ਼ਰਾਰ ਹੋਇਆ ਬਾਬਾ

**ਬਠਿੰਡਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਬੇਅੰਤ ਸਿੰਘ ਨਗਰ 'ਚ ਝਾੜ-ਫੂਕ ਕਰਨ ਵਾਲਾ ਇਕ ਬਾਬਾ ਕਰੀਬ ਚਾਰ ਦਰਜਨ ਔਰਤਾਂ ਤੋਂ ਲੱਖਾਂ ਰੁਪਏ ਦਾ ਸੋਨਾ-ਚਾਂਦੀ ਅਤੇ ਨਕਦੀ ਲੈ ਕੇ ਫ਼ਰਾਰ ਹੋ ਗਿਆ। ਥਾਣਾ ਸਿਵਲ ਲਾਈਨਜ਼ ਪੁਲਸ ਨੇ ਇੱਕ ਪੀੜਤ ਔਰਤ ਪੂਨਮ ਦੇਵੀ ਵਾਸੀ ਬੇਅੰਤ ਨਗਰ ਦੀ ਸ਼ਿਕਾਇਤ 'ਤੇ ਉਕਤ ਬਾਬੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੂਨਮ ਦੇਵੀ ਨੇ ਦੱਸਿਆ ਕਿ ਕੁੱਝ ਸਮਾਂ ਪਹਿਲਾਂ ਇੱਕ ਸੋਨੂੰ ਨਾਂ ਦਾ ਨੌਜਵਾਨ ਬੇਅੰਤ ਨਗਰ 'ਚ ਆ ਕੇ ਰਹਿਣ ਲੱਗ ਪਿਆ ਸੀ, ਜੋ ਝਾੜ-ਫੂਕ ਦਾ ਕੰਮ ਕਰਦਾ ਸੀ। ਹੌਲੀ-ਹੌਲੀ ਉਸਨੇ ਘਰਾਂ ਦਾ ਕਲੇਸ਼ ਖ਼ਤਮ ਕਰਵਾਉਣ, ਭੂਤ-ਪਰੇਤ ਕੱਢਣ ਆਦਿ ਦੇ ਨਾਂ 'ਤੇ ਕਰੀਬ ਚਾਰ ਦਰਜਨ ਔਰਤਾਂ ਨੂੰ ਆਪਣੇ ਜਾਲ ਵਿੱਚ ਫਸਾ ਲਿਆ।

ਉਸ ਸੋਨੂੰ ਬਾਬੇ ਨੇ ਔਰਤਾਂ ਨੂੰ ਕਿਹਾ ਕਿ ਉਹ ਆਪਣੇ ਘਰਾਂ ਤੋਂ ਸੋਨਾ-ਚਾਂਦੀ ਅਤੇ ਪੈਸੇ ਲੈ ਕੇ ਆਉਣ, ਉਹ ਉਨ੍ਹਾਂ ਦੇ ਸਾਰੇ ਦੁੱਖ-ਦਰਦ ਦੂਰ ਕਰ ਦੇਵੇਗਾ। ਬਾਬੇ ਨੇ ਇਹ ਵੀ ਕਿਹਾ ਕਿ ਉਹ ਸੋਨਾ-ਚਾਂਦੀ ਬਾਅਦ 'ਚ ਵਾਪਸ ਕਰ ਦੇਵੇਗਾ। ਪੂਨਮ ਨੇ ਦੱਸਿਆ ਕਿ ਉਸਨੇ ਆਪਣਾ ਮੰਗਲ ਸੂਤਰ, ਅੰਗੂਠੀਆਂ ਤੇ ਹੋਰ ਗਹਿਣੇ ਬਾਬੇ ਨੂੰ ਦੇ ਦਿੱਤੇ। ਇਸੇ ਤਰ੍ਹਾਂ ਇੱਕ ਰਾਜੂ ਨਾਂ ਦੇ ਵਿਅਕਤੀ ਨੇ ਵੀ ਆਪਣੀ ਪਤਨੀ ਦਾ ਮੰਗਲ ਸੂਤਰ ਅਤੇ ਲਾਕੇਟ ਬਾਬੇ ਨੂੰ ਦੇ ਦਿੱਤਾ।

ਇਸ ਤਰ੍ਹਾਂ ਕਰੀਬ 45 ਔਰਤਾਂ ਨੇ ਸੋਨੂੰ ਬਾਬੇ ਨੂੰ ਆਪਣੇ ਗਹਿਣੇ ਸੌਂਪ ਦਿੱਤੇ ਅਤੇ ਆਪਣੇ ਦੁੱਖਾਂ ਦੇ ਅੰਤ ਦੀ ਉਡੀਕ ਕਰਨ ਲੱਗ ਪਈਆਂ ਪਰ ਅਚਾਨਕ ਕੁੱਝ ਦਿਨ ਪਹਿਲਾਂ ਬਾਬਾ ਸਾਰਾ ਸੋਨਾ-ਚਾਂਦੀ ਅਤੇ ਪੈਸਾ ਲੈ ਕੇ ਗਾਇਬ ਹੋ ਗਿਆ। ਜਦੋਂ ਔਰਤਾਂ ਬਾਬੇ ਦੇ ਘਰ ਪਹੁੰਚੀਆਂ ਤਾਂ ਪਤਾ ਲੱਗਿਆ ਕਿ ਉਹ ਉੱਥੇ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਉਸ ਬਾਬੇ ਨੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਦਿਆਂ ਵੱਡੀ ਠੱਗੀ ਕੀਤੀ ਹੈ। ਥਾਣਾ ਸਿਵਲ ਲਾਈਨਜ਼ ਪੁਲਸ ਨੇ ਸੋਨੂੰ ਬਾਬੇ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਉਸ ਦੀ ਤਲਾਸ਼ ਜਾਰੀ ਹੈ।

# ਬਿਊਟੀ ਪਾਰਲਰ 'ਚ ਹੋ ਗਈ ਜ਼ਬਰਦਸਤ ਲੜਾਈ, ਚੱਲ ਗਈਆਂ ਗੋਲ਼ੀਆਂ

**ਲੁਧਿਆਣਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੋਧੇਵਾਲ ਥਾਣੇ ਦੀ ਪੁਲਸ ਨੇ ਇਕ ਵਿਅਕਤੀ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨ ਵਾਲੇ 7 ਮੁਲਜ਼ਮਾਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਦਲਬੀਰ ਸਿੰਘ ਨੇ ਦੱਸਿਆ ਕਿ ਸ਼ਨੀਵਾਰ ਨੂੰ ਫਾਂਬੜਾ ਰੋਡ 'ਤੇ ਪ੍ਰੇਮ ਵਿਹਾਰ ਕਾਲੋਨੀ 'ਚ ਕੁਝ ਵਸਨੀਕਾਂ ਨੇ ਗੁਆਂਢੀਆਂ ਨਾਲ ਝਗੜੇ ਕਾਰਨ ਇਕ ਵਿਅਕਤੀ ਨੂੰ ਮਾਰਨ ਦੇ ਇਰਾਦੇ ਨਾਲ ਗੋਲੀ ਚਲਾਈ। ਵਿਅਕਤੀ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਡੀ. ਐੱਮ. ਸੀ. ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ।

ਵਿਨੋਦ ਸ਼ਰਮਾ ਦੀ ਪਤਨੀ ਆਰਤੀ ਸ਼ਰਮਾ ਜੋ ਕਿ ਕੱਲ੍ਹ ਰਾਤ ਗੰਭੀਰ ਜ਼ਖਮੀ ਹੋ ਗਈ ਸੀ, ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਸ਼ਨੀਵਾਰ 18 ਅਕਤੂਬਰ ਨੂੰ ਸੰਜੇ ਸ਼ਰਮਾ ਦੀ ਪਤਨੀ ਅਨੀਤਾ ਕੁਝ ਲੋਕਾਂ ਦੇ ਨਾਲ ਧੀ ਦੀ ਬਿਊਟੀ-ਪਾਰਲਰ ਦੀ ਦੁਕਾਨ 'ਤੇ ਪਹੁੰਚੀ। ਦੋਸ਼ੀ, ਉਸ ਦੇ ਪਤੀ, ਵਿਨੋਦ ਸ਼ਰਮਾ ਅਤੇ ਉਸ ਦੀ ਸੱਸ ਵਿਚਕਾਰ ਝਗੜੇ ਕਾਰਨ, ਬਹਿਸ ਕਰਨ ਲੱਗ ਪਿਆ ਅਤੇ ਉਸ ਨਾਲ ਗਾਲੀ-ਗਲੋਚ ਕਰਨ ਲੱਗ ਪਿਆ। ਉਨ੍ਹਾਂ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ, ਜਿਸ ਤੋਂ ਬਾਅਦ ਦੋਸ਼ੀ ਨੇ ਉਸ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ, ਜਿਸ ਤੋਂ ਬਾਅਦ ਸਾਰੇ ਆਪਣੇ ਘਰ ਵਾਪਸ ਚਲੇ ਗਏ।

ਇਸ ਦੌਰਾਨ ਦੀਪਕ ਕੁਮਾਰ, ਮਨੀਸ਼ ਗੁਪਤਾ ਅਤੇ ਅਮਰਜੀਤ ਸਿੰਘ ਰਾਜੂ ਉਨ੍ਹਾਂ ਦੀ ਕਾਰ 'ਚ ਆਏ ਅਤੇ ਜਿਉਂ ਹੀ ਉਹ ਪਹੁੰਚੇ, ਉਨ੍ਹਾਂ ਨੇ ਉਸ ਦੇ ਪਤੀ ਵਿਨੋਦ ਸ਼ਰਮਾ ਨੂੰ ਮਾਰਨ ਦੇ ਇਰਾਦੇ ਨਾਲ ਫੜ ਲਿਆ ਅਤੇ ਦੀਪਕ ਕੁਮਾਰ ਨੇ ਗੋਲੀ ਚਲਾ ਦਿੱਤੀ। ਇਸ ਤੋਂ ਬਾਅਦ ਦੋਸ਼ੀਆਂ ਵਲੋਂ ਗੋਲੀ ਚਲਾਉਣ ਤੋਂ ਬਾਅਦ ਵੀ ਉਨ੍ਹਾਂ ਦੀ ਕੁੱਟਮਾਰ ਕੀਤੀ ਗਈ। ਜਦੋਂ ਉਸ ਨੇ ਰੌਲਾ ਪਾਇਆ ਤਾਂ ਲੋਕ ਉਥੇ ਇਕੱਠੇ ਹੋਣੇ ਸ਼ੁਰੂ ਹੋ ਗਏ, ਜਿਸ ਤੋਂ ਬਾਅਦ ਦੋਸ਼ੀ ਧਮਕੀਆਂ ਦਿੰਦੇ ਹੋਏ ਮੌਕੇ ਤੋਂ ਭੱਜ ਗਏ।

# ਪੜ੍ਹਾਈ ਦੇ ਨਾਲ-ਨਾਲ ਲੜਕੀਆਂ ਖੇਡਾਂ ਵਿਚ ਵੀ ਅਹਿਮ ਰੌਲ ਅਦਾ ਕਰ ਰਹੀਆਂ : ਦਾਤੇਵਾਸ



**ਬਠਿੰਡਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੇ ਸਰਕਾਰੀ ਸੀਨੀਅਰ ਸਕੰਡਰੀ ਸਕੂਲ ਲੜਕੀਆਂ ਵਿਖੇ 69ਵੀਆਂ ਪੰਜਾਬ ਰਾਜ ਸਕੂਲ ਖੇਡਾਂ ਅੰਡਰ 14 ਸਾਲ ਲੜਕੀਆਂ ਦੇ ਸਟੇਟ ਪੱਧਰੀ ਮੁਕਾਬਲੇ ਜ਼ਿਲ੍ਹਾ ਸਿੱਖਿਆ ਅਫਸਰ ਨੀਲਮ ਰਾਣੀ, ਜ਼ਿਲ੍ਹਾ ਖੇਡ ਅਫ਼ਸਰ ਅੰਮ੍ਰਿਤਪਾਲ ਸਿੰਘ, ਪ੍ਰਿੰਸੀਪਲ ਗੁਰਮੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਬੁਢਲਾਡਾ ਵਿਖੇ ਹੋਈਆਂ। ਇਸ ਸੂਬਾ ਪੱਧਰੀ ਖੇਡਾਂ ਵਿਚ ਭਾਜਪਾ ਜ਼ਿਲ੍ਹਾ ਮਾਨਸਾ ਦੇ ਮੀਤ ਪ੍ਰਧਾਨ ਕਾਕਾ ਅਮਰਿੰਦਰ ਸਿੰਘ ਦਾਤੇਵਾਸ ਮੁੱਖ ਮਹਿਮਾਨ ਤੌਰ ਸ਼ਾਮਲ ਹੋਏ ਅਤੇ ਖਿਡਾਰਣਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਹੌਸਲੇ ਨਾਲ ਖੇਡਣ ਲਈ ਪ੍ਰੇਰਤ ਕੀਤਾ। ਕਾਕਾ ਅਮਰਿੰਦਰ ਸਿੰਘ ਦਾਤੇਵਾਸ ਭਾਜਪਾ ਆਗੂ ਨੇ ਕਿਹਾ ਲੜਕੀਆਂ ਜਿੱਥੇ ਪੜ੍ਹਾਈ ਵਿਚ ਮੱਲਾਂ ਮਾਰ ਰਹੀਆਂ ਹਨ, ਉਥੇ ਹੀ ਖੇਡਾਂ ਵਿਚ ਵੀ ਮੋਹਰੀ ਰੋਲ ਅਦਾ ਕਰ ਰਹੀ ਹਨ। ਜ਼ਿਲ੍ਹਾ ਖੇਡ ਅਫ਼ਸਰ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਖੇਡਾਂ ਵਿਚ ਪੰਜਾਬ ਦੇ 23 ਜ਼ਿਲ੍ਹਿਆਂ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਇਸ ਦੇ ਆਲ ਓਵਰ ਇੰਚਾਰਜ ਰਾਜ ਖਾਂ ਗਰਾਊਂਡ ਕਨਵੀਨਰ ਨਾਇਬ ਖਾਂ ਅਤੇ ਯਾਦਵਿੰਦਰ ਸਿੰਘ ਦੀ ਦੇਖ ਰੇਖ ਵਿਚ ਹੋ ਰਹੀਆਂ ਹਨ। ਇਸ ਮੌਕੇ ਭਾਜਪਾ ਆਗੂ ਅਮਨਦੀਪ ਸਿੰਘ ਗੁਰੂ ਵੀ ਮੌਜੂਦ ਸਨ। ਇਸ ਦੇ ਪ੍ਰਬੰਧਕ ਗੁਰਦੀਪ ਸਿੰਘ ਡੀ ਪੀ ਬੁਢਲਾਡਾ ਦਰਸ਼ਨ ਸਿੰਘ ਡੀ. ਪੀ. ਏਕਮ ਸਿੰਘ ਡੀ. ਪੀ. ਨਗਿਦਰ ਸਿੰਘ ਜਗਮੇਲ ਸਿੰਘ ਡੀ. ਪੀ. ਲੈਕਚਰਾਰ ਰਵਿੰਦਰ ਬਿੱਟੂ, ਅਵਤਾਰ ਗੜ੍ਹਦੀ, ਰਾਜਪਾਲ ਸਿੰਘ, ਦਲਵਿੰਦਰ ਸਿੰਘ, ਜਗਦੀਪ ਸਿੰਘ ਅਤੇ ਮਾਨਸਾ ਦੇ ਹੋਰ ਸਪੋਰਟਸ ਅਧਿਆਪਕ ਹਾਜ਼ਰ ਸਨ।

# ਮਿਲਾਵਟੀ ਦੁੱਧ ਤੇ ਮਠਿਆਈਆਂ ਦਾ ਕਾਰੋਬਾਰ ਲੋਕਾਂ ਨੂੰ ਪਾ ਸਕਦੈ ਵੱਡੀ ਮੁਸ਼ਕਲ 'ਚ !



**ਚੰਡੀਗੜ੍ਹ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਜੇ ਇਕ ਦਿਨ ਹੀ ਹੋਇਆ ਹੈ ਦੀਵਾਲੀ ਦੇ ਤਿਉਹਾਰ ਨੂੰ ਪਰ ਸਮੁੱਚੇ ਪੰਜਾਬ ਵਿਚ ਨਕਲੀ ਚੀਜ਼ਾਂ ਦੀ ਭਰਮਾਰ ਜਾਰੀ ਹੈ। ਆਬਾਦੀ ਅਨੁਸਾਰ ਦੁੱਧ ਦੀ ਪੈਦਾਵਾਰ ਘੱਟ ਹੋਣ ਦੇ ਚੱਲਦਿਆਂ ਅਤੇ ਤਿਉਹਾਰਾਂ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਦੁੱਧ ਦੀ ਕਮੀ ਨੂੰ ਪੂਰਾ ਕਰਨ ਲਈ ਕੁਝ ਲੋਕਾਂ ਵਲੋਂ ਕਥਿਤ ਤੌਰ 'ਤੇ ਕੈਮੀਕਲ ਦੀ ਮਦਦ ਨਾਲ ਕੁਵਿੰਟਲਾਂ ਦੇ ਹਿਸਾਬ ਨਾਲ ਨਕਲੀ ਅਤੇ ਮਿਲਾਵਟੀ ਦੁੱਧ ਤਿਆਰ ਕਰਨ ਦੀਆਂ ਕਨਸੋਹਾਂ ਮਿਲ ਰਹੀਆਂ ਹਨ ਜਿਸ ਦੀ ਵਰਤੋਂ ਜ਼ਿਆਦਾਤਰ ਪੰਜਾਬ ਹਰਿਆਣਾ ਹੱਦ ਦੇ ਇਲਾਕਿਆਂ 'ਚ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਉਥੇ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ 'ਚ ਵੱਖ-ਵੱਖ ਦੁਕਾਨਾਂ 'ਤੇ ਛਾਪਾਮਾਰੀ ਕਰਦਿਆਂ ਦੁੱਧ, ਬਰਫੀ, ਖੋਆ, ਸਿਲਵਰ ਵਰਕ ਵਾਲੀਆਂ ਮਠਿਆਈਆਂ, ਰੰਗ ਵਾਲੀਆਂ ਮਠਿਆਈਆਂ, ਦੇਸੀ ਘਿਓ, ਹਲਦੀ ਮਿਰਚ ਅਤੇ ਕੱਲਰ ਕੀਤੀਆਂ ਵੱਖ-ਵੱਖ ਵਸਤਾਂ ਦੇ 55 ਸੈਂਪਲ ਲਏ ਜਾ ਚੁੱਕੇ ਹਨ। ਡੁਪਲੀਕੇਟ ਸਾਮਾਨ ਵੇਚਣ ਵਾਲਿਆਂ 'ਚ ਹਫੜਾ-ਤਫੜੀ ਮਚੀ ਹੋਈ ਹੈ।

ਲੋਕਾਂ ਨੂੰ ਜਾਗਰੂਕ ਕਰਦਿਆਂ ਸਿਹਤ ਵਿਭਾਗ ਵੱਲੋਂ ਆਮ ਜਨਤਾ ਨੂੰ ਤਿਓਹਾਰਾਂ ਦੇ ਦਿਨਾਂ 'ਚ ਮਠਿਆਈਆਂ ਦੀ ਘੱਟੋ-ਘੱਟ ਵਰਤੋਂ ਕਰਨ ਲਈ ਸੁਚੇਤ ਕੀਤਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਤਿਉਹਾਰਾਂ ਦੇ ਦਿਨਾਂ 'ਚ ਵੱਡੀ ਪੱਧਰ 'ਤੇ ਨਕਲੀ ਖੋਆ, ਸਨਥੈਟਿਕ ਦੁੱਧ ਵਿਕਣ ਲਈ ਮਾਰਕੀਟ ਵਿੱਚ ਪੁੱਜ ਚੁੱਕਾ ਹੈ। ਹੈਰਾਨੀ ਦੀ ਗੱਲ ਹੈ ਹਲਵਾਈ ਨਾ ਹੋਣ ਦੇ ਬਾਵਜੂਦ ਮਠਿਆਈਆਂ ਲਿਆ ਕੇ ਵੇਚੀਆਂ ਜਾ ਰਹੀਆਂ ਹਨ। ਉਥੇ ਆਮ ਲੋਕਾਂ ਦਾ ਕਹਿਣਾ ਹੈ ਕਿ ਤਿਓਹਾਰਾਂ ਦੇ ਸੀਜ਼ਨ 'ਚ ਮਿਲਾਵਟੀ ਲੋਕਾਂ ਨੇ ਕਰਿਆਣੇ ਦੇ ਸਾਮਾਨ ਹਲਦੀ, ਮਿਰਚਾਂ, ਮਸਾਲੇ, ਰਿਫਾਇੰਡ ਵੀ ਮਾਰਕੀਟ ਵਿੱਚ ਡੁਪਲੀਕੇਟ ਵੇਚਣ ਦੀਆਂ ਕਨਸੋਹਾਂ ਹਨ ਪਰ ਸਿਹਤ ਨਾਲ ਹੋ ਰਹੇ ਖਿਲਵਾੜ ਨੂੰ ਰੋਕਣ ਲਈ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਸਿਰਫ ਕਾਗਜ਼ੀ ਕਾਰਵਾਈ ਤੱਕ ਹੀ ਸੀਮਿਤ ਹੁੰਦੇ ਵੇਖੇ ਜਾ ਸਕਦੇ ਹਨ ਜੋ ਹਰ ਵਾਰ ਦੀਵਾਲੀ ਦੇ ਸੀਜ਼ਨ ਦੌਰਾਨ ਹੀ ਨਜ਼ਰ ਆਉਂਦੀ ਹੈ। ਜ਼ਿਕਰਯੋਗ ਹੈ ਕਿ ਇਸ ਮਿਲਾਵਟੀ ਸਾਮਾਨ ਹਲਦੀ, ਮਿਰਚਾਂ, ਮਸਾਲਾ ਅਤੇ ਰਿਫਾਇੰਡ ਤੋਂ ਇਲਾਵਾ ਨਕਲੀ ਦੁੱਧ ਤੋਂ ਤਿਆਰ ਮਠਿਆਈਆਂ ਦੀ ਵਰਤੋਂ ਨਾਲ ਲੋਕ ਕੈਂਸਰ, ਆਂਤੜੀ ਰੋਗ, ਕਾਲਾ ਪੀਲੀਆ, ਕਿਡਨੀਆਂ ਦੀਆਂ ਭਿਆਨਕ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ, ਜਿਸ ਨੂੰ ਸਮੇਂ ਤੇ ਰੋਕਣ ਲਈ ਪ੍ਰਸ਼ਾਸਨ ਨੂੰ ਸਖਤ ਕਦਮ ਚੁੱਕਣ ਦੀ ਬਹੁਤ ਜ਼ਿਆਦਾ ਲੋੜ ਹੈ।

**ਤੇਜ਼ੀ ਨਾਲ ਫੈਲ ਰਿਹਾ ਕਾਲਾ ਕਾਰੋਬਾਰ**

ਪੰਜਾਬ ਹਰਿਆਣਾ ਹੱਦ ਦੇ ਖੇਤਰ 'ਚ ਚੈਕਿੰਗ ਦਾ ਡਰ ਨਾ ਹੋਣ ਕਾਰਨ ਕੁਝ ਮੁਨਾਫਾਖੋਰ ਵਪਾਰੀ ਨਕਲੀ ਅਤੇ ਮਿਲਾਵਟੀ ਦੁੱਧ, ਮਠਿਆਈਆਂ ਅਤੇ ਕਰਿਆਣੇ ਦਾ ਡੁਪਲੀਕੇਟ ਸਾਮਾਨ ਤਿਆਰ ਕਰ ਰਹੇ ਹਨ, ਜਿਸ ਨਾਲ ਉਨ੍ਹਾਂ ਦੀ ਰੋਜ਼ਾਨਾ ਚਾਂਦੀ ਹੋ ਰਹੀ ਹੈ। ਕਿਉਂ ਕਿ ਪੰਜਾਬ ਹਰਿਆਣਾ ਹੱਦ ਦੇ ਬਾਰਡਰ ਤੇ ਸਵੇਰੇ ਮੂੰਹ ਹਨ੍ਹੇਰੇ ਦੁੱਧ ਨਾਲ ਭਰੇ ਟੈਂਕਰ ਅਤੇ ਮਠਿਆਈਆਂ ਹਰਿਆਣੇ ਵਾਲੇ ਪਾਸਿਓਂ ਪੰਜਾਬ 'ਚ ਦਾਖਲ ਹੋਣ ਦੀਆਂ ਕਨਸੋਹਾਂ ਹਨ ਜਿਨ੍ਹਾਂ ਦੀ ਵਿਭਾਗੀ ਕੋਈ ਚੈਕਿੰਗ ਨਹੀਂ ਕੀਤੀ ਜਾ ਰਹੀ। ਮੁਨਾਫਾਖੋਰਾਂ ਨੇ ਸਫੇਦ ਦੁੱਧ ਨੂੰ ਕਾਲਾ ਧੰਦਾ ਬਣਾ ਲਿਆ ਹੈ।

**ਕਿਸ ਤਰ੍ਹਾਂ ਤਿਆਰ ਹੁੰਦੈ ਨਕਲੀ ਦੁੱਧ**

ਸੂਤਰਾਂ ਤੋਂ ਪਤਾ ਲੱਗਾ ਹੈ ਜ਼ਿਆਦਾ ਮੁਨਾਫਾ ਹਾਸਲ ਕਰਨ 'ਚ ਲੱਗੇ ਕੁਝ ਲੋਕ ਨਕਲੀ ਅਤੇ ਮਿਲਾਵਟੀ ਦੁੱਧ ਨੂੰ ਤਿਆਰ ਕਰਨ ਲਈ ਪਹਿਲਾਂ ਮਾਲਟੋਡੈਕਸ ਪਾਊਡਰ ਪਾਣੀ, ਰਿਫਾਇੰਡ ਆਇਲ ਮਿਲਾਉਂਦੇ ਹੋਏ ਇਕ ਘੋਲ ਅਤੇ ਮਸ਼ੀਨ ਦੀ ਮਦਦ ਨਾਲ ਚੰਗੀ ਤਰ੍ਹਾਂ ਮਿਕਸ ਕੀਤਾ ਜਾਂਦਾ ਹੈ ਜਿਸ ਤੋਂ ਬਾਅਦ ਗਰੈਵਟੀ ਨੂੰ ਵਧਾਉਣ ਲਈ ਬੀ ਆਰ (ਗੂੰਦ ਵਰਗੇ ਪਦਾਰਥ) ਦਾ ਇਸਤੇਮਾਲ ਵੀ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਇਹ ਨਕਲੀ ਦੁੱਧ ਅਸਲੀ ਵਾਂਗ ਤਿਆਰ ਹੋ 50 ਤੋਂ 60 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਜ਼ਹਿਰ ਬਣ ਲੋਕਾਂ ਤੱਕ ਪੁੱਜ ਰਿਹਾ ਹੈ। ਇਸ ਨੂੰ ਤਿਆਰ ਕਰਨ ਲਈ ਕਈ ਵਾਰ ਯੂਰੀਆ, ਤੇਲ, ਕਾਸਟਿਕ ਸੋਡਾ ਅਤੇ ਸੈਂਟ ਦੀ ਵੀ ਵਰਤੋਂ ਕੀਤੀ ਜਾਂਦੀ ਹੈ।

**ਰੁਕ ਸਕਦਾ ਹੈ ਸਰੀਰਕ ਵਿਕਾਸ : ਡਾ. ਸੁਮਿਤ**

ਸਿਵਲ ਹਸਪਤਾਲ ਦੇ ਸੀਨੀਅਰ ਡਾ. ਸੁਮਿਤ ਐੱਮ. ਡੀ. ਮੈਡੀਸਨ ਨੇ ਦੱਸਿਆ ਕਿ ਮਿਲਾਵਟੀ ਦੁੱਧ ਦੀ ਵਰਤੋਂ ਨਾਲ ਬੱਚਿਆਂ ਦਾ ਜਿੱਥੇ ਸਰੀਰਕ ਵਿਕਾਸ ਰੁਕ ਜਾਂਦਾ ਹੈ ਉੱਥੇ ਉਹ ਦਿਮਾਗੀ ਤੌਰ ਉੱਪਰ ਵੀ ਕਮਜ਼ੋਰ ਹੋ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਪੌਸ਼ਟਿਕ ਖੁਰਾਕ ਦੇ ਨਾਲ-ਨਾਲ ਦੁੱਧ ਅਤੇ ਦਹੀਂ ਦੇਣਾ ਬਹੁਤ ਜ਼ਰੂਰੀ ਹੈ, ਜਿਸ ਨਾਲ ਹੱਡੀਆਂ 'ਚ ਮਜ਼ਬੂਤੀ ਪੈਦਾ ਹੁੰਦੀ ਹੈ ਜੋ ਸਰੀਰਕ ਵਿਕਾਸ ਦਾ ਅਹਿਮ ਰੋਲ ਹੁੰਦਾ ਹੈ।

ਉਨ੍ਹਾਂ ਦੱਸਿਆ ਕਿ ਬੱਚਿਆਂ ਦੇ 20 ਸਾਲ ਤੱਕ ਦੇ ਵਿਕਾਸ ਵਾਲੇ ਸਮੇਂ 'ਚ ਦੁੱਧ ਅਹਿਮ ਰੋਲ ਨਿਭਾਉਂਦਾ ਹੈ। ਆਮ ਹੀ ਵੇਖਣ ਨੂੰ ਮਿਲਦਾ ਹੈ ਕਿ ਬੱਚਿਆਂ ਨੂੰ ਵਧਣ-ਫੁੱਲਣ ਲਈ ਕੈਲਸ਼ੀਅਮ ਯੁੱਕਤ ਦੁੱਧ ਦਿੱਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਦੇ ਸਰੀਰ ਦਾ ਬਿਹਤਰ ਵਿਕਾਸ ਹੋ ਸਕੇ।

ਦੁੱਧ ਪੀਣ ਦੀ ਸਲਾਹ ਡਾਕਟਰਾਂ ਵਲੋਂ ਵੀ ਦਿੱਤੀ ਜਾਂਦੀ ਹੈ ਪ੍ਰੰਤੂ ਅੱਜ ਕੱਲ ਬਾਜ਼ਾਰ ਚ ਮਿਲਾਵਟੀ ਦੁੱਧ ਦੇ ਨਾਲ-ਨਾਲ ਨਕਲੀ ਦੁੱਧ ਦੇ ਮਿਲਣ ਕਾਰਨ ਬੱਚਿਆਂ ਦਾ ਭਵਿੱਖ ਖਤਰੇ ਵੱਲ ਜਾਂਦਾ ਨਜ਼ਰ ਆ ਰਿਹਾ ਹੈ। ਡਾ. ਸੁਮਿਤ ਨੇ ਦੱਸਿਆ ਕਿ ਕੈਮੀਕਲ ਨਾਲ ਤੇ ਤਿਆਰ ਕੀਤੇ ਗਏ ਨਕਲੀ ਦੁੱਧ ਦੀ ਵਰਤੋਂ ਨਾਲ ਬੱਚੇ ਕਾਲਾ ਪੀਲੀਆ, ਲੀਵਰ 'ਚ ਖਰਾਬੀ, ਆਂਤੜੀ ਰੋਗ, ਬਦਹਜ਼ਮੀ, ਕਿਡਨੀਆਂ ਖਰਾਬ ਹੋਣ ਦੇ ਸ਼ਿਕਾਰ ਹੋ ਸਕਦੇ ਹਨ।

**ਨਕਲੀ ਦੁੱਧ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਦੋਧੀ**

ਦੋਧੀ ਬਲਜੀਤ ਸਿੰਘ ਨੇ ਨਕਲੀ ਦੁੱਧ ਦਾ ਕਾਰੋਬਾਰ ਕਰਨ ਵਾਲੇ ਲੋਕਾਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਕੋਈ ਵੀ ਵਿਅਕਤੀ ਨਕਲੀ ਦੁੱਧ ਦਾ ਕਾਰੋਬਾਰ ਕਰਦਾ ਫੜਿਆ ਗਿਆ ਤਾਂ ਯੂਨੀਅਨ ਉਸਦਾ ਡੱਟ ਕੇ ਵਿਰੋਧ ਕਰੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਿਹਤ ਨਾਲ ਖਿਲਵਾੜ ਕਰਨ ਵਾਲੇ ਅਜਿਹੇ ਲੋਕਾਂ ਨੂੰ ਪੁਲਸ ਹਵਾਲੇ ਕੀਤਾ ਜਾਵੇ।

ਨਕਲੀ ਮਿਲਾਵਟੀ ਕਾਰੋਬਾਰ 'ਤੇ ਚੋਟ ਕਰਦਿਆਂ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਰਣਜੀਤ ਰਾਏ ਨੇ ਕਿਹਾ ਕਿ ਮਿਲਾਵਟ ਕਰਨ ਵਾਲਾ ਕੋਈ ਵੀ ਵਿਅਕਤੀ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਧਿਆਨ ਹਿੱਤ ਆਉਣ ਤੇ ਸੈਂਪਲ ਲਏ ਜਾਣਗੇ ਅਤੇ ਜਾਂਚ ਕਰਵਾਈ ਜਾਵੇਗੀ। ਜ਼ਿਲ੍ਹੇ 'ਚ ਹੁਣ ਤੱਕ ਖਾਣ-ਪੀਣ ਵਾਲੀਆਂ ਵਸਤਾਂ ਦੀ ਵੱਡੀ ਪੱਧਰ 'ਤੇ ਚੈਕਿੰਗ ਕੀਤੀ ਜਾ ਚੁੱਕੀ ਹੈ।

# ਟਰੱਕ ਯੂਨੀਅਨ ਲਹਿਰਾਗਾਗਾ ਦੀ ਹੜਤਾਲ ਖਤਮ



**ਲਹਿਰਾਗਾਗਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰੱਕ ਰਾਹੀਂ ਸਰਕਾਰੀ ਮਾਲ ਦੀ ਲੋਡਿੰਗ ਨੂੰ ਲੈ ਕੇ ਲਹਿਰਾ ਗਾਗਾ ਦੀ ਟਰੱਕ ਯੂਨੀਅਨ ਵੱਲੋਂ ਹੜਤਾਲ ਕੀਤੀ ਗਈ ਸੀ ਜਿਸ ਨੂੰ ਕੈਬਨਿਟ ਮੰਤਰੀ ਬਰਿੰਦਰ ਗੋਇਲ ਦੇ ਪੁੱਤਰ ਐਡਵੋਕੇਟ ਗੌਰਵ ਗੋਇਲ ਅਤੇ ਭਤੀਜੇ ਲੱਕੀ ਗੋਇਲ, ਡੀਐਸਪੀ ਦੀਪਇੰਦਰਪਾਲ ਸਿੰਘ ਜੇਜੀ, ਸਿਟੀ ਇੰਚਾਰਜ ਗੁਰਦੇਵ ਸਿੰਘ ਨੇ ਖਤਮ ਕਰਵਾਉਂਦਿਆਂ ਦੋਵੇਂ ਪ੍ਰਧਾਨਾਂ ਵਿੱਚ ਸਮਝੌਤਾ ਕਰਵਾ ਦਿੱਤਾ ਹੈ।

ਟਰੱਕ ਯੂਨੀਅਨ ਦੇ ਮੌਜੂਦਾ ਪ੍ਰਧਾਨ ਗੁਰਸੇਵਕ ਸਿੰਘ ਗਾਗਾ ਨੇ ਦੱਸਿਆ ਕਿ ਉਸ ਦੀ ਪ੍ਰਧਾਨਗੀ ਵਿੱਚ ਟਰੱਕ ਯੂਨੀਅਨ ਦੇ ਬਹੁਤ ਸਾਰੇ ਕੰਮ ਕੀਤੇ ਗਏ ਹਨ ਅਤੇ ਲਗਾਤਾਰ ਕਰ ਰਹੇ ਹਾਂ। ਉਨ੍ਹਾਂ ਕੈਬਨਿਟ ਮੰਤਰੀ ਬਰਿੰਦਰ ਗੋਇਲ 'ਤੇ ਵਿਸ਼ਵਾਸ਼ ਪ੍ਰਗਟ ਕਰਦਿਆਂ ਕਿਹਾ ਕਿ ਉਹ ਪਾਰਟੀ ਦੇ ਵਫਾਦਾਰ ਸਿਪਾਹੀ ਹਨ। ਇਸ ਮੌਕੇ ਸਾਬਕਾ ਟਰੱਕ ਯੂਨੀਅਨ ਪ੍ਰਧਾਨ ਕੁਲਦੀਪ ਸਿੰਘ ਨੇ ਦੱਸਿਆ ਕਿ ਗੌਰਵ ਗੋਇਲ ਅਤੇ ਪ੍ਰਸ਼ਾਸਨ ਵੱਲੋਂ ਜੋ ਮਸਲੇ ਸਨ ਉਨ੍ਹਾਂ ਨੂੰ ਮਿਲ ਬੈਠ ਕੇ ਹੱਲ ਕਰਵਾ ਦਿੱਤਾ ਗਿਆ ਹੈ, ਇਸ ਤੋਂ ਇਲਾਵਾ ਟੈਂਡਰਾਂ ਸਬੰਧੀ ਜਾਂ ਹੋਰ ਗਿਲੇ-ਸ਼ਿਕਵੇ ਵੀ ਦੂਰ ਹੋ ਗਏ ਹਨ। ਇੱਥੇ ਇਹ ਦੱਸਣਯੋਗ ਹੈ ਕਿ ਸਰਕਾਰੀ ਮਾਲ ਦੀ ਲੋਡਿੰਗ ਸਬੰਧੀ ਇੱਕ ਟੈਂਡਰ ਸਾਬਕਾ ਪ੍ਰਧਾਨ ਵੱਲੋਂ ਘੱਟ ਰੇਟ ਦੇ ਪਾਇਆ ਗਿਆ ਸੀ ਜਿਸ ਕਾਰਨ ਟਰੱਕ ਯੂਨੀਅਨ ਅਤੇ ਸਾਬਕਾ ਪ੍ਰਧਾਨ ਵਿੱਚ ਰੌਲਾ ਚੱਲ ਰਿਹਾ ਸੀ ਜਿਸ ਨੂੰ ਅੱਜ ਹੱਲ ਕਰ ਲਿਆ ਗਿਆ ਅਤੇ ਮੰਡੀ ਵਿੱਚ ਲੋਡਿੰਗ ਦਾ ਕੰਮ ਸਹੀ ਤਰੀਕੇ ਨਾਲ ਚੱਲ ਪਿਆ ਹੈ।

# ਤਰਨਤਾਰਨ ਜ਼ਿਮਨੀ ਚੋਣ ਲਈ 19 ਉਮੀਦਵਾਰ ਮੈਦਾਨ 'ਚ ਸਕਰੂਟਨੀ ਸ਼ੁਰੂ, 11 ਨਵੰਬਰ ਨੂੰ ਹੋਵੇਗੀ ਚੋਣ

**ਤਰਨਤਾਰਨ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਤਰਨਤਾਰਨ ਵਿਧਾਨ ਸਭਾ ਹਲਕੇ ਲਈ ਹੋ ਰਹੀਆਂ ਉਪਚੋਣਾਂ ਵਿੱਚ ਨਾਮਜ਼ਦਗੀ ਪ੍ਰਕਿਰਿਆ ਪੂਰੀ ਹੋ ਚੁੱਕੀ ਹੈ। ਚੋਣ ਕਮਿਸ਼ਨ ਨੂੰ 21 ਅਕਤੂਬਰ ਸ਼ਾਮ 5 ਵਜੇ ਤੱਕ ਕੁੱਲ 19 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਪ੍ਰਾਪਤ ਹੋਏ ਹਨ। ਹੁਣ ਸਕਰੂਟਨੀ ਦੀ ਪ੍ਰਕਿਰਿਆ ਕੱਲ੍ਹ (ਬੁੱਧਵਾਰ) ਤੋਂ ਸ਼ੁਰੂ ਹੋਵੇਗੀ, ਜਦਕਿ ਉਮੀਦਵਾਰਾਂ ਕੋਲ 24 ਅਕਤੂਬਰ ਤੱਕ ਆਪਣੇ ਨਾਮ ਵਾਪਸ ਲੈਣ ਦਾ ਸਮਾਂ ਹੋਵੇਗਾ। ਵੋਟਿੰਗ 11 ਨਵੰਬਰ ਨੂੰ ਕਰਵਾਈ ਜਾਵੇਗੀ। ਇਹ ਸੀਟ ਕਸ਼ਮੀਰ ਸਿੰਘ ਸੋਹਲ ਦੇ ਤਿੰਨ ਮਹੀਨੇ ਪਹਿਲਾਂ ਦੇ ਦੇਹਾਂਤ ਤੋਂ ਬਾਅਦ ਖਾਲੀ ਹੋਈ ਸੀ। ਇਸ ਵਾਰ ਚੋਣ ਮੈਦਾਨ ਵਿੱਚ ਚਾਰ ਪ੍ਰਮੁੱਖ ਪਾਰਟੀਆਂ ਦੇ ਨਾਲ ਇੱਕ ਖਾਲਿਸਤਾਨ ਸਮਰਥਕ ਪਾਰਟੀ ਦੇ ਉਮੀਦਵਾਰ ਨੇ ਵੀ ਦਾਖਲਾ ਲਿਆ ਹੈ। ਭਾਵ ਕਿ ਆਮ ਆਦਮੀ ਪਾਰਟੀ ਦੇ ਹਰਮੀਤ ਸਿੰਘ, ਅਕਾਲੀ ਦਲ ਦੇ ਸੁਖਵਿੰਦਰ ਕੌਰ (ਸਾਬਕਾ ਪ੍ਰਿੰਸੀਪਲ), ਭਾਜਪਾ ਦੇ ਹਰਜੀਤ ਸਿੰਘ ਅਤੇ ਕਾਂਗਰਸ 'ਚ ਕਰਨਬੀਰ ਸਿੰਘ ਬੁਰਜ ਤੋਂ ਇਲਾਵਾ ਮੌਜੂਦਾ ਸੰਸਦ ਮੈਂਬਰ ਮਨਦੀਪ ਸਿੰਘ ਵੀ ਇੱਕ ਖਾਲਿਸਤਾਨ ਸਮਰਥਕ ਪਾਰਟੀ ਵੱਲੋਂ ਚੋਣ ਮੈਦਾਨ ਵਿੱਚ ਹਨ।

# ਹੈਲਿਕਸ ਆਕਸਫੋਰਡ ਸਕੂਲ ਦੇ 28 ਸਟਾਰ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ



**ਪਾਤੜਾਂ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

'ਦ ਹੈਲਿਕਸ ਆਕਸਫੋਰਡ ਸਮਾਰਟ ਸਕੂਲ, ਪਾਤੜਾਂ' ਵੱਲੋਂ ਅੱਜ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਉੱਤਮ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਦਾਖਲਾ ਲੈਣ ਵਾਲੇ ਹੋਣਹਾਰ ਵਿਦਿਆਰਥੀਆਂ ਲਈ ਇਕ ਯਾਦਗਾਰੀ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ?ਸਕੂਲ ਦੀ ਵਿਦਿਆਰਥਣ ਸਾਨੀਆ ਬਾਂਸਲ ਨੇ ਟਾਪ ਰੈਂਕ ਹਾਸਲ ਕਰਕੇ ਇੰਜੀਨੀਅਰਿੰਗ ਦੇ 'ਡ੍ਰੀਮ ਕਾਲਜ' ਆਈ.ਆਈ.ਟੀ., ਰੁੜਕੀ ਵਿੱਚ ਦਾਖਲਾ ਲੈ ਕੇ ਸਕੂਲ, ਮਾਪਿਆਂ ਅਤੇ ਪੂਰੇ ਹਲਕੇ ਦਾ ਨਾਂ ਰੌਸ਼ਨ ਕੀਤਾ।

ਕੌਫੀ ਪ੍ਰਿੰਸੀਪਲ ਦੇ ਨਾਲ÷ ਦੇ ਨਾਮ ਹੇਠ ਆਯੋਜਿਤ ਇਸ ਪ੍ਰੋਗਰਾਮ ਵਿਚ 28 ਸਫਲ ਵਿਦਿਆਰਥੀ ਆਪਣੇ ਮਾਪਿਆਂ ਨਾਲ ਸ਼ਾਮਲ ਹੋਏ। ਪ੍ਰਿੰਸੀਪਲ ਮੈਡਮ ਅਮਰਜੋਤ ਕੌਰ ਹਰੀਕਾ ਨੇ ਨਿੱਜੀ ਤੌਰ 'ਤੇ ਕੌਫੀ ਦੀ ਸਾਂਝ ਪਾ ਕੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਨਮਾਨ ਦਿੱਤਾ, ਜਿਸ ਨਾਲ ਉਨ੍ਹਾਂ ਨੂੰ ਆਪਣੇ ਬਰਾਬਰ ਦੀ ਪਦਵੀ ਦਾ ਅਹਿਸਾਸ ਕਰਵਾਇਆ ਗਿਆ।

ਸਨਮਾਨਿਤ ਵਿਦਿਆਰਥੀਆਂ ਦਾ ਵੇਰਵਾ

ਕੁੱਲ 28 ਸਨਮਾਨਿਤ ਵਿਦਿਆਰਥੀਆਂ ਵਿਚੋਂ : 6 ਨੇ ਐੱਮ.ਬੀ.ਬੀ.ਐੱਸ, 7 ਨੇ ਇੰਜੀਨੀਅਰਿੰਗ (4 ਆਈ.ਆਈ.ਟੀ. ਅਤੇ 3 ਹੋਰ ਇੰਜੀਨੀਅਰਿੰਗ ਕਾਲਜ), 4 ਨੇ ਐੱਨ.ਆਈ.ਟੀ. ਅਤੇ 11 ਨੇ ਸੀ.ਏ. ਤੇ ਲਾਅ ਸਮੇਤ ਹੋਰ ਖੇਤਰਾਂ ਵਿਚ ਦਾਖਲੇ ਪ੍ਰਾਪਤ ਕੀਤੇ। ?ਡਾਇਰੈਕਟਰ ਮੈਡਮ ਦਵਿੰਦਰ ਕੌਰ ਨੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ। ਵਾਇਸ ਪ੍ਰਿੰਸੀਪਲ ਮੈਡਮ ਮੰਨਤ ਕੌਰ ਹਰੀਕਾ ਨੇ ਸਕੂਲ ਦੇ ਉਸਾਰੀ ਅਧੀਨ ਚੱਲ ਰਹੇ ਅੰਤਰਰਾਸ਼ਟਰੀ ਪੱਧਰ ਦੇ 'ਪਲੇਅ ਵੇਅ ਵਿੰਗ', ਆਡੀਟੋਰੀਅਮ ਅਤੇ 'ਏ.ਸੀ. ਟਰੈਂਪੋਲਿਨ ਪਾਰਕ' ਵਰਗੇ ਨਵੇਂ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ, ਜੋ ਬੱਚਿਆਂ ਦੇ ਬਹੁਪੱਖੀ ਵਿਕਾਸ ਲਈ ਲਾਹੇਵੰਦ ਹੋਣਗੇ। ਇਹ ਸਨਮਾਨ ਸਮਾਰੋਹ ਵਿਦਿਆਰਥੀਆਂ ਲਈ ਆਪਣੇ ਅਧਿਆਪਕਾਂ ਅਤੇ ਦੋਸਤਾਂ ਨਾਲ ਪੁਰਾਣੀਆਂ ਯਾਦਾਂ ਤਾਜ਼ਾ ਕਰਨ ਦਾ ਇੱਕ ਖੁਸ਼ੀ ਭਰਿਆ ਮੌਕਾ ਸੀ, ਜਿਸ ਨੇ ਸਕੂਲ ਅਤੇ ਸਾਬਕਾ ਵਿਦਿਆਰਥੀਆਂ ਵਿਚਕਾਰ ਰਿਸ਼ਤੇ ਨੂੰ ਹੋਰ ਮਜ਼ਬੂਤ ਕੀਤਾ।

# ਪਟਿਆਲਾ 'ਚ ਬਣ ਰਹੇ ਭਿਆਨਕ ਹਾਲਾਤ, ਲਗਾਤਾਰ ਵੱਧ ਰਹੀ ਇਹ ਭਿਆਨਕ ਬਿਮਾਰੀ



**ਪਟਿਆਲਾ, 24 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਮੇਸ਼ਾ ਸੁਰਖੀਆਂ 'ਚ ਰਹਿਣ ਵਾਲਾ ਸਿਹਤ ਵਿਭਾਗ ਇਸ ਵਾਰ ਫਿਰ ਕੁੰਭਕਰਨੀ ਨੀਂਦ ਸੁੱਤਾ ਹੈ। ਡੇਂਗੂ ਦੇ ਕਹਿਰ ਨੇ ਸ਼ਹਿਰ ਅੰਦਰ ਤਰਥੱਲੀ ਮਚਾਈ ਹੋਈ ਹੈ। ਲੰਘੇ ਕੱਲ ਅਤੇ ਅੱਜ ਵੀ ਇਕ ਦਰਜਨ ਤੋਂ ਵੱਧ ਡੇਂਗੂ ਦੇ ਕੇਸ ਸਾਹਮਣੇ ਆਏ ਹਨ। ਹੁਣ ਤੱਕ 290 ਕੇਸ ਡੇਂਗੂ ਦੇ ਸਾਹਮਣੇ ਆ ਚੁੱਕੇ ਹਨ। ਇਹ ਸਰਕਾਰੀ ਅੰਕੜੇ ਹਨ, ਜਦੋਂ ਕਿ ਪ੍ਰਾਈਵੇਟ ਅੰਕੜੇ ਇਸ ਤੋਂ ਕਿਤੇ ਵਧ ਹਨ। ਪਟਿਆਲਾ ਸ਼ਹਿਰ 'ਚ ਹੁਣ ਤੱਕ 202 ਕੇਸ ਆ ਚੁੱਕੇ ਹਨ, ਜਦੋਂ ਕਿ 88 ਕੇਸ ਰੂਰਲ ਪੇਂਡੂ ਇਲਾਕਿਆਂ 'ਚ ਆ ਚੁੱਕੇ ਹਨ। ਹਾਲਾਂਕਿ ਸਿਹਤ ਵਿਭਾਗ ਦਾਅਵੇ ਕਰ ਰਿਹਾ ਹੈ ਕਿ ਉਹ ਹਰ ਰੋਜ਼ ਚੈਕਿੰਗ ਕਰ ਰਿਹਾ ਹੈ ਪਰ ਜੇਕਰ ਚੈਕਿੰਗ ਹੋ ਰਹੀ ਹੈ ਤਾਂ ਡੇਂਗੂ ਦਾ ਡੰਗ ਕਿਉਂ ਵੱਧ ਰਿਹਾ ਹੈ। ਲੋਕ ਟਾਈਫਾਈਡ ਦੇ ਵੀ ਸ਼ਿਕਾਰ ਵੀ ਹੋ ਰਹੇ ਹਨ। ਇਸ ਨਾਲ ਲਗਾਤਾਰ ਲੋਕਾਂ ਦੇ ਸੈੱਲ ਘੱਟ ਰਹੇ ਹਨ ਅਤੇ ਇਹ ਲੋਕਾਂ ਨੂੰ 15-15 ਦਿਨਾਂ ਤੱਕ ਮੰਜੇ ਨਾਲ ਲਾ ਕੇ ਰੱਖਦਾ ਹੈ। ਹਾਲਾਤ ਬਦ ਤੋਂ ਬਦਤਰ ਹੋ ਰਹੇ ਹਨ। ਇਸ ਲਈ ਸਿਹਤ ਵਿਭਾਗ ਨੂੰ ਜਾਗਣ ਦੀ ਲੋੜ ਹੈ।

**ਸਫਾਈ ਨਾ ਹੋਣ ਕਾਰਨ ਫੈਲ ਰਹੀ ਬੀਮਾਰੀ**

ਡੇਂਗੂ ਦਾ ਮੁੱਖ ਕਾਰਨ ਸਫਾਈ ਨਾ ਹੋਣਾ ਹੈ। ਪਲਾਟਾਂ ਆਦਿ 'ਚ ਖੜ੍ਹਾ ਪਾਣੀ, ਗੰਦਗੀ ਡੇਂਗੂ ਨੂੰ ਜਨਮ ਦੇ ਰਹੀ ਹੈ। ਡੇਂਗੂ ਦਾ ਲਾਰਵਾ ਲਗਾਤਾਰ ਵਧ ਰਿਹਾ ਹੈ ਪਰ ਇਸ ਨੂੰ ਨਸ਼ਟ ਕਰਨ ਲਈ ਸਿਹਤ ਵਿਭਾਗ ਦੀਆਂ ਬਹੁਤੀਆਂ ਟੀਮਾਂ ਤਾਇਨਾਤ ਨਹੀਂ ਹਨ। ਜੇਕਰ ਸਹੀ ਢੰਗ ਨਾਲ ਆਲੇ-ਦੁਆਲੇ ਸਫਾਈ ਹੋਵੇ, ਪਾਣੀ ਨੂੰ ਖੜ੍ਹਾ ਨਾ ਹੋਣ ਦਿੱਤਾ ਜਾਵੇ, ਦਵਾਈ ਦਾ ਛਿੜਕਾਅ ਹੋਵੇ ਤਾਂ ਡੇਂਗੂ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ। ਪਿਛਲੇ ਦਿਨੀਂ ਜ਼ਿਲਾ ਪ੍ਰਸ਼ਾਸਨ ਨੇ ਵੀ ਪਲਾਟਾਂ ਆਦਿ ਦੀ ਸਫਾਈ ਦੇ ਆਦੇਸ਼ ਦਿੱਤੇ ਸਨ ਪਰ ਉਹ ਲਾਗੂ ਨਹੀਂ ਹੋ ਸਕੇ ਹਨ। ਸ਼ਹਿਰ ਦੀ ਸਫਾਈ ਦਾ ਵੀ ਕੋਈ ਬਹੁਤਾ ਵਧੀਆ ਹਾਲ ਨਹੀਂ ਹੈ।

**ਚੌਕਸੀ ਨਾਲ ਬਿਮਾਰੀਆਂ ਤੋਂ ਬਚਿਆ ਜਾ ਸਕਦੈ : ਡਾ. ਜੋਸ਼ੀ**

ਗੱਲਬਾਤ ਕਰਦਿਆਂ ਉੱਘੇ ਮੈਡੀਕਲ ਮਾਹਿਰ ਡਾ. ਅਸ਼ੋਕ ਜੋਸ਼ੀ ਨੇ ਆਖਿਆ ਕਿ ਲੋਕਾਂ ਨੂੰ ਆਪਣਾ ਖਿਆਲ ਆਪ ਵੀ ਰੱਖਣਾ ਚਾਹੀਦਾ ਹੈ ਤਾਂ ਜੋ ਅਜਿਹੀ ਬਿਮਾਰੀਆਂ ਤੋਂ ਬਚਾਅ ਹੋ ਸਕੇ। ਉਨ੍ਹਾਂ ਆਖਿਆ ਕਿ ਮੌਸਮ ਬਦਲ ਰਿਹਾ ਹੈ। ਇਸ ਨਾਲ ਵਾਇਰਲ ਦੇ ਕੇਸ ਬਹੁਤ ਆ ਰਹੇ ਹਨ। ਸਵੇਰੇ-ਸ਼ਾਮ ਠੰਡ ਹੋਣ ਕਾਰਨ ਲੋਕ ਉਸ ਅਨੁਸਾਰ ਕੱਪੜੇ ਨਹੀਂ ਪਾਉਂਦੇ ਤੇ ਵਾਇਰਲ ਦੀ ਜਕੜ 'ਚ ਆਉਂਦੇ ਹਨ। ਵਾਇਰਲ ਡੇਂਗੂ ਜਾਂ ਡਾਇਰੀਆ 'ਚ ਕਨਵਰਟ ਹੋ ਜਾਂਦਾ ਹੈ। ਲੋਕਾਂ ਨੂੰ ਮੌਸਮ ਦਾ ਬੇਹੱਦ ਧਿਆਨ ਰੱਖਣਾ ਚਾਹੀਦਾ ਹੈ ਤੇ ਸਵੇਰੇ ਸਮੇਂ ਗਰਮ ਕੱਪੜੇ ਪਾਉਣੇ ਚਾਹੀਦੇ ਹਨ। ਉਨ੍ਹਾਂ ਆਖਿਆ ਕਿ ਇਸ ਪ੍ਰਤੀ ਜਾਗਰੂਕਤਾ ਦੀ ਬੇਹੱਦ ਲੋੜ ਹੈ।

**ਸਫਾਈ ਪੱਖੋਂ ਸ਼ਹਿਰ ਦੇ ਹਾਲਾਤ ਬਦ ਤੋਂ ਬਦਤਰ : ਜਸਪ੍ਰੀਤ ਭਾਟੀਆ**

ਗੱਲਬਾਤ ਕਰਦਿਆਂ ਅਕਾਲੀ ਦਲ ਦੇ ਸੀਨੀਅਰ ਨੇਤਾ ਤੇ ਉੱਘੇ ਸਮਾਜ-ਸੇਵਕ ਜਸਪ੍ਰੀਤ ਭਾਟੀਆ ਨੇ ਆਖਿਆ ਕਿ ਸਫਾਹੀ ਪੱਖੋਂ ਸ਼ਹਿਰ ਦੇ ਹਾਲਾਤ ਬਦ ਤੋਂ ਬਦਤਰ ਹਨ, ਜਿਸ ਕਾਰਨ ਡਾਇਰੀਆ, ਡੇਂਗੂ ਵਰਗੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਇਹ ਬਿਮਾਰੀਆਂ ਸਿੱਧੇ ਤੌਰ 'ਤੇ ਸਫਾਈ ਨਾਲ ਜੁੜੀਆਂ ਹਨ। ਜੇਕਰ ਸਫਾਈ ਨਹੀਂ ਹੋਵੇਗੀ ਤਾਂ ਬਿਮਾਰੀਆਂ ਵਧਣਗੀਆਂ। ਇਨ੍ਹਾਂ ਨੂੰ ਨੱਥ ਪਾਉਣ ਲਈ ਸਭ ਤੋਂ ਵਧ ਸਫਾਈ ਦੀ ਲੋੜ ਹੈ।

**ਮੰਤਰੀ ਦੇ ਜ਼ਿਲੇ 'ਚ ਵੀ ਸਿਹਤ ਸੇਵਾਵਾਂ ਹਾਲੋਂ-ਬੇਹਾਲ : ਸੰਜੀਵ ਕਾਲੂ**

ਪਟਿਆਲਾ ਦੇ ਮੌਜੂਦਾ ਕੌਂਸਲਰ ਤੇ ਦਿਹਾਤੀ ਹਲਕੇ ਦੇ ਸੀਨੀਅਰ ਕਾਂਗਰਸੀ ਨੇਤਾ ਸੰਜੀਵ ਸ਼ਰਮਾ ਕਾਲੂ ਨੇ ਆਖਿਆ ਕਿ ਸਿਹਤ ਮੰਤਰੀ ਦੇ ਜ਼ਿਲੇ ਅੰਦਰ ਸਿਹਤ ਸੇਵਾਵਾਂ ਹਾਲੋਂ-ਬੇਹਾਲ ਹਨ। ਉਨ੍ਹਾਂ ਆਖਿਆ ਕਿ ਸਿਰਫ ਕਾਗਜ਼ਾਂ ਦੇ ਅੰਕੜਿਆਂ 'ਚ ਹੀ ਦਾਅਵੇ ਕੀਤੇ ਜਾ ਰਹੇ ਹਨ। ਅਸਲ 'ਚ ਸਥਿਤੀ ਇਸ ਤੋਂ ਪੂਰੀ ਤਰ੍ਹਾਂ ਉਲਟ ਹੈ। ਜੇਕਰ ਸਿਹਤ ਵਿਭਾਗ ਅਤੇ ਸਿਹਤ ਮੰਤਰੀ ਆਪਣੇ ਜ਼ਿਲੇ ਵੱਲ ਵੀ ਸਹੀ ਢੰਗ ਨਾਲ ਧਿਆਨ ਦੇਣ ਤਾਂ ਡੇਂਗੂ, ਡਾਇਰੀਆ ਵਰਗੀਆਂ ਬਿਮਾਰੀਆਂ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ।

# ਭੁੱਲਰ ਨਾਲ ਭ੍ਰਿਸ਼ਟਾਚਾਰ 'ਚ ਸ਼ਾਮਲ ਰਿਹਾ ਕੋਈ ਵੀ ਪੁਲਸ ਅਧਿਕਾਰੀ ਬਖਸ਼ਿਆ ਨਹੀਂ ਜਾਵੇਗਾ : ਹਰਭਜਨ ਸਿੰਘ ਈਟੀਓ

**ਕੌਮੀ ਪਤ੍ਰਿਕਾ**

ਫਗਵਾੜਾ 24 ਅਕਤੂਬਰ। ਪੰਜਾਬ ਸਰਕਾਰ 'ਚ ਭਵਨ ਅਤੇ ਸੜਕ ਨਿਰਮਾਣ ਮੰਤਰੀ ਸ੍ਰ. ਹਰਭਜਨ ਸਿੰਘ ਈਟੀਓ ਨੇ ਕਿਹਾ ਹੈ ਕਿ ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਭ੍ਰਿਸ਼ਟਾਚਾਰ ਦੇ ਪ੍ਰਤੀ ਜ਼ੀਰੋ ਟਾਲਰੈਂਸ ਦੀ ਨੀਤੀ ਹੈ। ਅੱਜ ਫਗਵਾੜਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਹਨਾਂ ਆਪ ਦੇ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ, ਨਗਰ ਨਿਗਮ ਫਗਵਾੜਾ ਦੇ ਮੇਅਰ ਰਾਮਪਾਲ ਉੱਪਲ, ਆਪ ਹਲਕਾ ਫਗਵਾੜਾ ਦੇ ਇੰਚਾਰਜ ਹਰਜੀ ਮਾਨ, ਉਦਯੋਗਪਤੀ ਲੱਖਣਪਾਲ ਉੱਪਲ, ਕੈਲਾਸ਼ ਨਾਥ ਸ਼ਰਮਾ, ਸ਼?ਰੀ ਵਿਸ਼ਵਕਰਮਾ ਧੀਮਾਨ ਸਭਾ (ਰਜਿ.) ਫਗਵਾੜਾ ਦੇ ਪ੍ਰਧਾਨ ਪ੍ਰਦੀਪ ਧੀਮਾਨ, ਗੁਰਮੁੱਖ ਸਿੰਘ ਨਾਮਧਾਰੀ ਸਮੇਤ ਹੋਰ ਪਤਵੰਤਿਆਂ ਦੀ ਮੌਜੂਦਗੀ 'ਚ ਕਿਹਾ ਕਿ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਰਿਸ਼ਵਤ ਲੈਂਦੇ ਹੋਏ ਫੜੇ ਗਏ ਰੋਪੜ ਰੇਂਜ ਦੇ ਮੁਅੱਤਲ ਕੀਤੇ ਗਏ ਡੀਆਈਜੀ ਹਰਚਰਨ ਸਿੰਘ ਭੁੱਲਰ ਖਿਲਾਫ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੀ ਗਈ ਸਖਤ ਕਾਰਵਾਈ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਮੌਜੂਦਾ ਸਰਕਾਰ ਭ੍ਰਿਸ਼ਟਾਚਾਰ ਦੇ ਦੋਸ਼ੀ ਪਾਏ ਗਏ ਕਿਸੇ ਵੀ ਵਿਅਕਤੀ ਸਮੇਤ ਅਧਿਕਾਰੀ ਨੂੰ ਬਚਾਉਣ ਵਾਲੀ ਨਹੀਂ ਹੈ ਅਤੇ ਇਸ ਦਿਸ਼ਾ 'ਚ ਮੁੱਖ ਮੰਤਰੀ ਨੇ ਆਪਣੀ ਸਰਕਾਰ ਦੀ ਕਰੱਪਸ਼ਨ ਪ੍ਰਤੀ ਜ਼ੀਰੋ ਟਾਲਰੈਂਸ ਦੀ ਨੀਤੀ ਨੂੰ ਪੂਰੀ ਸਖਤੀ ਨਾਲ ਲਾਗੂ ਕਰਕੇ ਵਿਖਾਇਆ ਹੈ। ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਮੁਅੱਤਲ ਕੀਤੇ ਗਏ ਡੀਆਈਜੀ ਭੁੱਲਰ ਦੇ ਮਾਮਲੇ 'ਚ ਜੇਕਰ ਪੰਜਾਬ ਪੁਲਸ ਦੇ ਕਿਸੇ ਵੀ ਪੁਲਸ ਅਧਿਕਾਰੀ ਦਾ ਨਾਮ ਭ੍ਰਿਸ਼ਟਾਚਾਰ 'ਚ ਸ਼ਾਮਿਲ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ ਆਪ ਸਰਕਾਰ ਬਿਨਾਂ ਕਿਸੇ ਭੇਦਭਾਵ ਦੇ ਸਖਤ ਕਾਰਵਾਈ ਨੂੰ ਪੂਰਾ ਕਰੇਗੀ। ਮੰਤਰੀ ਹਰਭਜਨ ਸਿੰਘ



ਈਟੀਓ ਨੇ ਦੱਸਿਆ ਕਿ ਪੰਜਾਬ 'ਚ ਹਾਲ ਦੇ ਦਿਨਾਂ 'ਚ ਆਏ ਹੜ੍ਹਾਂ ਕਾਰਨ ਕਰੀਬ 8500 ਕਿਲੋਮੀਟਰ ਖੇਤਰ ਦੀਆਂ ਸੜਕਾਂ ਖਰਾਬ ਹੋਈਆਂ ਹਨ। ਇਸ ਤੋਂ ਇਲਾਵਾ ਹੜ੍ਹਾਂ ਕਾਰਨ ਸੂਬੇ 'ਚ 2500 ਦੇ ਕਰੀਬ ਪੁਲ ਵੀ ਬੁਰੀ ਤਰ੍ਹਾਂ ਨਾਲ ਖਰਾਬ ਅਤੇ ਢਹਿ-ਢੇਰੀ ਹੋਏ ਹਨ। ਉਹਨਾਂ ਕਿਹਾ ਕਿ ਇਹਨਾਂ ਸਾਰੀਆਂ ਖਰਾਬ ਹੋਈਆਂ ਸੜਕਾਂ ਅਤੇ ਪੁਲਾਂ ਨੂੰ ਜਲਦ ਤੋਂ ਜਲਦ ਠੀਕ ਕਰਨ ਅਤੇ ਇਹਨਾਂ ਦੀ ਨਵੇਂ ਸਿਰੇ ਤੋਂ ਉਸਾਰੀ ਕਰਨ ਲਈ ਸਰਕਾਰ ਵੱਲੋਂ ਹਰ ਪੱਖੋਂ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਸਬੰਧੀ ਸਰਕਾਰੀ ਤੌਰ 'ਤੇ ਟੈਂਡਰ ਆਦਿ ਦਾ ਪ੍ਰੋਸੈਸ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਮਾਨ ਵੱਲੋਂ ਪੰਜਾਬ 'ਚ ਕਰੀਬ 19500 ਕਿਲੋਮੀਟਰ ਵਰਗ ਇਲਾਕੇ 'ਚ ਆਉਂਦੀਆਂ ਖਰਾਬ ਸੜਕਾਂ ਨੂੰ ਚੌੜਾ ਕਰਨ ਅਤੇ ਇਹਨਾਂ ਦੀ ਮੁੜ ਉਸਾਰੀ, ਰਿਪੇਅਰ ਕਰਨ ਲਈ ਸਰਕਾਰੀ ਤੌਰ 'ਤੇ ਟੈਂਡਰ ਪਹਿਲਾਂ ਤੋਂ ਹੀ ਕੀਤੇ ਜਾ ਚੁੱਕੇ ਹਨ। ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਪੰਜਾਬ 'ਚ ਕਾਨੂੰਨ ਵਿਵਸਥਾ ਨੂੰ ਹਰ ਪੱਖੋਂ ਮਜ਼ਬੂਤ ਕਰਨ ਲਈ ਸਰਕਾਰ ਵੱਲੋਂ ਗੈਂਗਸਟਰਾਂ ਆਦਿ ਖਿਲਾਫ ਬੇਹੱਦ ਸਖਤ ਨੀਤੀ ਅਪਣਾਈ ਜਾ ਰਹੀ ਹੈ। ਉਹਨਾਂ ਕਿਹਾ ਕਿ ਪੁਲਸ ਨੂੰ ਸੂਬੇ 'ਚ ਆਮ ਜਨਤਾ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਉਹ ਸਭ ਉਪਰਾਲੇ ਕਰਨ ਨੂੰ ਹੁਕਮ ਜਾਰੀ ਕੀਤੇ ਗਏ ਹਨ ਜੋ ਲੋਕਾਂ ਦੀ ਸੁਰੱਖਿਆ ਲਈ ਜ਼ਰੂਰੀ ਹਨ। ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਪੰਜਾਬ 'ਚ ਆਪ ਸਰਕਾਰ ਵੱਲੋਂ ਲੋਕਾਂ ਨਾਲ ਕੀਤਾ ਗਿਆ ਆਪਣਾ ਹਰ ਵਾਅਦਾ ਪੂਰਾ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਆਪ ਦੀ ਪੰਜਾਬ ਸਰਕਾਰ ਬਣਨ ਤੋਂ ਪਹਿਲਾਂ ਆਪ ਆਗੂਆਂ ਨੇ ਲੋਕਾਂ ਨਾਲ ਇਹ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਤੋਂ ਬਾਅਦ 18 ਸਾਲ ਤੋਂ ਵੱਧ ਉਮਰ ਦੀ ਹਰ ਮਹਿਲਾ ਦੇ ਬੈਂਕ ਖਾਤੇ 'ਚ ਸਰਕਾਰੀ ਤੌਰ 'ਤੇ 1100 ਰੁਪਏ ਦੀ ਰਕਮ ਹਰ ਮਹੀਨੇ ਆਇਆ ਕਰੇਗੀ। ਉਹਨਾਂ ਕਿਹਾ ਕਿ ਆਪ ਸਰਕਾਰ ਬਹੁਤ ਜਲਦ ਔਰਤਾਂ ਦੇ ਨਾਲ ਕੀਤੇ ਗਏ ਇਸ ਵਾਅਦੇ ਨੂੰ ਪੂਰਾ ਕਰਨ ਜਾ ਰਹੀ ਹੈ। ਮੰਤਰੀ ਹਰਭਜਨ ਸਿੰਘ ਈਟੀਓ ਨੇ ਰੋਸ ਜਤਾਉਂਦੇ ਹੋਏ ਕਿਹਾ ਕਿ ਮੋਦੀ ਸਰਕਾਰ ਵੱਲੋਂ ਸੂਬਾ ਸਰਕਾਰ ਦੇ ਨਾਲ ਹਰ ਪੱਖੋਂ ਮਤਰਿਆ ਵਿਵਹਾਰ ਹੀ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦੀ ਹਰ ਸਰਕਾਰੀ ਨੀਤੀ ਮੌਜੂਦਾ ਆਪ ਸਰਕਾਰ ਦੀਆਂ ਲੋਕ ਹਿੱਤਾਂ ਨੂੰ ਸਮਰਪਿਤ ਸੋਚ ਦੇ ਉਲਟ ਹੁੰਦੀਆਂ ਹਨ ਅਤੇ ਇਹ ਕਾਰਜ ਲਗਾਤਾਰ ਜਾਰੀ ਹੈ।

## 300 ਗ੍ਰਾਮ ਹੈਰੋਇਨ ਤੇ 500 ਗ੍ਰਾਮ ਅਫ਼ੀਮ ਸਮੇਤ ਇਕ ਗ੍ਰਿਫ਼ਤਾਰ

ਸੁਲਤਾਨਪੁਰ ਲੋਧੀ 24 ਅਕਤੂਬਰ। ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਥਾਣਾ ਸੁਲਤਾਨਪੁਰ ਲੋਧੀ ਪੁਲਸ ਨੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 300 ਗ੍ਰਾਮ ਹੈਰੋਇਨ ਅਤੇ 500 ਗ੍ਰਾਮ ਅਫ਼ੀਮ ਸਮੇਤ ਗ੍ਰਿਫ਼ਤਾਰ ਕੀਤਾ ਹੈ। ਡੀ. ਐੱਸ. ਪੀ. ਧੀਰੇਂਦਰ ਵਰਮਾ ਅਤੇ ਇੰਸ. ਸੋਨਮਦੀਪ ਕੌਰ ਐੱਸ. ਐੱਚ. ਓ. ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਤਿਉਹਾਰਾਂ ਦੇ ਮੱਦੇਨਜ਼ਰ ਜਗ?ਹਾ-ਜਗ?ਹਾ ਨਾਕੇ ਲਾ ਕੇ ਗੱਡੀਆਂ ਤੇ ਹੋਰ ਵ?ਹੀਕਲਾਂ ਦੀ ਸਖ਼ਤ ਚੈਕਿੰਗ ਕੀਤੀ ਜਾ ਰਹੀ ਹੈ। ਇਸੇ ਦੌਰਾਨ ਡਡਵਿੰਡੀ ਫਾਟਕ 'ਤੇ ਪੁਲਸ ਪਾਰਟੀ ਨੂੰ ਕਿਸੇ ਸਮਾਜ ਸੇਵਕ ਨੇ ਇਤਲਾਹ ਦਿੱਤੀ ਕਿ ਇਕ ਵਿਅਕਤੀ ਨਸ਼ੀਲੇ ਪਦਾਰਥ ਲੈ ਕੇ ਆ ਰਿਹਾ ਹੈ, ਜਿਸ ਦੀ ਚੈਕਿੰਗ ਕਰਨ 'ਤੇ ਕਾਬੂ ਆ ਸਕਦਾ ਹੈ। ਇਸ 'ਤੇ ਪੁਲਸ ਪਾਰਟੀ ਵੱਲੋਂ ਚੈਕਿੰਗ ਦੌਰਾਨ ਸੁਖਵਿੰਦਰ ਸਿੰਘ ਪੁੱਤਰ ਪੂਰਨ ਸਿੰਘ, ਵਾਸੀ ਪਿੰਡ ਲਾਟੀਆਂਵਾਲ ਜੋਕਿ ਆਪਣੀ ਸਕੂਟਰੀ ਐਕਟਿਵਾ 'ਤੇ ਸਵਾਰ ਹੋ ਕੇ ਨਸ਼ੀਲੇ ਪਦਾਰਥ ਲੈ ਕੇ ਲਾਟੀਆਂਵਾਲ ਤੋਂ ਵਾਇਆ ਸੇਚਾਂ ਡਡਵਿੰਡੀ ਵੱਲ ਆ ਰਿਹਾ ਸੀ, ਨੂੰ ਪੁਲਸ ਪਾਰਟੀ ਨੇ ਤੁਰੰਤ ਕਾਰਵਾਈ ਕਰਦਿਆਂ ਕਾਬੂ ਕਰ ਲਿਆ ਜਦੋਂ ਉਸਦੀ ਤਲਾਸ਼ੀ ਲਈ ਤਾਂ ਉਸ ਕੋਲੋਂ 300 ਗ੍ਰਾਮ ਹੈਰੋਇਨ ਅਤੇ 500 ਗ੍ਰਾਮ ਅਫ਼ੀਮ ਬਰਾਮਦ ਹੋਈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਉਕਤ ਨੌਜਵਾਨ ਨੂੰ ਸਮਾਜ ਸੇਵਕ ਨੇ ਇਤਲਾਹ ਦਿੱਤੀ ਕਿ ਇਕ ਵਿਅਕਤੀ ਨਸ਼ੀਲੇ ਪਦਾਰਥ ਲੈ ਕੇ ਆ ਰਿਹਾ ਹੈ, ਜਿਸ ਦੀ ਚੈਕਿੰਗ ਕਰਨ 'ਤੇ ਕਾਬੂ ਆ ਸਕਦਾ ਹੈ। ਇਸ 'ਤੇ ਪੁਲਸ ਪਾਰਟੀ ਵੱਲੋਂ ਚੈਕਿੰਗ ਦੌਰਾਨ ਸੁਖਵਿੰਦਰ ਸਿੰਘ ਪੁੱਤਰ ਪੂਰਨ ਸਿੰਘ, ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਹੋਰ ਪੁੱਛਗਿੱਛ ਕੀਤੀ ਜਾਵੇਗੀ। ਇੰਸਪੈਕਟਰ ਸੋਨਮਦੀਪ ਕੌਰ ਨੇ ਹੋਰ ਦੱਸਿਆ ਕਿ ਦੀਵਾਲੀ 'ਤੇ ਆ ਰਹੇ ਹੋਰ ਦਿਨ ਤਿਉਹਾਰ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਦੇ ਮੱਦੇਨਜ਼ਰ ਪੁਲਸ ਵੱਲੋਂ ਇਲਾਕੇ ਵਿਚ ਗੱਡੀਆਂ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਕੋਈ ਵੀ ਗਲਤ ਅਨਸਰ ਸ਼ਹਿਰ ਦੀ ਸ਼ਾਂਤੀ ਨਾ ਭੰਗ ਕਰ ਸਕੇ।

## ਪੁਲਸ ਨਾਲ ਮੁਕਾਬਲੇ ਤੋਂ ਬਾਅਦ ਤਿੰਨ ਅਪਰਾਧੀ ਗ੍ਰਿਫ਼ਤਾਰ

ਰਾਂਚੀ 24 ਅਕਤੂਬਰ। ਸੋਮਵਾਰ ਨੂੰ ਰਾਂਚੀ ਵਿੱਚ ਇੱਕ ਪੁਲਸ ਮੁਕਾਬਲੇ ਤੋਂ ਬਾਅਦ ਤਿੰਨ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮੁਕਾਬਲੇ ਵਿੱਚ ਇੱਕ ਅਪਰਾਧੀ ਜ਼ਖ਼ਮੀ ਹੋ ਗਿਆ। ਉਨ੍ਹਾਂ ਕਿਹਾ ਕਿ ਇਹ ਮੁਕਾਬਲਾ ਸਵੇਰੇ 3:30 ਵਜੇ ਦੇ ਕਰੀਬ ਟੁਪੁਦਾਨਾ ਥਾਣਾ ਖੇਤਰ ਦੇ ਬਾਲਸਿਰਿੰਗ ਖੇਤਰ ਵਿੱਚ ਵਾਹਨਾਂ ਦੀ ਜਾਂਚ ਦੌਰਾਨ ਹੋਇਆ। ਪੁਲਸ ਨੂੰ ਸੂਚਨਾ ਮਿਲੀ ਕਿ ਇੱਕ ਗਿਰੋਹ ਇੱਕ ਵੱਡੇ ਅਪਰਾਧ ਦੀ ਯੋਜਨਾ ਬਣਾ ਰਿਹਾ ਹੈ। ਪੁਲਸ ਨੇ ਬਿਨਾਂ ਨੰਬਰ ਪਲੇਟ ਦੇ ਮੋਟਰਸਾਈਕਲ ਸਵਾਰ ਇੱਕ ਵਿਅਕਤੀ ਨੂੰ ਰੋਕਿਆ ਅਤੇ ਉਸਦੀ ਤਲਾਸ਼ੀ ਲਈ, ਜਿਸ ਤੋਂ ਇੱਕ ਪਿਸਤੌਲ ਬਰਾਮਦ ਹੋਈ। ਰਾਂਚੀ (ਗ੍ਰਾਮੀਣ) ਦੇ ਪੁਲਸ ਸੁਪਰਡੈਂਟ ਪ੍ਰਵੀਨ ਪੁਸ਼ਕਰ ਨੇ ਕਿਹਾ, ਪੁੱਛਗਿੱਛ ਦੌਰਾਨ, ਉਸਨੇ ਸੁਜੀਤ ਸਿਨਹਾ ਦੀ ਅਗਵਾਈ ਵਾਲੇ ਕੋਇਲਾਂਚਲ ਸ਼ਾਂਤੀ ਸਮਿਤੀ (ਕੇਐਸਐਸ) ਗਿਰੋਹ ਦਾ ਮੈਂਬਰ ਹੋਣ ਦੀ ਗੱਲ ਕਬੂਲ ਕੀਤੀ। ਉਸਨੇ ਉਨ੍ਹਾਂ ਨੂੰ ਦੱਸਿਆ ਕਿ ਦੋ ਹੋਰ ਮੈਂਬਰ ਕੁਝ ਦੂਰੀ 'ਤੇ ਉਸਦੀ ਉਡੀਕ ਕਰ ਰਹੇ ਸਨ। ਪੁਸ਼ਕਰ ਦੇ ਅਨੁਸਾਰ, ਜਦੋਂ ਪੁਲਸ ਦੂਜੇ ਦੋ ਮੈਂਬਰਾਂ ਨੂੰ ਫੜਨ ਲਈ ਮੌਕੇ 'ਤੇ ਪਹੁੰਚੀ, ਤਾਂ ਉਨ੍ਹਾਂ ਨੇ ਗੋਲੀਬਾਰੀ ਕੀਤੀ ਅਤੇ ਭੱਜਣ ਦੀ ਕੋਸ਼ਿਸ਼ ਕੀਤੀ। ਪੁਲਸ ਨੇ ਜਵਾਬੀ ਕਾਰਵਾਈ ਕੀਤੀ, ਜਿਸ ਵਿੱਚ ਇੱਕ ਸ਼ੱਕੀ ਜ਼ਖਮੀ ਹੋ ਗਿਆ। ਪੁਲਸ ਨੇ ਤਿੰਨਾਂ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਜ਼ਖਮੀ ਨੂੰ ਰਾਜੇਂਦਰ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਰਿਮਸ) ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਸ ਸੁਪਰਡੈਂਟ ਨੇ ਕਿਹਾ ਕਿ ਉਨ੍ਹਾਂ ਤੋਂ ਦੋ ਪਿਸਤੌਲਾਂ ਬਰਾਮਦ ਕੀਤੀਆਂ ਗਈਆਂ ਹਨ, ਅਤੇ ਤਿੰਨਾਂ ਦਾ ਅਪਰਾਧਿਕ ਰਿਕਾਰਡ ਹੈ। ਹੋਰ ਜਾਂਚ ਜਾਰੀ ਹੈ।

## ਕਮਾਲ ਹੋ ਗਿਆ ! ਸੜਕ 'ਤੇ ਹੋਈ ਬਹਿਸ ਦੌਰਾਨ ਸਕੂਟਰ ਤੋਂ 11 ਕਿਲੋਗ੍ਰਾਮ ਚਾਂਦੀ ਚੋਰੀ

ਨੈਸ਼ਨਲ ਡੈਸਕ 24 ਅਕਤੂਬਰ। ਦਿੱਲੀ ਪੁਲਸ ਨੇ ਸੋਮਵਾਰ ਨੂੰ ਦੱਸਿਆ ਕਿ ਉੱਤਰ-ਪੂਰਬੀ ਦਿੱਲੀ ਦੇ ਨਿਊ ਉਸਮਾਨਪੁਰ ਇਲਾਕੇ ਵਿੱਚ ਦੋ ਆਦਮੀਆਂ ਨਾਲ ਹੋਈ ਬਹਿਸ ਦੌਰਾਨ ਇੱਕ ਵਿਅਕਤੀ ਦੇ ਸਕੂਟਰ ਦੀ ਡਿੱਕੀ ਵਿੱਚੋਂ ਲਗਭਗ 11 ਕਿਲੋਗ੍ਰਾਮ ਚਾਂਦੀ ਚੋਰੀ ਹੋ ਗਈ। ਇਹ ਘਟਨਾ ਐਤਵਾਰ ਨੂੰ ਜੇਪੀਸੀ ਹਸਪਤਾਲ ਦੇ ਨੇੜੇ ਵਾਪਰੀ। ਪੁਲਸ ਦੇ ਅਨੁਸਾਰ ਸ਼ਾਹਦਰਾ ਦੇ ਵਸਨੀਕ ਰਾਮਰਤਨ ਅਗਰਵਾਲ (22) ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਉਹ ਆਪਣੇ ਸਕੂਟਰ 'ਤੇ ਘਰ ਵਾਪਸ ਆ ਰਿਹਾ ਸੀ ਜਦੋਂ ਉਸਦੀ ਗੱਡੀ ਦੋ ਹੋਰ ਆਦਮੀਆਂ ਦੇ ਦੋ ਪਹੀਆ ਵਾਹਨਾਂ ਨਾਲ ਟਕਰਾ ਗਈ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਦੋਵਾਂ ਧਿਰਾਂ ਵਿਚਕਾਰ ਥੋੜ੍ਹੀ ਜਿਹੀ ਬਹਿਸ ਹੋਈ, ਪਰ ਦੋਸ਼ੀ ਮੌਕੇ ਤੋਂ ਚਲਾ ਗਿਆ। ਘਰ ਪਹੁੰਚਣ 'ਤੇ ਅਗਰਵਾਲ ਨੂੰ ਪਤਾ ਲੱਗਾ ਕਿ ਸਕੂਟਰ ਦੇ ਟਰੰਕ ਵਿੱਚ ਰੱਖੀ 11 ਕਿਲੋਗ੍ਰਾਮ ਚਾਂਦੀ ਗਾਇਬ ਸੀ, । ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਦੋਸ਼ੀ ਦੀ ਪਛਾਣ ਕਰਨ ਲਈ ਘਟਨਾ ਸਥਾਨ ਦੇ ਆਲੇ-ਦੁਆਲੇ ਦੇ ਇਲਾਕੇ ਦੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ।

## ਦੋ ਆਵਾਰਾ ਸਾਨ੍ਹਾਂ ਦੀ ਲੜਾਈ ਦੀ ਚਪੇਟ ਆਉਣ ਕਾਰਨ ਨਹਿਰ 'ਚ ਡਿੱਗੀ ਔਰਤ, ਹੋਈ ਮੌਤ

ਹਾਜੀਪੁਰ 24 ਅਕਤੂਬਰ। ਅੱਡਾ ਝੀਰ ਦਾ ਖੂਹ ਤੋਂ ਕਮਾਹੀ ਦੇਵੀ ਸੜਕ ਤੇ ਪੈਂਦੀ ਕੰਡੀ ਨਹਿਰ ਤੇ ਦੋ ਆਵਾਰਾ ਸਾਨ੍ਹਾਂ ਦੀ ਲੜਾਈ ਦੀਉਣ ਕਾਰਨ ਇਕ ਔਰਤ ਦੀ ਨਹਿਰ ਵਿੱਚ ਡਿੱਗਣ ਕਾਰਨ ਮੌਤ ਹੋ ਗਈ। ਜਾਣਕਾਰੀ ਮੁਤਾਬਕ ਸੰਯੋਗਤਾ ਦੇਵੀ ਪਤਨੀ ਸੁਭਾਸ਼ ਚੰਦ ਵਾਸੀ ਪਿੰਡ ਕਰਾੜੀ (ਬਹਿ ਜੋਗਨ) ਆਪਣੇ ਭਤੀਜੇ ਸੋਰਵ ਪੁੱਤਰ ਕਿਸੋਰੀ ਲਾਲ ਨਾਲ ਸਕੂਟਰੀ 'ਤੇ ਸਵਾਰ ਹੋ ਕੇ ਆਪਣੇ ਪਿੰਡ ਕਰਾੜੀ (ਬਹਿ ਜੋਗਨ) ਤੋਂ ਦਾਤਾਰਪੁਰ ਵਿਖੇ ਕਿਸੇ ਘਰੇਲੂ ਕੰਮ ਲਈ ਜਾ ਰਹੀ ਸੀ। ਜਦੋਂ ਉਹ ਜਦੋਂ ਦਾਤਾਰਪੁਰ ਦੇ ਲਾਗੇ ਕੰਡੀ ਨਹਿਰ ਦੇ ਪੁਲ ਕੋਲ ਪੁੱਜੀ ਤਾਂ ਉੱਥੇ ਦੋ ਆਵਾਰਾ ਸਾਨ੍ਹ ਆਪਸ'ਚ ਲੜ ਰਹੇ ਸਨ, ਜੋ ਦੋੜਦੇ ਹੋਏ ਸੰਯੋਗਤਾ ਦੇਵੀ ਦੀ ਸਕੂਟਰੀ'ਚ ਜਾ ਵੱਜੇ। ਜਿਸ ਕਾਰਨ ਸੰਯੋਗਤਾ ਦੇਵੀ ਕੰਡੀ ਨਹਿਰ'ਚ ਜਾ ਡਿੱਗੀ ਅਤੇ ਉਸ ਦੇ ਭਤੀਜਾ ਸੋਰਵ ਜ਼ਖ਼ਮੀ ਹੋ ਗਿਆ। ਵੇਖਦੇ ਹੀ ਵੇਖਦੇ ਸੰਯੋਗਤਾ ਦੇਵੀ ਨੂੰ ਨਹਿਰ ਚੋਂ ਬਾਹਰ ਕਢੱਣ ਲਈ ਲੋਕਾਂ ਦਾ ਹਜੂਮ ਇਕਠਾ ਹੋ ਗਿਆ ਅਤੇ ਤਲਵਾੜਾ ਪੁਲਸ ਨੂੰ ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚ ਕੇ ਲੋਕਾਂ ਦੇ ਸਹਿਯੋਗ ਨਾਲ ਸੰਯੋਗਤਾ ਦੇਵੀ ਦੀ ਭਾਲ ਨਹਿਰ ਚੋਂ ਸ਼ੁਰੂ ਕਰ ਦਿੱਤੀ ਗਈ।

## ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ 121 ਕਿਸਾਨਾਂ ਨੂੰ ਦਿੱਤੀ ਹੜ੍ਹ ਰਾਹਤ ਰਾਸ਼ੀ

**ਕੌਮੀ ਪਤ੍ਰਿਕਾ**

ਲੁਧਿਆਣਾ/ਸਾਹਨੇਵਾਲ 24 ਅਕਤੂਬਰ। ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਮੰਗਲਵਾਰ ਨੂੰ ਹੜ੍ਹ ਪ੍ਰਭਾਵਿਤ ਪਿੰਡਾਂ ਸਸਰਾਲੀ, ਵਲੀਪੁਰ ਖੁਰਦ ਅਤੇ ਖੁਰਸ਼ੈਦਪੁਰ ਦੇ 121 ਲਾਭਪਾਤਰੀਆਂ ਨੂੰ ਕੁੱਲ 38.15 ਲੱਖ ਰੁਪਏ ਦੀ ਰਾਹਤ ਰਾਸ਼ੀ ਵੰਡੀ। ਪੂਰੀ ਪਾਰਦਰਸ਼ਤਾ ਲਈ ਪੂਰੀ ਰਕਮ ਸਿੱਧੀ ਲਾਭ ਟ?ਰਾਂਸਫਰ (ਡੀ.ਬੀ.ਟੀ) ਰਾਹੀਂ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੀ ਟ?ਰਾਂਸਫਰ ਕਰ ਦਿੱਤੀ ਗਈ ਹੈ। ਪ੍ਰਤੀਕਾਤਮਕ ਰਾਸ਼ੀ ਸਰਟੀਫਿਕੇਟ ਵੰਡ ਸਮਾਗਮ ਪਿੰਡ ਮੁੰਡੀਆਂ ਵਿਚ ਆਯੋਜਿਤ ਕੀਤਾ ਗਿਆ, ਜਿੱਥੇ ਕੈਬਨਿਟ ਮੰਤਰੀ ਨੇ ਸਤਲੁਜ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ ਵਿਚ ਆਏ ਹੜ੍ਹ ਨਾਲ ਤਬਾਹ ਹੋਈਆਂ ਫਸਲਾਂ ਦੇ ਕਿਸਾਨਾਂ ਨੂੰ ਨਿੱਜੀ ਤੌਰ 'ਤੇ ਸਰਟੀਫਿਕੇਟ ਸੌਂਪੇ। ਕੈਬਨਿਟ ਮੰਤਰੀ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਲਈ 24 ਘੰਟੇ ਕੰਮ ਕਰ ਰਹੀ ਹੈ ਜੋ ਕਿ ਪਿਛਲੀ ਕਿਸੇ ਸਰਕਾਰ ਨੇ ਕਦੇ ਨਹੀਂ ਕੀਤਾ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਹਰ ਪ੍ਰਭਾਵਿਤ ਪਰਿਵਾਰ ਨੂੰ ਫਸਲਾਂ ਦੇ ਨੁਕਸਾਨ ਲਈ



20,000 ਰੁਪਏ ਪ੍ਰਤੀ ਏਕੜ, ਘਰਾਂ ਦੇ ਨੁਕਸਾਨ ਲਈ 1,20,000 ਰੁਪਏ ਤੱਕ ਅਤੇ ਪਸ਼ੂਆਂ ਦੀ ਸਹਾਇਤਾ ਮਿਲੇ ਇਹ ਸਭ ਕੁਝ ਸਿਰਫ਼ 45 ਦਿਨਾਂ ਦੇ ਅੰਦਰ-ਅੰਦਰ ਹੀ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਵਿਸ਼ੇਸ਼ ਗਿਰਦਾਵਰੀ ਟੀਮਾਂ ਹਰ ਆਖਰੀ ਘਰ ਤੱਕ ਪਹੁੰਚੀਆਂ ਅਤੇ ਆਪਣੀ ਅਣਥੱਕ ਮਿਹਨਤ ਨਾਲ ਇਸ ਵਿਸ਼ਾਲ ਕਾਰਜ ਨੂੰ ਪੂਰਾ ਕੀਤਾ। ਉਨ੍ਹਾਂ ਅੱਗੇ ਐਲਾਨ ਕੀਤਾ ਕਿ ਹਰ ਖਰਾਬ ਹੋਈ ਸੜਕ ਨੂੰ ਜਲਦੀ ਹੀ ਦੁਬਾਰਾ ਬਣਾਇਆ ਜਾਵੇਗਾ। ਹਰਦੀਪ ਸਿੰਘ ਮੁੰਡੀਆਂ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਜਲਦੀ ਹੀ ਹਰ ਪੰਜਾਬੀ ਲਈ ਪ੍ਰਤੀ ਪਰਿਵਾਰ 10 ਲੱਖ ਰੁਪਏ ਦਾ ਨਕਦ ਰਹਿਤ ਇਲਾਜ ਯਕੀਨੀ ਬਣਾਉਣ ਲਈ ਇੱਕ ਬੀਮਾ ਯੋਜਨਾ ਸ਼ੁਰੂ ਕਰੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਬੁੱਢੇਵਾਲ ਸ਼ੂਗਰ ਮਿਲਦੇ ਚੇਅਰਮੈਨ ਜੋਰਾਵਰ ਸਿੰਘ ਮੁੰਡੀਆਂ, ਕਿਸਾਨ ਵਿੰਗ ਦੇ ਕੋਆਰਡੀਨੇਟਰ ਜਸਪ੍ਰੀਤ ਸਿੰਘ ਪੰਧੇਰ, ਸਾਹਨੇਵਾਲ ਮਾਰਕੀਟ ਕਮੇਟੀ ਦੇ ਚੇਅਰਮੈਨ ਹੇਮ ਰਾਜ ਰਾਜੀ, ਮੰਤਰੀ ਪੀਏ ਰਸਪਾਲ ਸਿੰਘ, ਲੀਗਲ ਐਡਵਾਈਜ਼ਰ ਜਸਪਾਲ ਸਿੰਘ, ਇਕਬਾਲ ਸਿੰਘ ਜੰਡਾਲੀ, ਤਜਿੰਦਰ ਸਿੰਘ ਮਿੱਠੂ, ਲਾਲੀ ਹਰਾ, ਆਦੀ ਆਗੂ ਹਾਜ਼ਰ ਸਨ।

## ਮੋਟਰਸਾਈਕਲ 'ਤੇ ਜਾ ਰਹੇ ਪਰਿਵਾਰ ਨਾਲ ਵਾਪਰਿਆ ਹਾਦਸਾ, ਪਤਨੀ ਦੀ ਮੌਤ, ਪਤੀ ਤੇ ਪੁੱਤਰ ਜ਼ਖ਼ਮੀ

ਟਾਂਡਾ ਉੜਮੁੜ 24 ਅਕਤੂਬਰ। ਹਾਈਵੇਅ 'ਤੇ ਫੋਕਲ ਪੁਆਇੰਟ ਟਾਂਡਾ ਨੇੜੇ ਵਾਪਰੇ ਸੜਕ ਹਾਦਸੇ ਵਿਚ ਮੋਟਰਸਾਈਕਲ ਸਵਾਰ ਔਰਤ ਦੀ ਮੌਤ ਹੋ ਗਈ ਜਦਕਿ ਉਸ ਦਾ ਪਤੀ ਅਤੇ ਪੁੱਤਰ ਜ਼ਖ਼ਮੀ ਹੋਇਆ ਹੈ। ਹਾਦਸਾ ਸਵੇਰੇ 10 ਵਜੇ ਦੇ ਕਰੀਬ ਉਸ ਵੇਲੇ ਵਾਪਰਿਆ ਜਦੋਂ ਪਿੰਡ ਤਲਵੰਡੀ ਡੁੱਡੇਰ ਤੋਂ ਦਸੂਹਾ ਦੇ ਕਿਸੇ ਧਾਰਮਿਕ ਸਥਾਨ 'ਤੇ ਜਾ ਰਹੇ ਮੋਟਰਸਾਈਕਲ ਸਵਾਰ ਪਰਿਵਾਰ ਦੇ ਜੀਅ ਟਰੱਕ ਦੀ ਲਪੇਟ ਵਿਚ ਆ ਗਏ। ਹਾਦਸੇ ਕਾਰਨ ਰਾਜਵਿੰਦਰ ਕੌਰ ਦੀ ਮੌਕੇ 'ਤੇ ਹੀ ਦਰਦਨਾਕ ਮੌਤ ਹੋ ਗਈ, ਜਿਸ ਦਾ ਸਰੀਰ ਬੁਰੀ ਤਰਾਂ ਦਰੜਿਆ ਗਿਆ। ਹਾਦਸੇ ਵਿਚ ਉਸ ਦਾ ਪਤੀ ਗੁਰਨਾਮ ਸਿੰਘ ਅਤੇ 8 ਵਰ੍ਹ?ਆਂ ਦਾ ਪੁੱਤਰ ਯੁਵਰਾਜ ਸਿੰਘ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਸੜਕ ਸੁਰੱਖਿਆ ਫੋਰਸ ਦੀ ਟੀਮ ਦੇ ਥਾਣੇਦਾਰ ਬਲਜੀਤ ਸਿੰਘ ਅਤੇ ਆਂਚਲ ਨੇ ਮਦਦ ਕਰਕੇ ਟਾਂਡਾ ਦੇ ਸਰਕਾਰੀ ਹਸਪਤਾਲ ਭਰਤੀ ਕਰਵਾਇਆ, ਜਿੱਥੇ ਡਾਕਟਰਾਂ ਦੀ ਟੀਮ ਨੇ ਜ਼ਖ਼ਮੀਆਂ ਨੂੰ ਮੁੱਢਲੀ ਮੈਡੀਕਲ ਮਦਦ ਦਿੱਤੀ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਜ਼ਖ਼ਮੀਆਂ ਦਾ ਹਾਲ ਪੁੱਛਿਆ। ਟਾਂਡਾ ਪੁਲਸ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਹਾਦਸੇ ਲਈ ਜ਼ਿੰਮੇਵਾਰ ਟਰੱਕ ਨੂੰ ਕਬਜ਼ੇ ਵਿਚ ਲਿਆ ਅਤੇ ਚਾਲਕ ਜੁਬੇਰ ਅਹਿਮਦ ਵਾਸੀ ਸ਼ੋਪੀਆਂ (ਜੰਮੂ ਕਸ਼ਮੀਰ ) ਖ਼?ਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਪਰਾਲੀ ਦੀ ਸੰਭਾਲ ਲਈ ਖੇਤੀ ਮਸ਼ੀਨਾਂ ਸਬਸਿਡੀ 'ਤੇ ਉਪਲਬਧ ਕਰਵਾਈਆਂ

**ਕੌਮੀ ਪਤ੍ਰਿਕਾ**

ਦੀਨਾਨਗਰ 24 ਅਕਤੂਬਰ। ਅੱਜ ਪਿੰਡ ਮਰਾੜਾ ਬਲਾਕ ਦੀਨਾਨਗਰ ਵਿਖੇ ਬਲਾਕ ਪੱਧਰੀ ਕੈਂਪ ਲਗਾਇਆ ਗਿਆ। ਖੇਤੀਬਾੜੀ ਵਿਸਥਾਰ ਅਫਸਰ ਸੁਦੇਸ ਕੁਮਾਰ (ਸਰਕਲ ਇੰਚਾਰਜ) ਵਲੋ ਕਰਵਾਏ ਕੈਂਪ ਵਿੱਚ ਉਪ ਮੰਡਲ ਮੈਜਿਸਟਰੇਟ ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਡਾਕਟਰ ਅਮਰੀਕ ਸਿੰਘ ਜੇ.ਡੀ.ਏ, ਡਾਕਟਰ ਸ਼ਹਿਬਾਜ਼ ਸਿੰਘ ਚੀਮਾ ਮੁੱਖ ਖੇਤੀਬਾੜੀ ਅਫਸਰ, ਡਾਕਟਰ ਬਲਜਿੰਦਰ ਸਿੰਘ ਬੈਂਸ ਡਾਕਟਰ ਜਰਮਨਜੀਤ ਸਿੰਘ ਅਤੇ ਡਾਕਟਰ ਦਿਲਰਾਜ ਸਿੰਘ , ਮੈਡਮ ਪਰਬਜੀਤ ਕੋਰ, ਮੈਡਮ ਗੁਰਪ੍ਰੀਤ ਕੋਰ (ਸਾਰੇ ਏ.ਡੀ.ਓ) ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਕੈਂਪ ਵਿੱਚ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਕਿਸਾਨ ਭਲਾਈ ਸਕੀਮਾਂ ਬਾਰੇ ਜਾਣੂ ਕਰਵਾਇਆ ਗਿਆ। ਇਸ ਕੈਂਪ ਵਿੱਚ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਹਾਜ਼ਰ ਕਿਸਾਨਾਂ ਨਾਲ ਗੱਲ ਕਰਦਿਆਂ ਐਸ.ਡੀ.ਐਮ ਜਸਪਿੰਦਰ ਸਿੰਘ ਭੁੱਲਰ ਨੇ ਕਿਹਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਜਿਲ੍ਹੇ ਭਰ ਅੰਦਰ ਪਰਾਲੀ ਨਾ ਸਾੜਨ ਦੀ ਮੁਹਿੰਮ ਵਿੱਢੀ ਗਈ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਸਾਡਾ ਵਾਤਾਵਰਨ ਬੁਰੀ ਤਰ੍ਹਾਂ ਦੂਸ਼ਿਤ ਹੁੰਦਾ ਹੈ ਅਤੇ ਇਸ ਨਾਲ ਬਿਮਾਰੀਆਂ ਵਧਦੀਆਂ ਹਨ, ਜਿਨ੍ਹਾਂ ਦਾ ਸਾਡੇ ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਇਸ ਸਬੰਧੀ ਸਖ਼ਤ ਆਦੇਸ਼ ਜਾਰੀ ਕੀਤੇ ਗਏ ਹਨ ਕਿ ਫ਼ਸਲੀ ਰਹਿੰਦ-ਖੂੰਹਦ ਨੂੰ ਲੱਗਦੀ ਅੱਗ ਨੂੰ ਰੋਕਿਆ ਜਾਵੇ। ਉਨ੍ਹਾਂ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਮਸ਼ੀਨਾਂ ਸਬਸਿਡੀ ਉੱਤੇ ਉਪਲਬਧ ਕਰਵਾਈਆਂ ਗਈਆਂ ਹਨ, ਜਿਨ੍ਹਾਂ ਦੀ ਮਦਦ ਨਾਲ ਅਸਾਨੀ ਨਾਲ ਫ਼ਸਲੀ ਰਹਿੰਦ-ਖੂੰਹਦ ਦਾ ਨਿਪਟਾਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਖੇਤ ਵਿਚ ਨਿਪਟਾਉਣ ਦੇ ਨਾਲ ਨਾਲ ਇਸ ਦੀਆਂ ਗੰਢਾ ਬਣਾ ਕੇ ਵਪਾਰਿਕ ਤਰੀਕੇ ਨਾਲ ਵੀ ਇਸ ਦੀ ਵਰਤੋ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਖੇਤਾਂ ਵਿਚ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨਾਲ ਕਿਸਾਨਾਂ ਨੂੰ ਆਰਥਿਕ ਨੁਕਸਾਨ ਵੀ ਝੱਲਣਾ ਪੈਂਦਾ ਹੈ। ਇਸ ਮੌਕੇ ਡਾ. ਅਮਰੀਕ ਸਿੰਘ ਜੇ.ਡੀ.ਏ ਨੇ ਕਿਸਾਨਾਂ ਨੂੰ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨਾਂ ਕਿਸਾਨਾਂ ਨੂੰ ਕਿਹਾ ਕਿ ਉਹ ਝੋਨੇ ਦੇ ਨਾੜ ਨੂੰ ਅੱਗ ਲਗਾਏ ਬਿਨਾਂ ਸੁਪਰ ਸੀਡਰ ਨਾਲ ਹੀ ਕਣਕ ਦੀ ਬਿਜਾਈ ਕਰਨ ਤਾਂ ਜੋ ਮਿੱਟੀ ਦੇ ਤੱਤ ਨਸ਼ਟ ਨਾ ਹੋ ਸਕਣ ਅਤੇ ਮਿੱਟੀ ਦੀ ਗੁਣਵੱਤਾ ਬਣੀ ਰਹੇ। ਇਸ ਕੈਂਪ ਵਿਚ ਸਮੂਹ ਪਿੰਡਾ ਦੇ ਸਰਪੰਚ, ਪੰਚ,ਨੰਬਰਦਾਰ ਅਤੇ ਅਗਾਹਵਧੂ ਕਿਸਾਨ ਸ਼ਾਮਲ ਹੋਏ।

## ਜਲੰਧਰ 'ਚ ਭਿਆਨਕ ਹਾਦਸਾ ! ਪਰਿਵਾਰ ਦੀਆਂ ਅੱਖਾਂ ਸਾਹਮਣੇ ਧੀ ਦੀ ਦਰਦਨਾਕ ਮੌਤ

ਮਹਿਤਪੁਰ 24 ਅਕਤੂਬਰ। ਮਹਿਤਪੁਰ-ਜਗਰਾਓਂ ਜੀ. ਟੀ. ਰੋਡ 'ਤੇ ਪਿੰਡ ਸੰਗੋਵਾਲ ਵਿਖੇ ਆਪਣੇ ਪਰਿਵਾਰ ਨਾਲ ਮਹਿਤਪੁਰ ਜਾਣ ਲਈ ਬੱਸ ਦੀ ਉਡੀਕ ਕਰਦੀ 16 ਸਾਲ ਦੀ ਕੁੜੀ ਨੂੰ ਓਵਰਲੋਡ ਟਰੱਕ ਨੇ ਟੱਕਰ ਮਾਰ ਦਿੱਤੀ, ਜਿਸ ਨਾਲ ਕੁੜੀ ਦੀ ਮੌਤ ਹੋ ਗਈ। ਮੌਕੇ 'ਤੇ ਮੌਜੂਦ ਲੋਕਾਂ ਅਨੁਸਾਰ ਮਹਿਤਪੁਰ ਵੱਲੋਂ ਇਕ ਓਵਰਲੋਡ ਟਰੱਕ ਨੰਬਰ ਪੀ. ਬੀ. 02 ਬੀ. ਵੀ. 8387 ਜਗਰਾਓਂ ਝੋਨਾ ਲੈਣ ਕੇ ਜਾ ਰਿਹਾ ਸੀ, ਰਸਤੇ ਵਿਚ ਪਿੰਡ ਸੰਗੋਵਾਲ ਵਿਖੇ ਆਪਣੇ ਪਰਿਵਾਰ ਨਾਲ ਰੋਮਨਪ੍ਰੀਤ ਕੌਰ (16) ਪੁੱਤਰੀ ਸੁਰਿੰਦਰ ਸਿੰਘ ਮਹਿਤਪੁਰ ਜਾਣ ਲਈ ਬੱਸ ਦੀ ਉਡੀਕ ਕਰ ਰਹੀ ਸੀ ਤਾਂ ਸੜਕ ਵਿਚ ਵੱਡੇ-ਵੱਡੇ ਖੱਡੇ ਪਏ ਹੋਣ ਕਾਰਨ ਖੱਡਿਆਂ ਤੋਂ ਬਚਾਉਣ ਦੇ ਚੱਕਰ ਵਿਚ ਟਰੱਕ ਬੇਕਾਬੂ ਹੋ ਗਿਆ ਅਤੇ ਪਰਿਵਾਰ ਨੂੰ ਟੱਕਰ ਮਾਰ ਦਿੱਤੀ। ਬਾਕੀ ਪਰਿਵਾਰ ਦੇ ਮੈਂਬਰ ਸਾਈਡ 'ਤੇ ਡਿੱਗ ਗਏ ਅਤੇ ਕੁੜੀ ਗੰਭੀਰ ਜ਼ਖ਼ਮੀ ਹੋ ਗਈ, ਜਿਸ ਤੋਂ ਬਾਅਦ ਉਸ ਦੀ ਮੌਕੇ 'ਤੇ ਮੌਤ ਹੋ ਗਈ। ਲੋਕਾਂ ਅਨੁਸਾਰ ਟਰੱਕ ਡਰਾਈਵਰ ਰਾਮ ਸਿੰਘ ਪੁੱਤਰ ਭਗਤ ਸਿੰਘ ਵਾਸੀ ਖੁਖਰੈਣ ਪੁਲਸ ਕੋਤਵਾਲੀ ਕਪੂਰਥਲਾ ਉਮਰ ਸਾਲ ਨੇ ਸ਼ਰਾਬ ਪੀਤੀ ਹੋਈ ਸੀ ਪਰ ਜਾਂਚ ਕਰ ਰਹੇ ਸਬ ਇੰਸਪੈਕਟਰ ਕਸ਼ਮੀਰ ਸਿੰਘ ਅਨੁਸਾਰ ਡਰਾਈਵਰ ਦਾ ਮੈਡੀਕਲ ਕਰਵਾਇਆ ਗਿਆ ਹੈ, ਉਸ ਵਿਚ ਸ਼ਰਾਬ ਪੀਣ ਦੀ ਪੁਸ਼ਟੀ ਨਹੀਂ ਹੋਈ ਬਾਕੀ ਪੁਲਸ ਜਾਂਚ ਕਰ ਰਹੀ ਹੈ।

## 'ਖੇਤੀ ਯੋਜਨਾ ਦਾ ਪੈਸਾ ਮੰਗਣੀ ਅਤੇ ਵਿਆਹਾਂ 'ਤੇ ਖਰਚ ਕਰਦੇ ਹਨ ਕਿਸਾਨ'

ਮੁੰਬਈ 8 ਅਪ੍ਰੈਲ। ਮਹਾਰਾਸ਼ਟਰ ਦੇ ਖੇਤੀਬਾੜੀ ਮੰਤਰੀ ਮਾਨਿਕਰਾਓ ਕੋਕਾਟੇ ਨੇ ਦਾਅਵਾ ਕੀਤਾ ਹੈ ਕਿ ਕਿਸਾਨ ਖੇਤੀਬਾੜੀ ਯੋਜਨਾਵਾਂ ਤੋਂ ਪ੍ਰਾਪਤ ਪੈਸੇ ਨੂੰ ਲੋੜੀਂਦੇ ਉਦੇਸ਼ਾਂ 'ਤੇ ਖਰਚ ਨਹੀਂ ਕਰਦੇ, ਸਗੋਂ ਇਸਦੀ ਵਰਤੋਂ ਮੰਗਣੀ ਸਮਾਰੋਹਾਂ ਅਤੇ ਵਿਆਹਾਂ ਲਈ ਕਰਦੇ ਹਨ। ਕੋਕਾਟੇ ਨੇ ਇਹ ਬਿਆਨ ਨਾਸਿਕ ਜ਼ਿਲ੍ਹੇ ਵਿਚ ਹਾਲ ਹੀ ਵਿਚ ਪਏ ਬੇਮੌਸਮੇ ਮੀਂਹ ਅਤੇ ਗੜੇਮਾਰੀ ਨਾਲ ਪ੍ਰਭਾਵਿਤ ਕੁਝ ਪਿੰਡਾਂ ਦੇ ਦੌਰੇ ਦੌਰਾਨ ਦਿੱਤਾ। ਮੰਤਰੀ ਨੇ ਇਹ ਟਿੱਪਣੀ ਉਦੋਂ ਕੀਤੀ ਜਦੋਂ ਇਕ ਕਿਸਾਨ ਨੇ ਪੁੱਛਿਆ ਕਿ ਕੀ ਨਿਯਮਿਤ ਤੌਰ 'ਤੇ ਆਪਣਾ ਕਰਜ਼ਾ ਮੋੜਨ ਵਾਲੇ ਕਿਸਾਨਾਂ ਨੂੰ ਕਰਜ਼ਾ ਮੁਆਫ਼ੀ ਮਿਲ ਸਕਦੀ ਹੈ। ਉਨ੍ਹਾਂ ਨੇ ਸਵਾਲ ਕੀਤਾ 'ਕਰਜ਼ਾ ਮੁਆਫ਼ੀ ਤੋਂ ਬਾਅਦ ਤੁਸੀਂ ਪੈਸੇ ਦਾ ਕੀ ਕਰਦੇ ਹੋ? ਕੀ ਤੁਸੀਂ ਇਸ ਨੂੰ ਖੇਤੀਬਾੜੀ ਵਿਚ ਨਿਵੇਸ਼ ਕਰਦੇ ਹੋ?' ਕੋਕਾਟੇ ਨੇ ਦਾਅਵਾ ਕੀਤਾ ਕਿਸਾਨ ਕਹਿੰਦੇ ਹਨ ਕਿ



ਉਹ ਫਸਲ ਬੀਮੇ ਦੇ ਪੈਸੇ ਚਾਹੁੰਦੇ ਹਨ ਪਰ ਇਸਨੂੰ ਮੰਗਣੀ ਸਮਾਰੋਹਾਂ ਅਤੇ ਵਿਆਹਾਂ 'ਤੇ ਵਰਤਦੇ ਹਨ। ਕਿਸਾਨ 5-10 ਸਾਲ ਉਡੀਕ ਕਰਦੇ ਹਨ, ਅਤੇ ਕਰਜ਼ਾ ਨਹੀਂ ਮੋੜਦੇ। ਸਰਕਾਰ ਤੁਹਾਨੂੰ ਖੇਤੀਬਾੜੀ ਵਿੱਚ ਨਿਵੇਸ਼ ਕਰਨ ਲਈ ਪੈਸੇ ਦੇਵੇਗੀ। ਇਹ ਪੈਸਾ ਪਾਣੀ ਦੀਆਂ ਪਾਈਪਲਾਈਨਾਂ, ਸਿੰਚਾਈ ਅਤੇ ਖੇਤ ਤਲਾਬਾਂ ਲਈ ਹੈ। ਸਰਕਾਰ ਪੂੰਜੀ ਨਿਵੇਸ਼ ਕਰਦੀ ਹੈ। ਕੋਕਾਟੇ ਉਪ-ਮੁੱਖ ਮੰਤਰੀ ਅਜੀਤ ਪਵਾਰ ਦੀ ਅਗਵਾਈ ਵਾਲੀ ਰਾਸ਼ਟਰਵਾਦੀ ਕਾਂਗਰਸ ਪਾਰਟੀ (ਰਾਕਾਂਪਾ) ਦੇ ਮੈਂਬਰ ਹਨ। ਉਹ ਨਾਸਿਕ ਜ਼ਿਲ੍ਹੇ ਦੇ ਸਿੰਨਰ ਚੋਣ ਹਲਕੇ ਦੀ ਨੁਮਾਇੰਦਗੀ ਕਰਦੇ ਹਨ, ਜਿੱਥੇ ਹਾਲ ਹੀ ਵਿਚ ਬੇਮੌਸਮੇ ਮੀਂਹਅਤੇ ਗੜੇਮਾਰੀ ਕਾਰਨ ਪਿਆਜ਼ ਅਤੇ ਅੰਗੂਰ ਵਰਗੀਆਂ ਫਸਲਾਂ ਪ੍ਰਭਾਵਿਤ ਹੋਈਆਂ ਸਨ।

# ਸਿਹਤ ਵਿਭਾਗ ਵੱਲੋਂ ਗੈਰ-ਕਾਨੂਨੀ ਗੋਦਾਮ ਦਾ ਪਰਦਾਫਾਸ਼

**ਏਜੰਸੀਆਂ**

ਅੰਮ੍ਰਿਤਸਰ 8 ਅਪ੍ਰੈਲ। ਸਿਹਤ ਵਿਭਾਗ ਦੇ ਡਰੱਗ ਵਿੰਗ ਵੱਲੋਂ ਪੰਜਾਬ ਸਰਕਾਰ ਵੱਲੋਂ ਚਲਾਈ ਨਸ਼ਿਆਂ ਵਿਰੁੱਧ ਮੁਹਿੰਮ 'ਚ ਸੂਬੇ ਭਰ ਦੀ ਸਭ ਤੋਂ ਵੱਡੀ ਨਸ਼ਿਆਂ ਦੀ ਖੇਪ ਫੜੀ ਹੈ। ਅੰਮ੍ਰਿਤਸਰ ਦੇ ਹੋਲਸੇਲ ਮਾਰਕੀਟ 'ਚ ਗੈਰ-ਕਾਨੂੰਨੀ ਢੰਗ ਨਾਲ ਚੱਲ ਰਹੇ ਗੋਦਾਮ 'ਚ ਛਾਪੇਮਾਰੀ ਕਰ ਕੇ ਪ੍ਰੀਗਾਬਾਲਿਨ ਅਤੇ ਲੱਗਭਗ 70 ਲੱਖ ਦੀਆਂ ਹੋਰ ਦਵਾਈਆਂ ਜ਼ਬਤ ਕੀਤੀਆਂ। ਵਿਭਾਗ ਵੱਲੋਂ ਸਬੰਧਤ ਦਵਾਈ ਮਾਲਕ ਖਿਲਾਫ ਕਾਰਵਾਈ ਲਈ ਅਗਲੇਰੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ। ਜ਼ੋਨਲ ਲਾਇਸੈਂਸ ਅਥਾਰਟੀ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਪੂਰੀ ਮੁਸਤੈਦੀ ਨਾਲ ਕੰਮ ਕਰ ਰਿਹਾ ਹੈ। ਵਿਭਾਗ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਦਵਾਈਆਂ ਅਤੇ ਨਸ਼ਾ ਵੇਚਣ ਵਾਲਿਆਂ ਖਿਲਾਫ ਲਗਾਤਾਰ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਦਵਾਈਆਂ ਦੀ ਹੋਲਸੇਲ ਮਾਰਕੀਟ ਕਟੜਾ ਸ਼ੇਰ ਸਿੰਘ 'ਚ ਅਚਨਚੇਤ ਚੈਕਿੰਗ ਕੀਤੀ ਗਈ। ਇਸ ਦੌਰਾਨ ਡਰੱਗ ਕੰਟਰੋਲ ਅਧਿਕਾਰੀ ਮੈਡਮ ਬਬਲੀਨ ਕੌਰ ਵੀ ਮੌਜੂਦ ਸਨ। ਚੈਕਿੰਗ ਦੌਰਾਨ ਗਣੇਸ਼ ਫਾਰਮਾ ਦੇ ਅਮਿਤ ਕੁਮਾਰ ਪ੍ਰੋਪ ਦੇ ਸ਼ੰਕਰ ਮਾਰਕੀਟ ਅੰਮ੍ਰਿਤਸਰ ਦੀ ਚੌਥੀ ਮੰਜ਼ਿਲ ਸਥਿਤ ਗੈਰ-ਲਾਇਸੈਂਸੀ ਗੋਦਾਮ ਦਾ ਨਿਰੀਖਣ ਕੀਤਾ ਅਤੇ ਪ੍ਰੀਗਾਬਾਲਿਨ ਅਤੇ ਲੱਗਭਗ 70 ਲੱਖ (16 ਕਿਸਮਾਂ) ਦੀਆਂ ਹੋਰ ਦਵਾਈਆਂ ਜ਼ਬਤ ਕੀਤੀਆਂ ਕਿਉਂਕਿ ਇੰਚਾਰਜ ਰਿਕਵਰੀ ਵਾਲੀ ਥਾਂ 'ਤੇ ਖਰੀਦ ਰਿਕਾਰਡ ਅਤੇ ਲਾਇਸੈਂਸ ਪੇਸ਼ ਕਰਨ 'ਚ ਅਸਫਲ ਰਿਹਾ। ਨਾਲ ਹੀ ਟੈਸਟ ਅਤੇ ਵਿਸ਼ਲੇਸ਼ਣ ਲਈ 6 ਨਮੂਨੇ ਲਏ ਗਏ। ਜ਼ੋਨਲ ਲਾਇਸੈਂਸ ਅਥਾਰਟੀ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਡਰੱਗ ਐਂਡ ਕੋਸਟਮੈਟਿਕ ਐਕਟ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਵਾਉਣ ਲਈ ਸਰਗਰਮੀ ਨਾਲ ਭੂਮਿਕਾ ਨਿਭਾਈ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਚਲਾਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ 'ਚ ਡਰੱਗ ਵਿੰਗ ਲਗਾਤਾਰ ਨਸ਼ੇ ਦੇ ਸੌਦਾਗਰਾਂ ਖਿਲਾਫ ਕਾਰਵਾਈ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲੇ 'ਚ ਹੁਣ ਤੱਕ ਮੁਹਿੰਮ ਤਹਿਤ ਕਈ ਦੁਕਾਨਾਂ ਨੂੰ ਜਿੱਥੇ ਸੀਲ ਕੀਤਾ ਗਿਆ ਹੈ, ਉਥੇ ਇੱਕ ਦਰਜਨ ਦੇ ਕਰੀਬ ਲਾਇਸੈਂਸ ਮੁਅੱਤਲ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ 'ਚ ਪੰਜਾਬ ਦੀ ਸਭ ਤੋਂ ਵੱਡੀ ਰਿਕਵਰੀ ਡਰੱਗ ਵਿੰਗ ਅੰਮ੍ਰਿਤਸਰ ਵੱਲੋਂ ਕੀਤੀ ਗਈ ਹੈ। ਜ਼ੋਨਲ ਲਾਇਸੈਂਸ ਅਥਾਰਟੀ ਕੁਲਵਿੰਦਰ ਸਿੰਘ ਦੀ ਅਗਵਾਈ 'ਚ ਲਗਾਤਾਰ ਡਰੱਗ ਟੀਮਾਂ ਦਿਨ-ਰਾਤ ਮੈਡੀਕਲ ਸਟੋਰਾਂ ਦੀ ਚੈਕਿੰਗ ਕਰ ਰਹੀਆਂ ਹਨ। ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਅਸ਼ੋਕ ਗੋਇਲ ਨੇ ਵਿਭਾਗ ਵੱਲੋਂ ਕੀਤੀ ਕਾਰਵਾਈ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਹਮੇਸ਼ਾ ਨਸ਼ਿਆਂ ਖਿਲਾਫ ਰਹੀ ਹੈ ਅਤੇ ਨਸ਼ੇ ਦੇ ਸੌਦਾਗਰਾਂ 'ਤੇ ਕਾਰਵਾਈ ਕਰਨ ਲਈ ਵਿਭਾਗ ਦਾ ਸਾਥ ਦਿੰਦੀ ਰਹੀ ਹੈ। ਸਰਕਾਰ ਵੱਲੋਂ ਹਮੇਸ਼ਾ ਨਸ਼ੇ ਖਿਲਾਫ ਚਲਾਈ ਮੁਹਿੰਮ 'ਚ ਐਸੋਸੀਏਸ਼ਨ ਨੇ ਵਧ-ਚੜ੍ਹ ਕੇ ਹਿੱਸਾ



ਪਾਇਆ ਹੈ। ਉਨ੍ਹਾਂ ਕਿਹਾ ਕਿ ਜੋ ਨਸ਼ੇ ਦਾ ਵਪਾਰ ਮੈਡੀਕਲ ਸਟੋਰ ਦੀ ਆੜ 'ਚ ਕਰਦਾ ਹੈ, ਉਸ ਦਾ ਐਸੋਸੀਏਸ਼ਨ ਸਮਰਥਨ ਨਹੀਂ ਕਰਦੀ। ਐਸੋਸੀਏਸ਼ਨ ਦਾ ਉਸ ਨਾਲ ਕੋਈ ਵੀ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਨਸ਼ੇ ਦੇ ਸੌਦਾਗਰਾਂ ਦੀ ਮਦਦ ਕਰਨ ਵਾਲੀਆਂ ਕਾਲੀਆਂ ਭੇਡਾਂ 'ਤੇ ਵੀ ਕਾਰਵਾਈ ਕਰਨੀ ਚਾਹੀਦੀ ਹੈ। ਸਿਹਤ ਵਿਭਾਗ ਦਾ ਡਰੱਗ ਵਿੰਗ ਨਿਯਮਾਂ ਤੋਂ ਉਲਟ ਕੰਮ ਕਰਨ ਵਾਲੇ ਮੈਡੀਕਲ ਸਟੋਰਾਂ 'ਤੇ ਲਗਾਤਾਰ ਕਾਰਵਾਈ ਕਰ ਰਿਹਾ ਹੈ। ਵਿਭਾਗ ਵੱਲੋਂ ਹੁਣ ਡਰੱਗ ਐਂਡ ਕਾਸਟਮੈਟਿਕ ਐਕਟ ਤਹਿਤ ਇਕ ਵਾਰ ਫਿਰ ਮੈਡੀਕਲ ਸਟੋਰਾਂ ਨੂੰ ਨਿਯਮਾਂ ਦਾ ਪਾਠ ਪੜ੍ਹਾਉਣ ਲਈ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਵਿਭਾਗ ਦੀ ਇਸ ਐਡਵਾਈਜ਼ਰੀ 'ਤੇ ਜ਼ਿਲਾ ਪ੍ਰਸ਼ਾਸਨ ਨੇ ਮੋਹਰ ਲਾਉਂਦਿਆਂ ਮੈਡੀਕਲ ਸਟੋਰਾਂ ਦੀ ਅਚਨਚੇਤ ਚੈਕਿੰਗ ਕਰਨ ਦੇ ਹੁਕਮ ਜਾਰੀ ਕੀਤੇ ਹਨ। ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਦੇ ਹੁਕਮਾਂ ਤਹਿਤ ਜ਼ਿਲੇ ਦੇ 4000 ਤੋਂ ਵਧੇਰੇ ਮੈਡੀਕਲ ਸਟੋਰਾਂ ਦੀ ਚੈਕਿੰਗ ਲਈ ਜਿੱਥੇ ਸਿਹਤ ਵਿਭਾਗ ਵੱਲੋਂ 30 ਤੋਂ ਵਧੇਰੇ ਟੀਮਾਂ ਦਾ ਵੱਖਰੇ ਤੌਰ 'ਤੇ ਗਠਨ ਕੀਤਾ ਗਿਆ ਹੈ, ਉਥੇ ਹੀ ਡਰੱਗ ਵਿਭਾਗ ਵੱਲੋਂ ਲਗਾਤਾਰ ਟੀਮਾਂ ਦਾ ਗਠਨ ਕਰ ਕੇ ਚੈਕਿੰਗ ਕੀਤੀ ਜਾ ਰਹੀ ਹੈ। ਡਰੱਗ ਕੰਟਰੋਲ ਅਧਿਕਾਰੀ ਸੁਖਦੀਪ ਸਿੰਘ ਨੇ ਦੱਸਿਆ ਕਿ ਜ਼ਿਲੇ ਦੇ ਮੈਡੀਕਲ ਸਟੋਰਾਂ ਨੂੰ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ, ਜਿਸ ਤਹਿਤ ਲਾਇਸੈਂਸ ਪ੍ਰਮੁੱਖ ਸਥਾਨ 'ਤੇ ਪ੍ਰਦਰਸ਼ਿਤ ਕੀਤੇ ਜਾਣੇ ਚਾਹੀਦੇ ਹਨ। ਮੈਡੀਕਲ ਸਟੋਰਾਂ 'ਤੇ ਫਾਰਮਾਸਿਸਟ ਮੌਜੂਦ ਹੋਣਾ ਚਾਹੀਦਾ ਹੈ, ਸ਼ਡਿਊਲ ਐੱਚ ਅਤੇ ਐੱਚ-1 ਦਵਾਈਆਂ ਦੀ ਸਾਰੀ ਵਿਕਰੀ ਫਾਰਮਾਸਿਸਟ ਦੀ ਮੌਜੂਦਗੀ 'ਚ ਜਾਂ ਉਸ ਦੀ ਨਿੱਜੀ ਨਿਗਰਾਨੀ 'ਚ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਦੁਕਾਨ 'ਚ ਸਟਾਕ ਕੀਤੀਆਂ ਸਾਰੀਆਂ ਦਵਾਈਆਂ ਦੇ ਖਰੀਦ ਬਿੱਲ ਫਾਈਲ 'ਚ ਤਰਜੀਹੀ ਤੌਰ 'ਤੇ ਲੜੀਵਾਰ ਰੱਖੇ ਜਾਣੇ ਚਾਹੀਦੇ ਹਨ। ਵਿਕਰੀ ਰਿਕਾਰਡ ਨੂੰ ਸਾਰੀਆਂ ਦਵਾਈਆਂ ਨਾਲ ਸਬੰਧਤ ਹਰ ਵਿਕਰੀ ਦੇ ਨਾਲ ਰੱਖਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪ੍ਰੀਗਾਬਾਲਿਨ 75 ਮਿਲੀਗ੍ਰਾਮ ਜਾਂ ਸੰਜੋਗਾਂ ਦੀ ਵਿਕਰੀ/ਖਰੀਦ ਦੇ ਮਾਮਲੇ 'ਚ ਯੋਗ ਜ਼ਿਲਾ ਮੈਜਿਸਟ?ਰੇਟ ਅੰਮ੍ਰਿਤਸਰ ਵੱਲੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ। ਕੈਮਿਸਟਾਂ ਦੀਆਂ ਦੁਕਾਨਾਂ 'ਚ ਸੀ. ਸੀ. ਟੀ. ਵੀ ਲਾਏ ਜਾਣ। ਸਿਵਲ ਸਰਜਨ ਡਾ. ਕਿਰਨਦੀਪ ਕੌਰ ਨੇ ਦੱਸਿਆ ਕਿ ਸਿਹਤ ਵਿਭਾਗ ਅਤੇ ਡਰੱਗ ਵਿੰਗ ਵੱਲੋਂ ਹੁਣ ਤੱਕ 500 ਤੋਂ ਵਧੇਰੇ ਮੈਡੀਕਲ ਸਟੋਰਾਂ ਦੀ ਚੈਕਿੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅੱਧੀ ਦਰਜਨ ਦੇ ਕਰੀਬ ਜਿੱਥੇ ਮੈਡੀਕਲ ਸਟੋਰ ਨਿਯਮਾਂ ਤੋਂ ਵਿਰੁੱਧ ਕੰਮ ਕਰਦੇ ਹੋਏ ਪਾਏ ਜਾਣ 'ਤੇ ਸੀਲ ਕੀਤੇ ਗਏ ਹਨ, ਉਥੇ ਹੀ ਇਕ ਲਾਇਸੈਂਸ ਪੱਕੇ ਤੌਰ 'ਤੇ ਰੱਦ ਅਤੇ 10 ਲਾਇਸੈਂਸ ਮੁਅੱਤਲ ਕੀਤੇ ਗਏ ਹਨ।